भारत सरकार
GOVERNMENT OF INDIA
राष्ट्रीय पुस्तकालय, कलकत्ता
NATIONAL LIBRARY, CALCUTTA

वर्ग संख्या P
Class No. 915·4
पुस्तक संख्या
Book No. Bu 996.
रा० पु० ३८
N. L. 38.
MGIPC—S4—13 LNL/64—30-12-64—50,000.

GOVERNMENT OF INDIA

NATIONAL LIBRARY

CALCUTTA. RARE BOOK

This book was taken from the Library on the date last stamped. A late fee of 6 nP. will be charged for each day the book is kept beyond a month.

N. L. 44.

MGIPC—S1—37 LNL/60—12-1-62—50,000.

# GEOGRAPHICAL DESCRIPTION

OF THE

# PANJAB,

IN

PANJABI.

---

TRANSLATED FROM THE PERSIAN OF BU'ṬE SHA'H

BY MUNSHI' BAHLOL.

---

**LODIANA:**

PRINTED AT THE AMERICAN PRESBYTERIAN MISSION PRESS:—

THE REV. J. PORTER SUPERINTENDENT.

.........

1850.

National Library Calcutta
Rare Book Division.
RARE BOOK COLLECTION

P
915.4
B 996

PUBLICK LIBRARY · CALCUTTA

National Library Calcutta.
Rare Book Division.

RARE BOOK COLLECTION

XII L 28

# PREFACE.

The Geographical Description of the Panjáb, which follows, is taken from a Persian History of that country, written by the late Búṭo Sháh of Lodiána. This work was undertaken many years ago, at the suggestion of the Political Agent at that place, and carried on under his patronage. The part, now given to the Public, was translated into Panjábí by Munshí Bahlol, a native of the Panjáb, but latterly a resident at Lodiána.

The book is published, chiefly, to facilitate the studies of those who are desirous of becoming acquainted with the Panjábí dialect; and the style being peculiarly chaste, it may be safely recommended for this purpose. No other book is known to exhibit, so accurately, the current language of the country, as spoken by the best classes in society; that is, when they avoid the use of foreign terms. Pure Panjábí, however, is rarely to be met with, either in books, or in the colloquial usages of the people; there being a predominant disposition, especially in cities, to make use of as much Urdú as happens to be known.

The orthography of Panjábí books is greatly diversified;—a thing which results from the uncultivated state of the language. The Translator of this work has conformed the spelling of words, as nearly as possible, to what he considered the most correct pronunciation.

While the Lodiána Mission deem it expedient to bring this work before the Public, they are not willing to vouch for the truth of all its statements. The author professed, indeed, to have spared no pains, and to have spent a large sum of money, in procuring information from all parts of the country concerning which he wrote; and so it may be presumed, that his statements are, in the main, to be relied

on. Still, in some things he has erred. His partiality for his own country, his comparative ignorance of the rest of the world, and the power of an oriental imagination, have sometimes led him to exaggerate both his estimates and his facts. The book is also interspersed with fables. Such traces of superstition, though a blemish, are not to be wondered at, as the author had not the advantages of a Christian education.

The author describes things in the present tense. To avoid misapprehension, therefore, it must be borne in mind, that several years have elapsed since the work was written, while the changes, which have taken place in the interim, have been considerable.

It may be thought by some, that Editorial Notes should have been given, to correct such statements as did not tally with the strictest truth, and with the present state of things. This, doubtless, would have been a good service rendered to the Public; but the information of the Editors did not enable them to decide, in all cases, what was true, and what not. Under these circumstances, it was deemed best not to attempt the work of correction; and this the rather, because the design of the publication was not so much to teach the geography of the Panjáb, as to aid Europeans in studying its language.

The names, given to the different *Duábás,* are taken from the Regulations of the old Muhammadan kings, and are not generally known to the Panjábís of the present day. The term *Duábá* is now applied distinctively and almost exclusively to the country lying between the Satluj and the Biáh.

Although the insertion of a map of the Panjáb was no part of the original plan of this work, the advantages of it are so obvious, that it has been thought best to embrace the opportunity of purchasing a supply from the Lahaur Chronicle Press, where an edition has just been lithographed. This map having been drafted with no reference to the book which it now accompanies, it will not be surprising, if occasional discrepancies are discovered; yet their general agreement will justify their being bound together.

The scheme of Romanizing proper names, is substantially that of Sir W. Jones, being the one now most approved by oriental scholars; because the most philosophical, the most accurate, and the most simple.

# ਭੂਮਕਾ

ਪੰਜਾਬ ਦੇਸ ਦੀ ਭੂੰਬਿਦਿਆ ਦਾ ਬਖਾਨ, ਜੋ ਅੱਗੇ ਆਉਂਦਾ ਹੈ, ਉਸੇ ਦੇਸ ਦੀ ਇਕ ਪਾਰਸੀ ਤਬਾਰੀਖ ਵਿਚੋਂ, ਜੋ ਬੂਟੇ ਸਾਹ ਲੁਦੇਹਾਲੇਵਾਲੇ ਦੀ ਜੋੜੀ ਹੋਈ ਹੈ, ਕਢਕੇ ਲਿਖਿਆ ਗਿਆ ਹੈ। ਬਹੁਤ ਬਰਸਾਂ ਹੋਈਆਂ, ਜੋ ਇਹ ਗਰੰਥ ਉਸ ਜਾਗਾ ਦੇ ਪੁਲੀਟਿਕਲ ਏਜਿੰਟ ਸਾਹਬ ਦੀ ਮਰਜੀ ਅਨੁਸਾਰ ਸੁਰੂ ਕੀਤਾ ਗਿਆ ਸੀ, ਅਤੇ ਉਸੇ ਸਾਹਬ ਦੀ ਪਿਰਤਪਾਲਾ ਨਾਲ ਸੰਪੂਰਨ ਹੋਇਆ। ਅਤੇ ਇਹ ਭਾਗ, ਜੋ ਹੁਣ ਸਾਰੀ ਲੁਕਾਈ ਵਿਚ ਉਘਾ ਕੀਤਾ ਗਿਆ ਹੈ, ਸੋ ਮੁਨਸੀ ਬਹਿਲੋਲ ਪੰਜਾਬੀ ਦਾ, ਜੋ ਕਈਆਂ ਬਰਸਾਂ ਤੇ ਲੁਦੇਹਾਲੇ ਵਿਚ ਰਹਿੰਦਾ ਹੈ, ਪੰਜਾਬੀ ਅੱਖਰਾਂ ਅਰ ਬੋਲੀ ਵਿਚ ਤਰਜਮਾ ਕੀਤਾ ਹੋਇਆ ਹੈ॥

ਹੁਣ ਇਹ ਗਰੰਥ ਲੁਦੇਹਾਲੇ ਦੇ ਮਿਸਨ ਨੈ, ਭਾਵੇਂ ਛਾਪਕੇ ਉਘਾ ਕੀਤਾ, ਪਰ ਓਹ ਲੋਕ ਇਸ ਗੱਲ ਦੀ ਸਚਿਆਈ ਲਈ, ਕਿ ਜੋ ਕੁਛ ਇਸ ਵਿਚ ਲਿਖਿਆ ਹੈ, ਸੋ ਸਭ ਸਤ ਹੈ, ਸਾਖੀ ਨਹੀਂ ਦੇ ਸਕਦੇ; ਪਰ ਜਾਂ ਇਸ ਦੇ ਜੋੜਨਵਾਲੇ ਨੈ ਆਪ ਕਿਹਾ ਹੈ, ਜੋ ਮੈਂ ਇਸ ਲਿਖਤ ਦੀ ਸਾਰੇ ਪੰਜਾਬ ਦੇਸ ਤੇ ਠੀਕ ਠੀਕ ਸਮਾਚਾਰ ਪਰਾਪਤ ਕਰਨ ਵਿਖੇ ਬਹੁਤ ਮਿਹਨਤ ਕੀਤੀ ਹੈ, ਤਾਂ ਇਹ ਗੱਲ ਸਮਝੀ ਚਾਹਜੇ, ਕਿ ਉਸ ਦੀ ਵਿਖਿਆ ਅਖਸਰ ਮੰਨਣ ਜੋਗ ਹੋਵੇਗੀ; ਤਿਸ ਪੁਰ ਬੀ ਉਹ ਕਈ ਜਾਗਾ ਭੁਲ ਗਿਆ ਹੈ; ਪਰ ਜੇ ਉਹ ਹੋਰਨਾਂ ਦੇਸਾਂ ਦੇ ਪਰਭਾਉ ਤੇ ਅੱਛੀ ਤਰਾਂ ਮਹਿਰਮ ਹੁੰਦਾ, ਤਾਂ ਉਹ ਇਸ ਦੇਸ ਵਿਖੇ, ਕਿ ਜਿਸ ਦਾ ਬਿਆਨ ਕਰਦਾ ਹੈ, ਹੋਰ ਤਰਾਂ ਨਾਲ ਲਿਖਦਾ। ਅਤੇ ਓਨ ਇਸ ਪੋਥੀ ਵਿਚ ਪੰਜਾਬ ਦੇਸ ਵਿਖੇ ਬਾਜੀਆਂ ਕਹਾਨੀਆਂ ਅਰ ਗੱਪਾਂ ਅਜਿਹੀਆਂ ਬੇਠਿਕਾਣੇ ਲਿਖੀਆਂ ਹਨ, ਜੋ ਚਾਰੇ ਬੰਨੇ ਕੂੜੀਆਂ ਨਜ਼ਰੀ ਆਉਂਦੀਆਂ ਹਨ, ਬਲਕ ਲੋਕਾਂ ਦੇ ਬਹਿਕਾਉਣ ਅਰ ਭਟਕਾਉਣ ਦਾ ਕਾਰਨ ਹੁੰਦੀਆਂ ਹਨ; ਅਰਥਾਤ ਸਾਧਾਂ, ਸੰਤਾਂ, ਦੇਵੀਆਂ ਅਤੇ ਉਲਿਆਵਾਂ ਦੀਆਂ ਕਰਾਮਾਤਾਂ. ਅਰ ਹੋਰ ਕਈ ਇਸੀ ਪਰਕਾਰ ਦੀਆਂ ਗੱਲਾਂ ਵਿਖੇ, ਜੋ ਲਿਖਿਆ ਹੈ, ਸੋ ਹਰੇਕ ਬੁਧਮਾਨ ਮਨੁਖ ਨੂੰ ਕੂੜ ਅਤੇ ਪੋਚ ਨਜਰੀ ਪੈਂਦਾ

ਹੈ। ਉਪਰੰਦ ਜੇ ਕੋਈ ਪੁਛੇ, ਕਿ ਜੇ ਤੁਸੀਂ ਇਸ ਗਰੰਥ ਦੇ ਲਿਖੇ ਨੂੰ ਕੂੜ ਅਰ ਗੱਪਾਂ ਸਮਝਦੇ ਸੇ, ਤਾਂ ਇਸ ਦੇ ਛਾਪਣੇ ਵਿਚ ਕਾਸ ਨੂੰ ਐਡੀ ਮਿਹਨਤ ਉਠਾਈ, ਉਸ ਦਾ ਉੱਤਰ ਇਹ ਹੈ, ਜੋ ਪਿਰਥਮੇ ਇਹ ਪੋਥੀ ਨਿਜ ਕਰਕੇ ਉਨਾਂ ਸਾਹਬ ਲੋਕਾਂ ਦੀ ਖਾਤਰ, ਜਿਨ੍ਹਾਂ ਨੂੰ ਪੰਜਾਬੀ ਬੋਲੀ ਸਿਖਣ ਦਾ ਚਾਉ ਹੋਵੇ, ਨਿਤ ਦੀ ਬੋਲ ਚਾਲ ਅਨੁਸਾਰ ਗੁਰਮੁਖੀ ਅਖਰਾਂ ਵਿਚ ਛਾਪੀ ਗਈ ਹੈ; ਦੂਜਾ ਇਹ, ਕਿ ਇਸ ਦੇ ਪੜ੍ਹਨਵਾਲਿਆਂ ਨੂੰ ਪੰਜਾਬ ਦੇਸ ਦੇ ਦਰਿਆ-ਵਾਂ, ਨਦੀਆਂ ਨਾਲਿਆਂ, ਨਗਰਾਂ ਅਤੇ ਪਿੰਡਾਂ ਦੀ ਵਿਥਿਆ ਤੇ ਅਖਸਰ ਸੁਧ ਆ ਜਾਵੇਗੀ। ਹੋਰ ਬੱਸ॥

ਇਕ ਥੁਹੁੜੀ ਜਿਹੀ ਗੱਲ ਸਾਲ ਸੰਮਤ ਦੀ ਬਾਬਤ। ਇਸ ਗਰੰਥ ਦੇ ਬਣਾਉਣਵਾਲੇ ਨੇ ਉਨਾਂ ਚੀਜਾਂ ਦਾ, ਜੋ ਉਸ ਦੇ ਲਿਖਣ ਸਮੇ ਹੋਈਆਂ ਸਨ, ਬਰਤਮਾਨ ਸਮੇ ਵਿਚ ਬਖਾਨ ਕੀਤਾ ਹੈ। ਸੋ ਇਨ੍ਹਾਂ ਗੱਲਾਂ ਵਿਖੇ ਭੁਲ ਚੁਕ ਤੇ ਬਚਣ ਲਈ ਪੜ੍ਹਨਵਾਲੇ ਨੂੰ ਆਪਣੇ ਮਨ ਵਿਚ ਚੇਤੇ ਰਖਿ-ਆ ਚਾਹਜੇ, ਜੋ ਇਸ ਗਰੰਥ ਲਿਖੇ ਨੂੰ ਕਈ ਬਰਸਾਂ ਹੋ ਚੁਕੀਆਂ ਹਨ, ਤਦ ਤੇ ਲੈਕੇ ਇਸ ਸਮੇ ਤੀਕੁਰ ਜੋ ਜੋ ਬਦਲੀਆਂ ਸਦਲੀਆਂ ਹੋਈਆਂ ਹਨ, ਸੋ ਥੁਹੁੜੀਆਂ ਨਹੀਂ॥

CONTENTS.


| | | Page. | |
|---|---|---|---|
| Name and Boundaries ... | ਨਾਉਂ ਅਤੇ ਬੰਨੇ ... ... | 1 | ੧ |
| Rivers. | ਨਦੀਆਂ | | |
| The Satluj ... ... ... | ਸਤਲੁਜ ... ... ... | 2 | ੨ |
| „ Biáh ... ... ... | ਬਿਆਹ ... ... ... | 3 | ੩ |
| „ Rávi ... ... ... | ਰਾਵੀ ... ... ... ... | 5 | ੫ |
| „ Jhanáu ... ... ... | ਝਨਾਉ ... ... ... ... | 9 | ੯ |
| „ Bahit *or* Jihlam ... | ਬਹਿਤ ਅਕੇ ਜਿਹਲਮ ... | 10 | ੧੦ |
| „ Sindh (Indus) ... | ਸਿੰਧ ... ... ... ... | 11 | ੧੧ |
| Gen. Div. of the country | ਮੁਲਖ ਦੀ ਵਡੀ ਵੰਡ ... ... | 14 | ੧੪ |
| *Jalandhar Duábá* | ਜਲੰਧਰ ਦੁਆਬਾ | 16 | ੧੬ |
| Minor Streams ... ... | ਛੋਟੀਆਂ ਨਦੀਆਂ ... ... | 16 | ੧੬ |
| Extent of the Jal. Duábá | ਜਲੰਧਰ ਦੁਆਬੇ ਦਾ ਫੈਲਾਉ | 17 | ੧੭ |
| Towns. | ਨਗਰ | | |
| Sultánpur ... ... ... | ਸੁਲਤਾਨਪੁਰ ... ... ... | 18 | ੧੮ |
| Rái dí Talwaṇḍí ... ... | ਰਾਇ ਦੀ ਤਲਵੰਡੀ ... ... | 18 | ੧੮ |
| Sekhúpur ... ... ... | ਸੇਖੂਪੁਰ ... ... ... | 19 | ੧੯ |
| Kapúrthaḷá ... ... ... | ਕਪੂਰਥਲਾ ... ... ... | 19 | ੧੯ |
| Kartárpur ... ... ... | ਕਰਤਾਰਪੁਰ ... ... ... | 20 | ੨੦ |
| Jalandhar ... ... | ਜਲੰਧਰ ... ... ... ... | 20 | ੨੦ |
| Aláulpur ... ... ... | ਅਲਾਉਲਪੁਰ ... ... | 21 | ੨੧ |
| Siámchurásí ... ... | ਸਿਆਮਚੁਰਾਸੀ ... ... | 22 | ੨੨ |

| | | Page. | |
|---|---|---|---|
| Ṭánḍá ... ... ... ... | ਟਾਂਡਾ ... ... ... | 22 | ੨੨ |
| Jájá ... ... ... ... | ਜਾਜਾ ... ... ... ... | 23 | ੨੩ |
| Jaṭṭpurá ... ... ... | ਜੱਟਪੁਰਾ ... ... ... | 23 | ੨੩ |
| Dasúhá ... ... ... | ਦਸੂਹਾ ... ... ... | 24 | ੨੪ |
| Mukeríán ... ... ... | ਮੁਕੇਰੀਆਂ ... ... ... | 25 | ੨੫ |
| Hájípur *and* Buḍḍháwaṛ | ਹਾਜੀਪੁਰ ਅਰ ਬੁਢਾਵੜ ... | 27 | ੨੭ |
| Husiárpur &c. ... ... | ਹੁਸਿਆਰਪੁਰ ਅਤੇ ਹੋਰ ... | 27 | ੨੭ |
| Máhalpur ... ... ... | ਮਾਹਲਪੁਰ ... ... ... | 28 | ੨੮ |
| Gaṛhsáṇkar ... ... | ਗੜ੍ਹਸਾਂਕਰ ... ... ... | 29 | ੨੯ |
| Ráhoṇ ... ... ... | ਰਾਹੋਂ ... ... ... | 29 | ੨੯ |
| Philaur ... ... ... | ਫਿਲੌਰ ... ... ... | 30 | ੩੦ |
| Talwaṇ ... ... ... | ਤਲਵਣ ... ... ... | 30 | ੩੦ |
| Núr Mahil ... ... ... | ਨੂਰਮਹਿਲ ... ... ... | 31 | ੩੧ |
| Mahitpur *and* Nakodar | ਮਹਿਤਪੁਰ ਅਤੇ ਨਕੋਦਰ ... | 32 | ੩੨ |
| Hádiábád, Phagwáṛá &c. | ਹਾਦੀਆਬਾਦ ਅਤੇ ਹੋਰ ... | 33 | ੩੩ |
| *Bárí Duábá* | ਦੁਆਬਾ ਬਾਰੀ | 34 | ੩੪ |
| Towns. | ਨਗਰ | | |
| Multán ... ... ... | ਮੁਲਤਾਨ ... ... ... | 39 | ੩੯ |
| Talumbá ... ... ... | ਤਲੁੰਬਾ ... ... ... | 41 | ੪੧ |
| Haṛappá ... ... ... | ਹੜੱਪਾ ... ... ... | 41 | ੪੧ |
| Paṭaṇ, *or* Pák Paṭan ... | ਪਟਣ, ਕੇ ਪਾਕ ਪਟਣ ... | 42 | ੪੨ |
| Dípálpur ... ... ... | ਦੀਪਾਲਪੁਰ ... ... ... | 43 | ੪੩ |
| Gaṛh ... ... ... ... | ਗੜ੍ਹ ... ... ... ... | 43 | ੪੩ |
| Hujrásháh Muqím dá ... | ਹੁਜਰਾਸਾਹ ਮੁਕੀਮ ਦਾ ... | 43 | ੪੩ |
| Kasúr ... ... ... ... | ਕਸੂਰ ... ... ... | 44 | ੪੪ |
| *Mánjhá* | ਮਾਂਝਾ | 46 | ੪੬ |
| Khemkarn ... ... ... | ਖੇਮਕਰਨ ... ... ... | 47 | ੪੭ |
| Valṭúhá ... ... ... | ਵਲਟੂਹਾ ... ... ... | 47 | ੪੭ |
| Paṭṭí ... ... ... ... | ਪੱਟੀ ... ... ... | 48 | ੪੮ |
| Naushahirá ... ... ... | ਨੌਸਹਿਰਾ ... ... ... | 48 | ੪੮ |
| Khaḍúr ... ... ... | ਖਡੂਰ ... ... ... | 48 | ੪੮ |
| Naurangábád ... ... | ਨੌਰੰਗਾਬਾਦ ... ... ... | 49 | ੪੯ |
| Amritsar ... ... ... | ਅਮਰਿਤਸਰ ... ... | 50 | ੫੦ |

| | | Page. | |
|---|---|---|---|
| Rámtírth | ਰਾਮਤੀਰਥ | 55 | ੫੫ |
| Rájásáṇhsí | ਰਾਜਾਸਾਂਹਸੀ | 55 | ੫੫ |
| Fajullápur | ਫਜੁਲਾਪੁਰ | 56 | ੫੬ |
| Sukrchakk | ਸੁਕਰਚੱਕ | 56 | ੫੬ |
| Kánh | ਕਾਨ੍ਹ | 56 | ੫੬ |
| Lahaur | ਲਹੌਰ | 57 | ੫੭ |
| Bábe Nának dá Dehrá | ਬਾਬੇ ਨਾਨਕ ਦਾ ਦੇਹਰਾ | 65 | ੬੫ |
| Baṭáḷá | ਬਟਾਲ਼ਾ | 66 | ੬੬ |
| Kalánaur | ਕਲਾਨੌਰ | 69 | ੬੯ |
| Dínánagar | ਦੀਨਾਨਗਰ | 70 | ੭੦ |
| Bahirámpur | ਬਹਿਰਾਮਪੁਰ | 72 | ੭੨ |
| Paṭhánkoṭ | ਪਠਾਣਕੋਟ | 73 | ੭੩ |
| Sháhpur | ਸਾਹਪੁਰ | 74 | ੭੪ |
| Núrpur | ਨੂਰਪੁਰ | 75 | ੭੫ |
| Káṇgṛá | ਕਾਂਗੜਾ | 76 | ੭੬ |
| Jwálámukhí | ਜਵਾਲਾਮੁਖੀ | 86 | ੮੬ |
| Koṭlá | ਕੋਟਲਾ | 88 | ੮੮ |
| Sujáṇpur | ਸੁਜਾਣਪੁਰ | 88 | ੮੮ |
| Gaṛhotá | ਗੜ੍ਹੋਟਾ | 89 | ੮੯ |
| Káhnúwáṇ | ਕਾਹਨੂਵਾਣ | 90 | ੯੦ |
| Rahílá *or* Srí Hargovindpurá | ਰਹੀਲਾ ਕੇ ਸ੍ਰੀ ਹਰਗੋਵਿੰਦਪੁਰਾ | 91 | ੯੧ |
| Fatiábád | ਫਤਿਆਬਾਦ | 92 | ੯੨ |
| Bairowáḷ | ਬੈਰੋਵਾਲ਼ | 92 | ੯੨ |
| Haríke *and* Búh | ਹਰੀਕੇ ਅਤੇ ਬੂਹ | 92 | ੯੨ |
| *Rachná Duábá* | ਦੁਆਬਾ ਰਚਨਾ | 93 | ੯੩ |
| Towns. | ਨਗਰ | | |
| Jalálpur Kamláṇá | ਜਲਾਲਪੁਰ ਕਮਲਾਣਾ | 94 | ੯੪ |
| Sorkoṭ | ਸੋਰਕੋਟ | 94 | ੯੪ |
| Rám chauṇtṛá | ਰਾਮਚੌਂਤੜਾ | 95 | ੯੫ |
| Maghiáṇá | ਮਘਿਆਣਾ | 95 | ੯੫ |
| Koṭ Kamáliá | ਕੋਟਕਮਾਲੀਆ | 96 | ੯੬ |
| Khái mír Sajáde Baloch di | ਖਾਈ ਮੀਰ ਸਜਾਦੇ ਬਲੋਚ ਦੀ | 97 | ੯੭ |

| | | PAGE. | |
|---|---|---|---|
| Shekh Músá dí Pindí ... | ਸ਼ੇਖ ਮੂਸਾ ਦੀ ਪਿੰਡੀ ... ... | 97 | ੯੭ |
| Jhámrá ... ... ... ... | ਝਾਮਰਾ ... ... ... | 97 | ੯੭ |
| Saidwáḷá ... ... ... | ਸੈਦਵਾਲ਼ਾ ... ... ... | 98 | ੯੮ |
| Farídábád ... ... ... | ਫਰੀਦਾਬਾਦ ... ... | 100 | ੧੦੦ |
| Jhangsiál *or* Jhang ... | ਝੰਗਸਿਆਲ ਕੇ ਝੰਗ ... ... | 101 | ੧੦੧ |
| Khívá ... ... ... | ਖੀਵਾ ... ... ... | 102 | ੧੦੨ |
| Wáṛá... ... ... ... | ਵਾੜਾ ... ... ... | 103 | ੧੦੩ |
| Chaniot ... ... ... | ਚਨਿਓਟ ... ... ... | 103 | ੧੦੩ |
| Pindí ... ... ... ... | ਪਿੰਡੀ ... ... ... | 104 | ੧੦੪ |
| Jalálpur ... ... ... | ਜਲਾਲਪੁਰ ... ... | 105 | ੧੦੫ |
| Rasúlnagar *or* Rámnagar | ਰਸੂਲਨਗਰ ਕੇ ਰਾਮਨਗਰ ... | 105 | ੧੦੫ |
| Manchar ... ... ... | ਮੈਨਚਰ ... ... ... | 106 | ੧੦੬ |
| Alípur ... ... ... | ਅਲੀਪੁਰ ... ... ... | 106 | ੧੦੬ |
| Harn munárá ... ... | ਹਰਨ ਮੁਨਾਰਾ ... ... | 107 | ੧੦੭ |
| Shekhúpur ... ... ... | ਸੇਖੂਪੁਰ ... ... ... | 107 | ੧੦੭ |
| Mudabbá ... ... ... | ਮੁਦੱਬਾ ... ... ... | 108 | ੧੦੮ |
| Kháíchakk ... ... ... | ਖਾਈਚੱਕ ... ... ... | 108 | ੧੦੮ |
| Sarkpur *and* Bhaiṇí ... | ਸਰਕਪੁਰ ਅਤੇ ਭੈਣੀ ... ... | 109 | ੧੦੯ |
| Bajírábád *or* Wazírábád | ਬਜੀਰਾਬਾਦ ਕੇ ਵਜੀਰਾਬਾਦ | 109 | ੧੦੯ |
| Kujhránwáḷá ... ... | ਕੁਝਰਾਂਵਾਲ਼ਾ ... ... ... | 110 | ੧੧੦ |
| Parsrúr *or* Pasrúr ... ... | ਪਰਸਰੂਰ ਅਕੇ ਪਸਰੂਰ ... | 111 | ੧੧੧ |
| Emnábád ... ... ... | ਏਮਨਾਬਾਦ ... ... ... | 111 | ੧੧੧ |
| Sháhdará ... ... ... | ਸਾਹਦਰਾ ... ... ... | 112 | ੧੧੨ |
| Mírowáḷ ... ... ... | ਮੀਰੋਵਾਲ਼ ... ... ... | 113 | ੧੧੩ |
| Badomallí ... ... ... | ਬਦੋਮੱਲੀ ... ... ... | 113 | ੧੧੩ |
| Sodhará ... ... ... ... | ਸੋਧਰਾ ... ... ... | 113 | ੧੧੩ |
| Ibráhímábád ... ... ... | ਇਬਰਾਹੀਮਾਬਾਦ ... ... | 114 | ੧੧੪ |
| Khoprá ... ... ... | ਖੋਪਰਾ ... ... ... | 114 | ੧੧੪ |
| Sambariáḷ ... ... ... | ਸਮਬੜਿਆਲ਼ ... ... | 114 | ੧੧੪ |
| Siáḷkot ... ... ... | ਸਿਆਲ਼ਕੋਟ ... ... ... | 115 | ੧੧੫ |
| Bágbánán dí Pindí &c. | ਬਾਗਬਾਨਾਂ ਦੀ ਪਿੰਡੀ ਅਰ ਹੋਰ | 116 | ੧੧੬ |
| Jafarwáḷ *or* Ḍafarwáḷ ... | ਜਫਰਵਾਲ਼ ਅਕੇ ਡਫਰਵਾਲ਼ | 118 | ੧੧੮ |
| Nárowáḷ ... ... ... | ਨਾਰੋਵਾਲ਼ ... ... ... | 118 | ੧੧੮ |
| Qájíán dá chakk ... ... | ਕਾਜੀਆਂ ਦਾ ਚੱਕ ... ... | 119 | ੧੧੯ |

| | | Page. | |
|---|---|---|---|
| Jammú | ਜੰਮੂ | 121 | ੧੨੧ |
| Pasrúr | ਪਸਰੂਰ | 126 | ੧੨੬ |
| Jasroṭá | ਜਸਰੋਟਾ | 127 | ੧੨੭ |
| Kaṭhúhá | ਕਠੂਹਾ | 127 | ੧੨੭ |
| *Chanahit Duábá* | ਦੁਆਬਾ ਚਨਹਿਤ | 128 | ੧੨੮ |
| Towns. | ਨਗਰ | | |
| Kunjáh | ਕੁੰਜਾਹ | 129 | ੧੨੯ |
| Gujrát | ਗੁਜਰਾਤ | 129 | ੧੨੯ |
| Jalálpur | ਜਲਾਲਪੁਰ | 130 | ੧੩੦ |
| Mírpur | ਮੀਰਪੁਰ | 131 | ੧੩੧ |
| Bijwát | ਬਿਜਵਾਤ | 133 | ੧੩੩ |
| Akhnúr | ਅਖਨੂਰ | 133 | ੧੩੩ |
| Ḍholwahá | ਢੌਲਵਹਾ | 134 | ੧੩੪ |
| *Sindh Ságar Duábá* | ਦੁਆਬਾ ਸਿੰਧ ਸਾਗਰ | 135 | ੧੩੫ |
| Towns. | ਨਗਰ | | |
| Khairábád | ਖੈਰਾਬਾਦ | 136 | ੧੩੬ |
| Mankerá | ਮਨਕੇਰਾ | 137 | ੧੩੭ |
| Ḍáirá Dínpanáh | ਡਾਇਰਾ ਦੀਨਪਨਾਹ | 137 | ੧੩੭ |
| Lambá | ਲੰਬਾ | 138 | ੧੩੮ |
| Karor | ਕਰੋਰ | 138 | ੧੩੮ |
| Ḍerá Ismáíl Khán | ਡੇਰਾ ਇਸਮਾਈਲਖਾਂ | 138 | ੧੩੮ |
| Nemal | ਨੈਮਲ | 139 | ੧੩੯ |
| Dhannígheb &c. | ਧੱਨੀਘੇਬ, ਸੋਨ, ਪਿੰਡੀਘੇਬ | 139 | ੧੩੯ |
| Maujgaṛh | ਮੌਜਗੜ੍ਹ | 139 | ੧੩੯ |
| Rangpur Kheṛá | ਰੰਗਪੁਰ ਖੇੜਾ | 139 | ੧੩੯ |
| Gaṛh Mahárája | ਗੜ੍ਹ ਮਹਾਰਾਜਾ | 140 | ੧੪੦ |
| Khush//áb | ਖੁਸ਼ਾਬ | 140 | ੧੪੦ |
| Miṭṭhá Ṭuháṇá | ਮਿੱਠਾਟਿਵਾਣਾ | 141 | ੧੪੧ |
| Jihlam | ਜਿਹਲਮ | 142 | ੧੪੨ |
| Rutás | ਰੁਤਾਸ | 142 | ੧੪੨ |
| Bishandaur and Bakráḷá | ਬਿਸਨਦੌਰ ਅਤੇ ਬਕਰਾਲਾ | 145 | ੧੪੫ |

## *Errata.*

| *Page* | *Line* | |
|---|---|---|
| 4[illegible] | 24 | for *Laṭúhá* read *Valṭúhá.* |
| 70 | 21 | „ *Adínánagar* „ *Dínánagar.* |
| 91 | 12 | after *Rahílá* add or *Srí Hargovindpurá.* |
| 92 | 18 | for *Boh* read *Búh.* |
| 95 | 18 | „ *Makháṇá* „ *Maghiáṇá.* |
| 101 | 4 | after *Jhangsiál* add or *Jhang.* |
| 102 | 16 | for *Khapoh* read *Khívá.* |
| 137 | 14 | „ *Derá* „ *Dáiṛá.* |

## ਗਲਤਨਾਮਾ

| ਸਫਾ | ਸਤਰ | |
|---|---|---|
| ੪੭ | ੨੪ | ਲਟੂਹੇ ਦੇ ਵਾਸਤੇ ਵਾਲਟੂਹਾ ਪੜੋ । |
| ੭੦ | ੨੧ | ਅਦੀਨਾਨਗਰ ਦੇ ਵਾਸਤੇ ਦੀਨਾਨਗਰ ਪੜੋ । |
| ੯੧ | ੧੨ | ਰਹੀਲੇ ਦੇ ਪਿਛੇ ਕੇ ਸ੍ਰੀ ਹਰਗੋਵਿੰਦਪੁਰਾ ਲਗਾਓ । |
| ੯੨ | ੧੮ | ਬੋਹ ਦੇ ਵਾਸਤੇ ਬੂਹ ਪੜੋ । |
| ੯੫ | ੧੮ | ਮਖਾਣੇ ਦੇ ਵਾਸਤੇ ਮਘਿਆਣਾ ਪੜੋ । |
| ੧੦੧ | ੪ | ਝੰਗਸਿਆਲ ਦੇ ਪਿਛੇ ਕੇ ਝੰਗ ਲਗਾਓ । |
| ੧੦੨ | ੧੬ | ਖਪੋਹ ਦੇ ਵਾਸਤੇ ਖੀਵਾ ਪੜੋ । |
| ੧੩੭ | ੧੪ | ਡੇਰੇ ਦੇ ਵਾਸਤੇ ਡਾਇੜਾ ਪੜੋ । |

XIVA9

# A GEOGRAPHICAL DESCRIPTION OF THE PANJAB.

---

### Name and Boundaries.

ਇਸ ਵਿਖੇ ਪੰਜਾਬ ਦੇਸ ਦੇ ਬੰਨਿਆਂ ਦੇ ਹਵਾਲ ਦਾ ਬਿਆਨ ਹੈ, ਅਤੇ ਇਹ ਕਿ ਇਸ ਨੂੰ ਪੰਜਾਬ ਕਿੰਉ ਆਖਦੇ ਹਨ; ਅਤੇ ਇਸ ਦੇਸ ਦੇ ਦਰਿਆਵਾਂ ਅਰ ਨਹਿਰਾਂ, ਅਤੇ ਹੋਰ ਨਦੀਆਂ ਨਾਲਿਆਂ ਦਾ, ਜੋ ਉਨਾਂ ਵਿਚ ਆ ਮਿਲਦੇ ਹਨ, ਅਤੇ ਇਸ ਮੁਲਖ ਦੇ ਦੁਆਬਿਆਂ ਦਾ, ਤਿਨਾਂ ਦੀ ਲੰਬਾਈ ਚੁੜਾਈ ਸਣੇ, ਅਤੇ ਹਰੇਕ ਦੁਆਬੇ ਦੇ ਉਥੇ ਨੱਗਰਾਂ ਅਰ ਪਿੰਡਾਂ, ਅਤੇ ਅਨਾਜ ਅਰ ਮੇਵਿਆਂ ਅਰ ਹੋਰ ਵਸਤਾਂ ਦਾ ਬਿਆਨ ਹੈ। ਜੋ ਦਾਨਾ ਬੀਨਾ ਲੋਕ ਹਨ, ਤਿਨਾਂ ਪੁਰ ਪਰਗਟ ਹੋਵੇ, ਕਿ ਪੰਜਾਬ ਦੇਸ ਤੀਜੇ ਇਕਲੀਮ ਵਿਚੋਂ ਹੈ; ਅਤੇ ਉਹ ਦਾ ਲੰਬਾਉ ਸਤਲੁਜ ਤੇ ਲੈਕੇ ਦਰਿਆਉ ਸਿੰਧ ਤੀਕੁ ਇੱਕ ਸੌ ਅੱਸੀ ਕੋਹ, ਅਰ ਤਿਸ ਦਾ ਚੁੜਾਉ ਭਿੰਬਰ ਤੇ ਲੈਕੇ ਚੌਖੰਡੀ ਤੀਕੁਰ, ਜੋ ਸਤਗੜ੍ਹੇ ਦੇ ਲਾਕੇ ਵਿਚੋਂ ਹੈ, ਛਿਆਸੀ ਕੋਹ ਹੈ। ਉਹ ਦੇ ਚੜ੍ਹਦੇ ਪਾਸੇ ਸਰਹਿੰਦ, ਉੱਤਰ ਕਸਮੀਰ, ਦੱਖਣ ਸਰਕਾਰ ਅਜਮੇਰ, ਅਤੇ ਲਹਿੰਦੇ ਪਾਸੇ

ਮੁਲਤਾਨ ਹੈ। ਅਤੇ ਇਸ ਮੁਲਖ ਨੂੰ ਪੰਜਾਬ ਇਸ ਲਈ ਆਖਦੇ ਹਨ, ਜੋ ਇਸ ਦੇਸ ਵਿਚੋਂ ਹੋਕੇ ਪੰਜ ਦਰਿਆਉ ਲੰਘਦੇ ਹਨ, ਅਤੇ ਮੁੰਢ ਸਭਨਾਂ ਦਰਿਆਵਾਂ ਦਾ ਉੱਤਰ ਦੇ ਪਹਾੜ ਵਿਖੇ ਹੈ॥

The River Satluj.

ਪਹਿਲਾਂ ਚੜ੍ਹਦੇ ਪਾਸਿਓਂ ਜਿਹੜਾ ਆਉਂਦਾ ਹੈ, ਸੋ ਸਤਲੁਜ ਦਾ ਦਰਿਆਉ ਹੈ; ਹਿੰਦੀ ਸਾਸਤਰਾਂ ਵਿਖੇ ਉਹ ਨੂੰ ਸਤੁੱਦਰ ਕਰਕੇ ਲਿਖਦੇ ਹਨ; ਅਤੇ ਇਸ ਦਰਿਆਉ ਦਾ ਨਿਕਾਸ ਭਵਾਨੀ ਦੇ ਪਹਾੜ ਵਿਚੋਂ ਹੈ; ਪਰ ਪੱਕ ਮਲੂਮ ਹੋਇਆ, ਜੋ ਚੀਨ ਦੇ ਮੁਲਖ ਦੀ ਹਦ ਵਿਚ ਇੱਕ ਬਹੁਤ ਵਡਾ ਛੰਭ ਹੈ, ਜੋ ਉਸ ਨੂੰ ਮਾਨ ਤਲਾਉ ਅਤੇ ਮਾਨ ਸਰੋਬਰ ਕਹਿੰਦੇ ਹਨ; ਅਤੇ ਉਸ ਤਲਾਉ ਦਾ ਗਿਰਦਾ ਅਟਕਲ ਮੂਜਬ ਪੈਂਤਾਹਲੀਆਂ ਕੋਹਾਂ ਦਾ ਹੈ, ਅਰ ਉਸ ਵਿਚੋਂ ਸੁੰਬ ਫੁਟਦੇ ਹਨ; ਅਤੇ ਨਗਲਾ ਕੋਟੋਂ, ਜੋ ਉਸ ਜਿਲੇ ਵਿਚ ਇੱਕ ਉੱਘੀ ਜਾਗਾ, ਪੰਜੀ ਕੋਹ ਚੜ੍ਹਦੇ ਪਾਸੇ ਹੈ; ਅਤੇ ਉਸੇ ਤਲਾਉ ਦੇ ਦੂਜੇ ਪਾਸਿਓਂ, ਦਰਿਆਉ ਅਟਕ ਨਿਕਲਦਾ ਹੈ। ਭਾਵੇਂ ਕਈ ਹੋਰ ਨਿਰਉਘੇ ਦਰਿਆਉ ਬੀ ਉਸ ਛੰਭ ਵਿਚੋਂ ਨਿੱਕਲਦੇ ਹਨ, ਪਰ ਪੰਜਾਬ ਦਿਆਂ ਦਰਿਆਵਾਂ ਵਿਚੋਂ ਏਹ ਦੋ ਦਰਿਆਉ ਤਾ ਠੀਕ ਉਸੇ ਜਾਗਾ ਤੇ ਨਿਕਲਦੇ ਹਨ। ਅਤੇ ਇਹ ਦਰਿਆਉ ਸਤਲੁਜ, ਉਸ ਛੰਭ ਥੀਂ ਨਿਕਲਕੇ, ਤਿੱਬਤ ਦੇ ਜਿਲੇ ਤੇ ਲੰਘਕੇ, ਪਿਛੋਂ ਕਹਿਲੂਰ ਵਿਖੇ ਪਹੁੰਚਦਾ ਹੈ; ਅਰ ਉਥੋਂ ਲੰਘਕੇ ਬਿਲਾਸਪੁਰ ਦੇ ਹੇਠ ਚਲਦਾ ਹੈ; ਅਤੇ ਜਾਂ ਪਹਾੜੋਂ ਨਿੱਕਲਦਾ ਹੈ, ਤਾਂ ਦੋ ਪਾਟ ਹੋ ਜਾਂਦਾ ਹੈ, ਅਤੇ ਰੋਪੜ ਕੋਲ ਆਕੇ ਫੇਰ ਇਕ ਹੋ ਜਾਂਦਾ ਹੈ। ਇਸ ਥੋਂ ਅਗੇ, ਮਾਛੀਵਾੜੇ ਹੇਠੋਂ ਹੋਕੇ ਲੁਦਿਹਾਣੇ ਪਹੁੰਚਦਾ ਸਾ, ਅਤੇ ਤਦ ਲੁਦਿਹਾਣਾ ਹੀ ਰਾਜ ਘਾਟ ਸੀ; ਅਤੇ ਹੁਣ ਇਹ ਸਹਿਰ, ਅੰਗਰੇਜਾਂ ਸਾਹਬਾਂ ਦੇ ਲਸਕਰ ਦਾ ਸਥਾਨ ਹੈ; ਅਤੇ ਸਾਹਬਾਂ ਨੈ

ਉਥੇ ਇਕ ਵਡਾ ਮਜਬੂਤ ਕਿਲਾ ਉਸਾਰਕੇ, ਉਸ ਸਹਿਰ ਨੂੰ ਮੁਲਖ ਦੀ ਹੱਦ ਬਨਾਇਆ। ਅਤੇ ਇਸ ਸਹਿਰ ਤੇ ਲੰਘਕੇ ਤਲਵੰਲ ਨਗਰ ਦੇ ਪਾਹ ਚਲਦਾ ਸੀ। ਹੁਣ ਸੰਮਤ ੧੮੪੦ ਬਿਕੱਰਮਾਜੀਤੀ, ਅਤੇ ੧੭੮੩ ਈਸਵੀ ਤੇ ਲੈਕੇ, ਇਹ ਦਰਿਆਉ ਰੋਪੜ ਹੇਠੋਂ, ਮਾਛੀਵਾੜੇ ਅਰ ਲੁੱਦੇਹਾਲੇ ਦੀ ਵਲੋਂ ਹਟਕੇ, ਅਤੇ ਉੱਤਰ ਵਲ ਨੂੰ ਰੁਕ ਕਰਕੇ ਫਿਲੌਰ ਦੇ ਹੇਠ ਵਗਦਾ ਹੈ; ਸੋ ਹੁਣ ਰਾਜ ਘਾਟ ਉਥੇ ਹੀ ਹੈ; ਅਰ ਉਥੋਂ ਫੇਰ ਤਲਵੰਲ ਦੇ ਨੇੜੇਤੇੜੇ ਆਪਣੀ ਅਗਲੀ ਜਾਗਾ ਵਹਿੰਦਾ ਹੈ। ਅਤੇ ਉਥੋਂ ਗੁਜਰਾਲ ਵਿੱਚੀਂ ਹੋਕੇ, ਹਰੀਕੇ ਪਿੰਡ ਦੇ ਨੀਚੇ, ਦਰਿਆਉ ਬਿਆਹ ਨਦੀ ਨਾਲ ਮਿਲ ਜਾਂਦਾ ਹੈ॥

The River Biáh. (*Urdú,* Biás.)

ਦੂਜਾ ਦਰਿਆਉ ਬਿਆਹ, ਜੋ ਹਿੰਦੀ ਸਾਸਤ੍ਰਾਂ ਵਿਖੇ ਉਸ ਨੂੰ ਬਿਆਸਾ ਕਰਕੇ ਲਿਖਦੇ ਹਨ। ਇਹ ਦਰਿਆਉ ਬੀ ਭਵਾਨੀ ਦੇ ਪਹਾੜੋਂ ਉਸ ਸਰ, ਅਰਥਾਤ ਉਸ ਤਲਾਉ ਵਿਚੋਂ ਜਿਹ ਨੂੰ ਬਿਆਹ ਕੁੰਡ ਆਖਦੇ ਹਨ, ਨਿੱਕਲਦਾ ਹੈ; ਅਤੇ ਕੁਲੂ ਦੇ ਹੇਠੋਂ ਹੋਕੇ ਮੰਡੀ ਪਹੁੰਚਦਾ ਹੈ; ਅਤੇ ਸੁਕੇਤ ਦੇ ਮੁਲਖ ਦੀ ਹੱਦੋਂ, ਕਿ ਜਿਥੇ ਲੋਹੇ ਦੀ ਖਾਣ ਹੈ, ਲੰਘਕੇ ਨਦੌਣ ਸਹਿਰ ਦੇ ਹੇਠ ਪਹੁੰਚਦਾ ਹੈ। ਅਤੇ ਪਹਾੜ ਵਿਚ ਇਹ ਸਹਿਰ ਨਗਰਕੋਟ ਦੇ ਲਾਕੇ ਵਿਚੋਂ ਹੈ, ਅਤੇ ਰਾਜੇ ਸੰਸਾਰ ਚੰਦ ਦੇ ਰਾਜ ਵਿਚ ਅੱਤ ਅਬਾਦ ਸਾ, ਅਤੇ ਹੁਣ ਉਜੜ ਹੁੰਦਾ ਜਾਂਦਾ ਹੈ। ਅਤੇ ਉਥੋਂ ਨੂਰਪੁਰ ਦੇ ਲਾਕੇ ਦੇ ਪਿੰਡਾਂ ਤੇ ਲੰਘਕੇ, ਸਹਿਰ ਕਾਨੂਵਾਹਣ ਦੇ ਹੇਠ ਪਹੁੰਚਦਾ ਹੈ। ਅਤੇ ਉਥੇ ਵਡਾ ਜੰਗਲ ਹੈ, ਛੇ ਕੋਹ ਚੌੜਾ, ਅਰ ਪੈਂਤੀ ਕੋਹ ਲੰਬਾ, ਜੋ ਸੀਂਹ, ਅਰ ਚਿੱਤੇ, ਅਰ ਗੋਇਨਾਂ, ਅਰ ਪਾਹੜੇ, ਅਤੇ ਹੋਰ ਜੰਗਲੀ ਮਿਰਗ ਉਸ ਵੇਲੇ ਵਿਚ ਅਣਗਿਣਤ ਹਨ; ਅਤੇ ਹਰ ਕਿਤੇ ਪਾਣੀ ਦੇ ਸੁੰਬ ਫੁਟ-

ਦੇ ਹਨ; ਅਤੇ ਬੇਲੇ ਵਿਖੇ ਵਡੇ ਵਡੇ ਛੰਭ ਹਨ, /ਜੋ ਸਦਾ ਪਾ-
ਲੀ ਨਾਲ਼ ਭਰੇ ਰਹਿੰਦੇ ਹਨ, ਅਤੇ ਉਥੇ ਲੋਕ ਮੱਛੀਆਂ ਅਰ ਮੁਰ-
ਗਾਬੀਆਂ ਦਾ ਸਕਾਰ ਖੇਡਦੇ ਹਨ, ਅਤੇ ਉਥੋਂ ਲੈਜਾਕੇ ਵਟਾਲੇ
ਦੀਆਂ ਹੱਦਾਂ ਤੀਕੁਰ ਬੇਚਦੇ ਹਨ। ਅਤੇ ਕਸਬੇ ਕਾਨੂਵਾਹਲ ਦੇ
ਚੜ੍ਹਦੇ ਰੁਕ ਬੇਲੇ ਦੀ ਜਾਗਾ, ਵਡੀ ਢਾਬ ਹੇਠ ਇੱਕ ਵਡੀ ਢੰਨ ਹੈ,
ਜਿਥੇ ਜਲਾਲਦੀਨ ਅਕਬਰ ਪਾਤਸਾਹ ਦੀਆਂ ਬਲਾਈਆਂ
ਹੋਈਆਂ ਪੱਕੀਆਂ ਬੈਠਕਾਂ ਸਨ; ਹੁਣ ਓਹ ਢੈ ਢੂ ਗਈਆਂ ਹੋ-
ਈਆਂ ਹਨ; ਅਪਰ ਉਨ੍ਹਾਂ ਦੇ ਆਇਰੇ ਬਾਕੀ ਹਨ। ਬੇੜੀ ਵਿਚ
ਬੈਠਕੇ ਉਥੇ ਪਹੁੰਚ ਸੱਕੀਦਾ ਹੈ। ਅਤੇ ਇਸ ਝੱਲ ਵਿਚ ਛੰਭਾਂ
ਵਿਖੇ ਪਾਲੀ ਦੀਆਂ ਬੂਟੀਆਂ, ਜਿਹੇ ਕਿ ਨਾਪੇ, ਸੰਘਾੜ੍ਹੇ, ਅਤੇ
ਸਾਲਬ, ਅਤੇ ਹੋਰ ਬਹੁਤ ਬੂਟੀਆਂ ਹਨ; ਅਤੇ ਪੰਜਾਬ ਦੇ ਮੁਲਖ
ਵਿਚ ਇਸ ਝੱਲ ਜਿਹੀ ਸਕਾਰਗਾਹ ਹੋਰਥੇ ਘੱਟ ਹੈ। ਅਤੇ ਇਹ
ਬਿਆਹ ਨਦੀ ਇਸ ਝੱਲ ਦੇ ਚੜ੍ਹਦੇ ਪਾਸਿਓਂ ਲੰਘਕੇ ਸਹਿਰ ਰ-
ਹੀਲੇ ਦੇ ਹੇਠ ਪਹੁੰਚਦੀ ਹੈ, ਅਰ ਉਥੋਂ ਕਸਬੇ ਵੈਰੋਵਾਲ ਦੇ ਹੇਠ
ਵਗਦੀ ਹੈ; ਅਤੇ ਰਾਜ ਘਾਟ ਉਥੇ ਹੈ। ਅਤੇ ਉਥੋਂ ਲੰਘਕੇ ਹਰੀ-
ਕੇ ਘਾਟ ਦੇ ਨੇੜੇ ਦਰਿਆਉ ਸਤਲੁਜ ਨਾਲ਼ ਮਿਲ਼ ਜਾਂਦੀ ਹੈ;
ਅਤੇ ਏਹ ਦੋਨੋ ਦਰਿਆਉ ਕੱਠੇ ਹੋਕੇ ਧਨਾਲ਼ਪੁਰ ਵਿਚ ਪਹੁੰਚ-
ਦੇ ਹਨ, ਅਤੇ ਉਥੋਂ ਲੰਘਕੇ ਦੋ ਪੱਠ ਹੋ ਜਾਂਦੇ ਹਨ; ਉਥੋਂ ਇੱਕ
ਦੱਖਲ ਦੀ ਵਲ ਜਾਂਦਾ ਹੈ, ਅਰ ਦੂਜਾ ਲਹਿੰਦੀ ਵਲ ਬਹਿੰਦਾ
ਹੈ; ਅਤੇ ਕੋਟਕਪੂਰੇ ਅਰ ਖਾਈ ਵਿਚੀਂ ਹੋਕੇ ਫੇਰ ਕਿਤਨਿਆਂ-
ਕੁ ਕੋਹਾਂ ਪੁਰ ਜਾਕੇ ਇੱਕ ਹੋ ਜਾਂਦੇ ਹਨ, ਅਤੇ ਫਤੇਪੁਰ ਦੀਆਂ
ਹੱਦਾਂ ਵਿਚੀਂ ਲੰਘਦਾ ਹੈ; ਉਸ ਜਿਲੇ ਵਿਚ ਇਸ ਦਰਿਆਉ ਨੂੰ
ਘਾਰਾ ਆਖਦੇ ਹਨ; ਅਤੇ ਉਥੋਂ ਬਹਾਉਲਪੁਰ ਦੀਆਂ ਹੱਦਾਂ
ਵਿਚ ਪੁੱਜਕੇ, ਦਰਿਆਉ ਬਹਿਤ ਅਰ ਰਾਵੀ ਅਰ ਝਨਾਉ
ਨਾਲ਼, ਜੋ ਕੱਠੇ ਹੋਕੇ ਚਲਦੇ ਹਨ, ਮਿਲੰ ਜਾਂਦਾ ਹੈ। ਇਸ ਦਰਿ-

ਆਉ ਦੇ ਲਹਿੰਦੇ ਪਾਸੇ ਦਾ ਕੰਢਾ ਪਹਾੜੋਂ ਲੈਕੇ ਦਯਾਲਪੁਰ ਦੀ-ਆਂ ਹੱਦਾਂ ਤੀਕੁਰ ਪੈਂਤਲਾ ਹੈ; ਅਰ ਉਸ ਥੀਂ ਅਗੇ ਵਡਾ ਉੱਚਾ ਹੈ, ਜਿਹਾ ਕਿ ਬਾਜੀਆਂ ਜਾਗਾਂ ਤੇ ਹਜਾਰ ਗਜ ਦੇ ਲਗਭਗ ਹੋਊ। ਅਤੇ ਦਰਿਆਉ ਬਾਜੀਆਂ ਜਾਗਾਂ ਤੇ ਇੱਧਰ ਦੇ ਕੰਢੇ ਤੇ ਨੇੜੇ ਚੱਲਦਾ ਹੈ, ਅਤੇ ਬਾਜੀਆਂ ਜਾਗਾਂ ਤੇ ਦੋ ਤਿੰਨ ਕੋਹ, ਤਾਂ ਛੇਆਂ ਕੋਹਾਂ ਦੀ ਥਿੱਥ ਰਖਦਾ ਹੈ। ਅਤੇ ਇਸ ਜਿਮੀਨ ਦੇ ਨਿਚਾਣ ਵਿਚ ਕਈ ਸੁੰਬ ਅਰ ਨਹਿਰਾਂ ਚਲਦੀਆਂ ਹਨ, ਅਤੇ ਕਈ ਬੇਲੇ ਕਾਹ ਅਰ ਹੋਰ ਵਸਤਾਂ ਦੇ ਹਨ। ਅਤੇ ਉਹ ਦਾ ਚੜ੍ਹਦੇ ਪਾ-ਸੇ ਦਾ ਕੰਢਾ, ਬਰਾਬਰ ਜਿਮੀਨ ਨਾਲੋਂ, ਅਤੇ ਬਿਸੰਤ ਜਲੰਧਰ ਦੇ ਦੁਆਬੇ ਦੀ ਧਰਤੀ ਨਾਲੋਂ ਨੀਵਾਂ ਹੈ; ਅਤੇ ਦੁਆਬੇ ਬਾਰੀ ਦੀ ਧਰਤੀ ਉੱਚੀ ਅਰ ਟਿਬੇ ਟਿਬੇ ਹੈ॥

The River Rávi.

ਤੀਜਾ ਦਰਿਆਉ ਰਾਵੀ; ਜਿਹ ਨੂੰ ਹਿੰਦੀ ਦੇ ਕਦੀਮੀ ਸਾਸਤ੍ਰਾਂ ਵਿਖੇ ਐਰਾਵਤੀ ਕਰਕੇ ਲਿਖਦੇ ਹਨ। ਅਤੇ ਭਦਰਾਲ ਅਰ ਮਨ-ਮਹੇਸ ਦੇ ਪਹਾੜ ਦੀਆਂ ਹੱਦਾਂ ਤੇ, ਜੋ ਚੰਬੇ ਦੇ ਲਾਕੇ ਵਿਚ ਹੈ, ਉਸ ਛੰਭ ਵਿਚੋਂ ਜੋ ਮਹਾਂਦੇਉ ਦਾ ਤਲਾਉ ਕਹਾਉਂਦਾ ਹੈ, ਨਿੱਕਲ਼ਦਾ ਹੈ, ਅਰ ਚੰਬੇ ਸਹਿਰ ਦੇ ਹੇਠ ਹੋਕੇ ਲੰਘਦਾ ਹੈ। ਅਤੇ ਇਹ ਸਹਿਰ ਪਹਾੜ ਵਿਚ ਉੱਘਾ ਹੈ; ਅਤੇ ਇਸ ਸਹਿਰ ਦਾ ਅਮਲ ਪਹਾੜਾਂ ਵਿਚ ਦੂਰ ਤੀਕੁਰ ਸਾ, ਅਤੇ ਦੂਰ ਦੂਰ ਦੀਆਂ ਜਾਗਾਂ ਦਾ ਹਾਂਸਲ ਉੱਥੇ ਪਹੁੰਚਦਾ ਸੀ; ਪਰ ਹੁਣ ਉਹ ਨਗਰ ਸਰਕਾਰ ਲਹੋਰ ਦੇ ਤਾਬੇਦਾਰਾਂ ਵਿਚੋਂ ਹੈ। ਅਤੇ ਉਸ ਮੁਲਖ ਦੇ ਵਿਖੇ ਤ੍ਰਾਂਬੇ ਦੀ ਖਾਣ ਹੈ। ਅਤੇ ਕਹਿੰਦੇ ਹਨ, ਜੋ ਉਸ ਦੇਸ ਵਿਚ ਪਾਰਸ ਦਾ ਪੱਥਰ ਬੀ ਹੈ; ਜਿਹਾ ਕਿ ਉਸ ਪਹਾੜ ਦੇ ਅਯਾ-ਲ਼ੀ, ਦੁੰਬਿਆਂ ਬਕਰੀਆਂ ਦੀਆਂ ਖੁਰੀਆਂ ਨੂੰ ਲੋਹੇ ਦੇ ਨਾਲ਼ ਬੰਨ੍ਹ ਦਿੰਦੇ ਹਨ; ਜਦ ਓਹ ਬਾਹਰੋਂ ਚਰ ਚੁਗਕੇ ਆਉਂਦੀਆਂ

ਹਨ, ਤਾਂ ਕਿਸੇ ਕਿਸੇ ਦੇ ਨਾਲ ਸੋਇਨੇ ਦੇ ਹੋ ਜਾਂਦੇ ਹਨ। ਅਤੇ ਚੰਬੇ ਦੇ ਸਹਿਰ ਦੇ ਨੇੜੇ ਇਸ ਦਰਿਆਉ ਉੱਪੁਰ, ਪੱਥਰ ਅਰ ਲੱਕੜਿਆਂ ਦਾ ਇਕ ਵਡਾ ਮਜਬੂਤ ਪੁਲ ਬੱਨਿਆ ਹੋਇਆ ਹੈ, ਅਤੇ ਉਸ ਪੁਲ ਦੇ ਦੋਹੀਂ ਪਾਸੀਂ ਬੈਠਕਾਂ ਬਣੀਆਂ ਹੋਈਆਂ ਹਨ, ਅਰ ਰਾਜੇ ਦੇ ਸਪਾਹੀ ਉਥੇ ਸਦਾ ਬੈਠੇ ਰਹਿੰਦੇ ਹਨ। ਇਸ ਪੁਲ ਤੇ ਲੰਘਕੇ, ਇਕ ਰਸਤਾ ਕਸਮੀਰ ਨੂੰ ਜਾਂਦਾ ਹੈ, ਅਤੇ ਇਕ ਰਾਹ ਚੀਨ ਨੂੰ, ਅਤੇ ਇਕ ਰਾਹ ਖਤਾ ਦੇ ਮੁਲਖ ਨੂੰ ਜਾਂਦਾ ਹੈ। ਸੁਦਾਗਰ ਅਤੇ ਹੋਰ ਮੁਸਾਫਰ ਲੋਕ, ਹਾਕਮ ਦੇ ਹੁਕਮ ਬਿਨਾ ਉਸ ਪੁਲ ਥੋਂ ਨਹੀਂ ਲੰਘ ਸਕਦੇ, ਅਤੇ ਉਹ ਮਸੂਲ ਦੀ ਜਾਗਾ ਹੈ। ਫੇਰ ਇਹ ਦਰਿਆਉ ਚੰਬੇ ਦੀਆਂ ਹੱਦਾਂ ਥੀਂ ਲੰਘਕੇ ਬਸੋਹਲੀ ਸਹਿਰ ਦੇ ਗਿਰਦੇ ਪਹੁੰਚਦਾ ਹੈ। ਅਤੇ ਉਥੋਂ ਸਹਿਰ ਸਾਹਪੁਰ ਦੇ ਨੇੜੇ ਆ ਨਿੱਕਲਦਾ ਹੈ; ਅਤੇ ਇਸ ਸਹਿਰ ਤੇ ਚਾਰ ਪੰਜ ਕੋਹ ਹੇਠ ਮਾਧੋਪੁਰ ਨਾਮੇ ਇਕ ਪਿੰਡ ਦਰਿਆਉ ਦੇ ਕੰਢੇ ਪੁਰ ਹੈ; ਉਸ ਦੇ ਲਾਗੋਂ ਹੀ, ਇਕ ਨਹਿਰ ਜੋ ਲਹੌਰ ਪਹੁੰਚਦੀ ਹੈ, ਕੱਟ ਲਿਆਏ ਹਨ; ਪਰਮੇਸੁਰ ਨੈ ਚਾਹਿਆ ਤਾਂ ਉਹ ਦੀ ਹਕੀਕਤ ਬਾਰੀ ਦੇ ਦੁਆਬੇ ਵਿਚ ਆਵੇਗੀ। ਅਤੇ ਇਹ ਦਰਿਆਉ, ਪਠਾਨਕੋਟ ਅਰ ਕਲਾਨੌਰ ਅਰ ਪਸਰੂਰ ਅਤੇ ਹੋਰ ਪਰਗਣਿਆਂ ਦੀਆਂ ਹੱਦਾਂ ਥੀਂ ਲੰਘਕੇ, ਲਹੌਰ ਵਿਚ ਪਹੁੰਚਦਾ ਹੈ, ਅਤੇ ਸਹਿਰ ਦੇ ਉੱਤਰ, ਪੱਛਮ, ਅਤੇ ਦੱਖਣ ਦੇ ਪਾਸੇ ਵਗਦਾ ਹੈ। ਅਤੇ ਇਨ੍ਹਾਂ ਦਿਨਾਂ ਵਿਚ ਕਈ ਪਾਤਸਾਹੀ ਪੁਰਾਣੀਆਂ ਅੰਬਾਰਤਾਂ ਢਾਹ ਲਈਆਂ ਹਨ; ਅਤੇ ਉਹ ਬੰਧ ਅਰ ਬੰਨ, ਜੋ ਸਹਿਰੋਂ ਬਾਹਰ, ਦਰਿਆਉ ਦੇ ਪਾਸੇ ਔਰੰਗਜੇਬ ਪਾਤਸਾਹ ਦੇ ਹੁਕਮ ਨਾਲ ਵਡਾ ਮਜਬੂਤ, ਚੂਨੇ ਅਰ ਇੱਟਾਂ ਦਾ ਬਣਿਆ ਹੋਇਆ ਸਾ, ਅਤੇ ਉਸ ਉੱਪੁਰ ਬਹੁਤ ਮਾਯਾ ਖਰਚ ਹੋਈ ਸੀ, ਸੋ ਕਈਆਂ ਜਾਗਾਂ ਤੇ ਢੈਕੇ ਖਰਾਬ ਹੋ ਗਿਆ ਹੋਇਆ ਹੈ;

ਅਤੇ ਇਹ ਬੰਨ੍ਹ ਪੰਜਾਂ ਕੋਹਾਂ ਵਿਚ ਸੀ; ਅਤੇ ਹੁਲ ਬਹੁਤ ਚਿਰ ਤੇ ਲਾਕੇ ਦਰਿਆਉ ਉਸ ਮਦਾਨ ਵਿਖੇ ਚਲਦਾ ਹੈ, ਜੋ ਸਾਹ- ਦਰੇ ਅਤੇ ਲਹੌਰ ਦੇ ਗੱਭੇ ਹੈ, ਅਤੇ ਇਹ ਥਿੱਥ ਦੋਕੁ ਕੋਹ ਹੋਵੇ- ਗੀ। ਕਦੇ ਉਹ ਦਰਿਆਉ ਪਾਤਸਾਹੀ ਮਸੀਤ ਦੇ ਬਗਲ਼ ਹੇਠ ਆ ਪਹੁੰਚਦਾ ਹੈ, ਅਤੇ ਕਦੇ ਜਹਾਂਗੀਰ ਪਾਤਸਾਹ ਦੇ ਮਕਬਰੇ ਦੇ ਬਾਗ ਦੀ ਕੰਧ ਦੇ ਨੇੜੇ, ਅਤੇ ਕਦੇ ਉਸ ਮਦਾਨ ਦੇ ਗੱਭੇ ਗੱਭੇ ਚੱਲਦਾ ਹੈ; ਅਤੇ ਮਕਬਰੇ ਦੇ ਬਾਗ ਦੇ ਚੜ੍ਹਦੇ ਪਾਸੇ ਦੀ ਕੰਧ ਖਰਾਬ ਕਰ ਸਿੱਟੀ ਹੈ; ਅਤੇ ਰਾਜ ਘਾਟ ਲਹੌਰ ਦੇ ਹੇਠ ਹੈ। ਅਤੇ ਉੱਥੋਂ ਲੰਘਕੇ ਫਰੀਦਾਬਾਦ ਦੇ ਨੀਚੇ ਪਹੁੰਚਦਾ ਹੈ, ਅਤੇ ਉੱਥੋਂ ਸਾਂਦਰ ਦੀ ਬਾਰ ਵਿਚੋਂ, ਜਿੱਥੇ ਵਡਾ ਬੇਲਾ ਅਤੇ ਅੱਤ ਡਰਾਉਣੀ ਉਜਾੜ ਹੈ, ਲੰਘਕੇ ਇਕ ਅਚਲਲੇ ਨਾਮੇ ਪਿੰਡ ਵਿਚ ਪੁੱਜਦਾ ਹੈ, ਅਰ ਉੱਥੋਂ ਅੱਠਾਂ ਕੋਹਾਂ ਤੀਕੁਰ ਇਹ ਦਰਿਆਉ ਸਿੱਧਾ ਤੀਰ ਵਾਂਙੂ ਜਾਂਦਾ ਹੈ, ਅਤੇ ਕਿਧਰੇ ਬਲ਼ ਵਿੰਗ ਨਹੀਂ ਮਾਰ- ਦਾ, ਅਤੇ ਨਾ ਕਿਧਰੀਓਂ ਕੰਢਿਆਂ ਨੂੰ ਢਾਹੁੰਦਾ ਹੈ, ਅਤੇ ਉਸ ਉਹ ਦੇ ਕੰਢੇ ਪਥਰ ਬੀ ਨਹੀਂ, ਤਾਂ ਭੀ ਕੰਢਿਆਂ ਨੂੰ ਖਰਾਬ ਨਹੀਂ ਕਰਦਾ। ਅਤੇ ਇਸ ਜਾਗਾ ਇਸ ਦਰਿਆਉ ਦਾ ਪਾੜਾ ਤੀਰ ਭਰ ਦੀ ਬਾਟ ਲਗ ਹੈ; ਪਰ ਉੱਥੋਂ ਡੂੰਘਾ ਬਹੁਤ ਹੈ, ਅਰ ਅੱਤ ਸਹਿਜੇ ਚਲਦਾ ਹੈ, ਜੋ ਕੰਢਿਆਂ ਨੂੰ ਕੁਛ ਢਾਹ ਨਹੀਂ ਲਗਦੀ; ਬਲਕ ਦਰਿਆਉ ਦੇ ਕੰਢੇ ਪਿੱਪਲ਼, ਬੋਹੜ, ਅੰਬ, ਅਰ ਖਜੂਰ ਦੇ ਦਰਖਤ ਲੱਗੇ ਹੋਏ ਹਨ, ਅਰ ਤਿਨਾਂ ਦੀਆਂ ਜੜ੍ਹਾਂ ਪਾਣੀ ਵਿੱਚ ਦਿੱਸ ਪੈਂਦੀਆਂ ਹਨ। ਉਸ ਧਰਤੀ ਵਿਚ ਇਸ ਦਰਿਆ- ਉ ਨੂੰ ਸਿੱਧ-ਨੈ ਆਖਦੇ ਹਨ; ਕਿਉਂਕਿ ਪੰਜਾਬੀ ਬੋਲੀ ਵਿਚ, ਸਿੱਧ ਦਾ ਅਰਥ ਸਿੱਧਾ, ਅਤੇ ਨੈ ਦਾ ਅਰਥ ਦਰਿਆਉ ਹੈ। ਅਤੇ ਇਹ ਇਕ ਅਚੰਭੇ ਦੀ ਗੱਲ ਹੈ। ਅਤੇ ਕਚਲੰਬੇ ਨਾਮੇ ਪਿੰਡ ਤੇ ਅੱਠ ਕੋਹ ਦਰਿਆਉ ਦੇ ਕਿਨਾਰੇ ਇਕ ਮਕਾਨ ਹੈ, ਜਿਹ

ਨੂੰ ਰਾਮਚੌਂਤੜ੍ਹਾ ਆਖਦੇ ਹਨ; ਸੋ ਇਹ ਦਰਿਆਉ ਉਥੋਂ ਲੰਘਕੇ ਫੇਰ ਖਿੰਗਾਤੜਿੰਗਾ ਹੋਲ, ਅਤੇ ਅਗੇ ਵਾਂਙੁ ਕੰਢਿਆਂ ਨੂੰ ਢਾਹਲ ਲੱਗ ਜਾਂਦਾ ਹੈ। ਅਤੇ ਹਿੰਦੀ ਕਹਾਣੀਆਂ ਵਿਚ ਅਜਿਹਾ ਬਿ- ਆਨ ਕਰਦੇ ਹਨ, ਕਿ ਜਸਰਥ ਦੇ ਪੁਤ ਰਾਮ ਅਰ ਲਛਮਣ ਇਸ ਸਥਾਨ ਪੁਰ ਪਹੁਤੇ ਹਨ, ਅਤੇ ਕਚਲੰਬੇ ਨਾਮੇ ਪਿੰਡੋਂ ਅਸ- ਨਾਨ ਲਈ ਜਲ ਵਿਖੇ ਵੜੇ, ਅਤੇ ਤਰਦੇ ਤਰਦੇ ਰਾਮਚੌਂਤੜੇ ਨਾਮੇ ਪਿੰਡ ਡੀਕੂਰ ਗਏ, ਅਪਰ ਆਪਣੇ ਬਸਤਰ ਦਿਸਟ ਹੇਠ ਰਖੇ; ਉਸ ਦਿਨ ਤੇ ਫੇਰ ਇਹ ਦਰਿਆਉ ਸਿਧਾ ਵਹਿਣ ਲੱਗ ਪਿਆ, ਅਤੇ ਢਾਹ ਨਹੀਂ ਕਰਦਾ। ਅਤੇ ਹਿੰਦੂਆਂ ਦਾ ਬਿਸਵਾਸ ਇਸ ਤਰਾਂ ਹੈ, ਕਿ ਇਹ ਕੰਮ ਰਾਮ ਦੀ ਬਰਕਤ ਨਾਲ ਹੋਇਆ ਹੈ। ਅਤੇ ਉਥੇ ਇਸ ਦਰਿਆਉ ਨੂੰ ਸੱਕਰਵਾਹ ਬੀ ਕਹਿੰਦੇ ਹਨ, ਇਸ ਕਰਕੇ, ਜੋ ਕਿਸੀ ਸਜਾਦੇ ਨੈ ਆਪਣੇ ਰਹਿਣ ਦੀ ਖਾਤਰ, ਉਥੇ ਇਕ ਮਕਾਨ ਬਣਵਾਇਆ ਸੀ, ਅਤੇ ਤਦ ਦਰਿਆਉ ਉਥੋਂ ਦੇ ਕੋਹਾਂ ਪੁਰ ਚਲਦਾ ਸਾ; ਇਸ ਕਰਕੇ ਉਸ ਸਜਾਦੇ ਨੈ ਇਕ ਨਹਿਰ ਦਰਿਆਓਂ ਪਟਵਾਕੇ ਸਿੱਧੀ ਆਪਣੇ ਮਕਾਨ ਹੇਠ- ਦੋਂ ਬਹਾ ਦਿੱਤੀ; ਅਤੇ ਨਹਿਰ ਪੱਟਣ ਦੇ ਵੇਲੇ, ਆਟੇ, ਘੇਉ, ਅਰ ਸੱਕਰ ਦੇ ਉਥੇ ਢੇਰ ਲਾ ਦਿੱਤੇ, ਅਤੇ ਆਮ ਹੁਕਮ ਦੇ ਦਿੱਤਾ, ਕਿ ਜੋ ਕੋਈ ਨਹਿਰ ਪੱਟੇ, ਜਿਤਨਾ ਉਸ ਤੇ ਖਾਹਦਾ ਜਾਵੇ, ਤਿਤਨਾ ਇਸ ਢੇਰ ਵਿਚੋਂ ਲੈਕੇ ਬੇਸੱਕ ਖਾਵੇ; ਸੋ ਇਸ ਕਾਰਨ ਕਰਕੇ ਉਸ ਨਹਿਰ ਦਾ ਸੱਕਰਵਾਹ ਨਾਉਂ ਪੈਗਿਆ। ਅਤੇ ਕਿਤਨੇਕੁ ਚਿਰ ਪਿੱਛੇ ਪਰਮੇਸੁਰ ਦੀ ਸਕਤ ਨਾਲ ਵਡਾ ਦਰਿਆਉ ਬੀ ਉਤੀ ਨ- ਹਿਰ ਵਿਚ ਆ ਪਿਆ; ਅਤੇ ਨਹਿਰ ਦੇ ਸਿਰਤਲਵਾਈ ਹੋਣ ਕਰਕੇ ਪਾਣੀ ਉਥੇ ਬਹੁਤ ਤੇਜ ਵਗਦਾ ਹੈ; ਅਰ ਇਸ ਕਰਕੇ ਜੋ ਦੋਹੀਂ ਕੰਢੀਂ ਧਰਤੀ ਵਡੀ ਕਰੜੀ ਅਤੇ ਪੱਕੀ ਹੈ, ਤਿਹਾ ਹੀ ਦਰਿ- ਆਉ ਸਿਧਾ ਵਗਦਾ ਹੈ। ਅਗੇ ਕੀ ਜਾਣੀਐ। ਹਿੰਦੂ ਉਸ

ਰਾਮਚੌਂਤੜੇ ਨੂੰ ਪੂਜਾਸਥਾਨ ਕਰਕੇ ਮੰਨਦੇ ਹਨ; ਅਤੇ ਦਰਿਆਉ ਦੇ ਇਸ ਪਾਸੇ ਦੇ ਕੰਢੇ ਪੁਰ, ਜੋ ਲਹੌਰ ਦੀ ਲੋਟ ਹੈ, ਲਛਮਲ ਦਾ ਸਥਾਨ ਹੈ, ਅਤੇ ਉਸ ਪਾਰ ਰਾਮਚੌਂਤੜਾ ਹੈ; ਅਤੇ ਝਨਾਉ ਦਾ ਦਰਿਆਉ ਉਥੋਂ ਛੇ ਕੋਹ ਹੈ। ਪਰੰਤੂ ਇਹ ਦਰਿਆਉ ਉਥੋਂ ਲੰਘਕੇ ਸੁੱਧੂ ਦੀ ਸਰਾਂ ਹੇਠ ਚੱਲਦਾ ਹੈ, ਅਤੇ ਉਥੋਂ ਫਾਜਲਸਾਹ ਨਾਮੇ ਨਗਰ ਦੇ ਹੇਠੋਂ ਹੋਕੇ, ਜੋ ਸਰਦਾਰਪੁਰ ਨਾਮੇ ਪਿੰਡ ਤੇ ਤਿੰਨ ਕੋਹ ਹੈ, ਝਨਾਉ ਅਰ ਬਹਿਤ ਦੇ ਦਰਿਆਉ ਨਾਲ਼ ਮਿਲ਼ ਜਾਂਦਾ ਹੈ, ਅਰ ਤਿੰਨੇ ਦਰਿਆਉ ਕਠੇ ਹੋਕੇ ਚਲਦੇ ਹਨ, ਅਤੇ ਉਥੇ ਇਸ ਦਰਿਆਉ ਨੂੰ ਤਿੰਮੋ ਕਹਿੰਦੇ ਹਨ, ਅਤੇ ਮੁਲਤਾਨ ਦੇ ਗਿਰਦਿਓਂ ਲੰਘਕੇ ਬਹਾਉਲਪੁਰ ਦੀਆਂ ਹੱਦਾਂ ਵਿਚ, ਬਿਆਹ ਅਰ ਸਤਲੁਜ ਨਾਲ਼, ਜੋ ਕਠੇ ਹੋਕੇ ਚੱਲਦੇ ਹਨ, ਮਿਲ਼ ਜਾਂਦਾ ਹੈ; ਉਸ ਮੁਲਖ ਵਿਚ ਇਸ ਦਰਿਆਉ ਨੂੰ ਪੰਜਨੱਦ ਕਰਕੇ ਆਖਦੇ ਹਨ॥

The River Jhanáu. (*Urdú,* Chanháb.)

ਚੌਥਾ ਝਨਾਉ ਦਾ ਦਰਿਆਉ। ਇਹ ਵਡਾ ਦਰਿਆਉ ਹੈ, ਇਸ ਵਿਚ ਗਾਹਲ ਬਹੁਤ ਘੱਟ ਹੈ; ਅਤੇ ਹਿੰਦੀ ਸਾਸਤ੍ਰਾਂ ਵਿਖੇ ਉਹ ਨੂੰ ਚੰਦਰਭਾਗਾ ਕਰਕੇ ਲਿਖਦੇ ਹਨ, ਅਤੇ ਕਹਿੰਦੇ ਹਨ, ਜੋ ਇਸ ਦਰਿਆਉ ਦਾ ਨਿਕਾਸ ਬਹੁਤ ਦੂਰ ਹੈ। ਅਤੇ ਅਸਲ ਵਿਚ ਦੋਹੁੰ ਦਰਿਆਵਾਂ ਨੈ ਮਿਲ਼ਕੇ ਇਕ ਨਾਉਂ ਪਾਇਆ ਹੈ; ਇਕ ਤਾ ਦਰਿਆਉ ਚੰਦਰ, ਜੋ ਚੀਨ ਦੇ ਪਹਾੜਾਂ ਵਿਚੋਂ ਨਿੱਕਲ਼ਦਾ ਹੈ; ਅਤੇ ਦੂਜਾ ਦਰਿਆਉ ਭਾਗਾ, ਜੋ ਤ੍ਰਿੱਬਤ ਦੀਆਂ ਹਦਾਂ ਤੇ ਆਉਂਦਾ ਹੈ; ਇਸ ਤੇ ਪਿੱਛੇ ਕਸਟਵਾੜ ਦੇ ਗਿਰਦੇ ਏਹ ਦੋਵੇਂ ਇਕ ਹੋ ਜਾਂਦੇ ਹਨ, ਅਰ ਚੰਦਰਭਾਗਾ ਕਹਾਉਂਦੇ ਹਨ। ਅਤੇ ਉਸ ਜਾਗਾ ਥੋਂ ਤਾਲ ਭੁਪਾਲ ਦੇ ਰਸਤੇ, ਤ੍ਰਿਕੂਟੇ ਪਹਾੜ ਦੇ ਨੇੜਿਓਂ ਜੋ ਜੰਮੂ ਦੇ ਤਾਬੇ ਹੈ, ਹੋਕੇ,

ਅਰ ਸਹਿਰ ਅਖਨੂਰ ਦੇ ਹੇਠੋਂ ਪਹਾੜੋਂ ਨਿੱਕਲਕੇ, ਉਥੋਂ ਅਠਾਰਾਂ ਟੁਕੜੇ ਹੋ ਜਾਂਦਾ ਹੈ, ਅਤੇ ਬਲੋਲਪੁਰ ਦੇ ਨੇੜੇ ਫੇਰ ਇਕ ਹੋ ਜਾਂਦਾ ਹੈ; ਅਰ ਉਥੋਂ ਸੋਧਰੇ ਦੀਆਂ ਹੱਦਾਂ ਤੇ ਲੰਘਕੇ ਬਜੀਰਾ-ਬਾਦ ਆਉਂਦਾ ਹੈ; ਅਤੇ ਰਾਜ ਘਾਟ ਬਜੀਰਾਬਾਦ ਹੈ। ਉਥੋਂ ਹਜਾਰੇ ਤੇ ਲੰਘਕੇ, ਚਲਿਓਟ ਸਹਿਰ ਦੇ ਨੀਚੇ, ਜੋ ਵਡਾ ਸਹਿਰ ਹੈ, ਇਕ ਛੋਟੀ ਜਿਹੀ ਪਹਾੜੀ ਵਿਚਦੋਂ ਲੰਘਦਾ ਹੈ; ਅਤੇ ਉਥੋਂ ਸੱਤ ਕੋਹ ਸਹਿਰ ਝੰਗਸਿਆਲਾਂ ਦੇ ਨੇੜੇ, ਦਰਿਆਉ ਬਹਿਤ ਨਾਲ ਰਲ ਜਾਂਦਾ ਹੈ॥

The River Bahit, or Jihlam.

ਪੰਜਵਾਂ ਦਰਿਆਉ ਬਹਿਤ ਹੈ, ਜੋ ਦਰਿਆਉ ਜਿਹਲਮ ਕਰਕੇ ਮਸਹੂਰ ਹੈ। ਅਤੇ ਇਹ ਦਰਿਆਉ, ਵੀਰਨਾਗ ਦੇ ਕੁੰਡ ਵਿਚੋਂ, ਜੋ ਕਸਮੀਰ ਦੇ ਮੁਲਖ ਵਿਖੇ ਹੈ, ਨਿੱਕਲਦਾ ਹੈ; ਅਤੇ ਇਸਲਾਮਾਬਾਦ ਦੇ ਸਹਿਰ ਪਾਹ, ਕੁੰਡ ਮਨਨ ਦਾ ਪਾਣੀ, ਹੋਰਨਾਂ ਪਾਣੀਆਂ ਸਣੇ ਉਸ ਵਿਚ ਰਲਕੇ ਦਰਿਆਉ ਹੋ ਜਾਂਦਾ ਹੈ। ਅਤੇ ਉਥੋਂ ਬੇੜੀਆਂ ਵਿਚ ਬੈਠਕੇ ਉਸ ਦਾ ਸੈਲ ਕਰਦੇ ਹਨ। ਅਤੇ ਉਥੋਂ ਉਸ ਦੇਸ ਦੇ ਹੋਰ ਚੁਸ-ਮਿਆਂ ਦਾ ਪਾਣੀ ਮਿਲਕੇ ਸ੍ਰੀਨਗਰ ਦੇ ਸਹਿਰ ਦੇ ਵਿਚਦੋਂ, ਜੋ ਕਸਮੀਰ ਦਾ ਰਾਜਧਾਨੀ ਹੈ, ਲੰਘਦਾ ਹੈ, ਅਤੇ ਸਹਿਰ ਦੇ ਵਿਚ ਉਸ ਉਤੇ ਸੱਤ ਪੁਲ ਬੰਨੇ ਹੋਏ ਹਨ। ਅਤੇ ਜਾਂ ਬਾਰਾਂਮੂਲੇ ਤੇ ਲੰਘਕੇ, ਮੁਜੱਫਰਾਬਾਦ ਵਿਚ ਪਹੁੰਚਦਾ ਹੈ, ਤਾਂ ਇਕ ਹੋਰ ਦਰਿ-ਆਉ ਤਿੱਬਤ ਦੀਆਂ ਹੱਦਾਂ ਥੀਂ ਵਡੀ ਤੇਜੀ ਨਾਲ ਆਕੇ ਉਹ ਦੇ ਨਾਲ ਮਿਲ ਜਾਂਦਾ ਹੈ। ਜਦ ਉਥੋਂ ਲੰਘਦਾ ਹੈ, ਤਾਂ ਪਖਲੀ ਦੀ-ਆਂ ਹੱਦਾਂ ਵਿਖੇ, ਦਰਿਆਉ ਕਿਸਨਗੰਗ ਉਹ ਦੇ ਸੰਗ ਮਿਲ ਜਾਂ-ਦਾ ਹੈ; ਅਤੇ ਉਥੋਂ ਖੱਖੜਾਂ ਦੇ ਦੇਸ ਦੀਆਂ ਹੱਦਾਂ ਤੇ, ਜੋ ਮੀਰਪੁਰ ਦੇ ਤਾਬੇ ਹੈ, ਲੰਘਕੇ ਪਹਾੜੋਂ ਨਿੱਕਲਦਾ ਹੈ, ਅਤੇ ਜਿਹਲਮ ਦੇ

ਨਗਰ ਹੇਠ ਪਹੁੰਚਦਾ ਹੈ, ਅਤੇ ਰਾਜ ਘਾਟ ਉਥੇ ਹੀ ਹੈ। ਉਥੋਂ ਲੰਘ-
ਕੇ, ਪਹਿਰੇ ਅਰ ਅਹਿਮਦਾਬਾਦ ਦੇ ਵਿਚਦੋਂ ਹੋਕੇ, ਉਸ ਪਿੰਡ ਦੇ
ਹੇਠ ਜੋ ਚੌਤੜਾ ਕਰਕੇ ਮਸਹੂਰ ਹੈ, ਝਨਾਉ ਦੇ ਦਰਿਆਉ ਨਾਲ
ਮਿਲ ਜਾਂਦਾ ਹੈ, ਅਤੇ ਇਹ ਪਿੰਡ ਝੰਗਸਿਆਲਾਂ ਤੇ, ਜੋ ਝਨਾਉ
ਦੇ ਕੰਢੇ ਹੈ, ਸੱਤ ਕੋਹ ਲਹਿੰਦੇ ਪਾਸੇ ਬਸਦਾ ਹੈ। ਅਤੇ ਦੋਹਾਂ
ਦਰਿਆਵਾਂ ਦੇ ਮਿਲਜਾਲ ਦਾ ਇਹੋ ਠਿਕਾਲਾ ਹੈ। ਅਤੇ ਉਹ
ਦੇ ਕੰਢੇ ਉਸ ਪਿੰਡ ਦੇ ਨੇੜੇ ਇਕ ਪਿੱਪਲ ਦਾ ਦਰਖਤ ਹੈ, ਜੋ
ਮਲਕਾਲਾ ਕਰਕੇ ਮਸਹੂਰ ਹੈ; ਕਿਉਂਕਿ ਬੀਬੀ ਹੀਰ, (ਕਿ ਜਿਹ
ਦਾ ਪ੍ਰੇਮ ਪੰਜਾਬ ਦੇ ਮੁਲਖ ਵਿਚ ਬਹੁਤ ਉੱਘਾ ਹੈ, ਅਤੇ ਕਈ ਕ-
ਬੀਸਰਾਂ ਨੈ ਪੰਜਾਬੀ ਬੋਲੀ ਵਿਚ ਉਹ ਦੇ ਝੇੜੇ ਦੀਆਂ ਬੈਤਾਂ
ਬਲਾਈਆਂ ਹਨ, ਅਤੇ ਲੋਕ ਉਨਾਂ ਬੈਤਾਂ ਨੂੰ ਗਾਉਂਦੇ ਹਨ,)
ਉਸ ਪਿੱਪਲ ਮਲਕਾਲੇ ਨਾਲ ਪੀਂਘ ਪਾਕੇ ਆਪਲੀਆਂ ਸਹੇ-
ਲੀਆਂ ਸੰਗ ਝੂਟਿਆ ਕਰਦੀ ਸੀ॥

The River Sindh or Abásín, or Aṭak.

ਛੇਵਾਂ ਦਰਿਆਉ ਸਿੰਧ। ਇਸ ਨੂੰ ਅਬਾਸੀਨ ਬੀ ਕਹਿੰਦੇ
ਹਨ, ਅਤੇ ਇਹ ਦਰਿਆਉ ਪੰਜਾਬ ਦੇਸ ਦੇ ਪੱਛਮ ਦੇ ਪਾਸੇ ਹੈ,
ਅਤੇ ਬਾਜੇ ਇਸ ਨੂੰ ਪੰਜਾਬ ਦੇ ਦਰਿਆਵਾਂ ਵਿਚ ਨਹੀਂ ਗਿਲ-
ਦੇ। ਇਹ ਦਰਿਆਉ ਵਡਾ ਭਾਰੀ ਦਰਿਆਉ ਹੈ, ਅਤੇ ਨਿ-
ਪਟ ਤੁੰਦ ਅਰ ਤੇਜ; ਕਦੇ ਗਾਹਲ ਨਹੀਂ ਹੋਇਆ। ਇਹ
ਦਰਿਆਉ ਹਿੰਦ ਅਰ ਕਾਬੁਲ ਦੇ ਮੁਲਖ ਦੇ ਗੱਭੇ ਹੈ; ਬਲਕ
ਹਿੰਦੂਆਂ ਦੇ ਮੱਤ ਵਿਖੇ ਅਜਿਹਾ ਲਿਖਿਆ ਹੈ, ਕਿ ਜੋ ਕੋਈ
ਹਿੰਦੂ ਇਸ ਦਰਿਆਉ ਤੇ ਪਾਰ ਲੰਘੇ, ਸੋ ਉਸ ਦਾ ਧਰਮ ਨਹੀਂ
ਰਹਿੰਦਾ, ਅਰਥਾਤ ਉਹ ਜਲਾ ਧਰਮਛੀਨ ਹੋ ਜਾਂਦਾ ਹੈ; ਹਿੰਦੂ
ਲੋਕ ਇਸ ਦਰਿਆਉ ਨੂੰ ਬੁਰਾ ਸਮਝਦੇ ਹਨ। ਇਸ ਦਰਿ-
ਆਉ ਦਾ ਨਿਕਾਸ, ਕਿਲਮਾਕ ਦੀ ਬਲਾਇਤ ਦੇ ਪਹਾੜ ਵਿਚੋਂ

ਹੈ; ਪਰ ਮਾਤਬਰਾਂ ਦੀ ਜਬਾਨੀ, ਜੋ ਆਪਣੀ ਅੱਖੀਂ ਦੇਖਿ ਆਏ ਹਨ, ਇਸ ਤਰਾਂ ਮਲੂਮ ਹੋਇਆ, ਜੋ ਇਹ ਬੀ ਉਸੀ ਮਾਨ ਤ-ਲਾਉ ਵਿਚੋਂ, (ਜਿਂਹ ਦਾ ਜਿਕਰ ਅਗੇ ਸਤਲੁਜ ਦੀ ਵਿਥਿਆ ਵਿਖੇ ਲਿਖ ਹੋ ਚੁਕਾ ਹੈ, ) ਨਿਕਲਿਆ ਹੈ। ਪਰੰਤੂ ਉਥੋਂ ਨਿ-ਕਲਕੇ ਕਾਸਗਰ ਅਤੇ ਤਿੱਬਤ ਦੀਆਂ ਹੱਦਾਂ ਵਿਚ ਪਹੁੰਚਦਾ ਹੈ; ਅਰ ਉਥੋਂ ਕਾਫਰਸਥਾਨ, ਅਰ ਕਸਮੀਰ, ਅਰ ਪਖਲੀ, ਅਰ ਦਮ-ਤੋੜ ਦੀਆਂ ਹੱਦਾਂ ਥੀਂ ਲੰਘਕੇ, ਜੂਸੁਫਜਈਆਂ ਦੇ ਮੁਲਖ ਵਿਚ ਪਹੁੰਚਦਾ ਹੈ; ਅਰ ਉਥੋਂ, ਅਟਕ ਬਨਾਰਸ ਦੇ ਕਿਲੇ ਦੇ ਹੇਠ, ਜੋ ਪਸੌਰ ਤੇ ਤੀਹ ਕੋਹ ਉਰੇ ਹੈ, ਪੁਜਦਾ ਹੈ। ਅਤੇ ਕਾਬੁਲ ਦਾ ਦਰਿਆਉ, ਜੋ ਲੰਡਾ ਕਰਕੇ ਮਸਹੂਰ ਹੈ, ਹੋਰਨਾਂ ਨਹਿਰਾਂ ਸਣੇ, ਅਟਕ ਤੇ ਅੱਧ ਕੋਹ ਉਪਰੋਂ ਮਿਲਦਾ ਹੈ; ਅਤੇ ਰਾਜ ਘਾਟ ਅਟਕ ਦੇ ਕਿਲੇ ਦੇ ਹੇਠ ਹੈ। ਅਤੇ ਇਸ ਲਈ ਜੋ ਇਥੋਂ ਦਰਿ-ਆਉ ਦਾ ਪਾੜ੍ਹਾ ਘੱਟ ਹੈ, ਬਹੁਤ ਤੇਜ ਵਗਦਾ ਹੈ। ਅਤੇ ਦ-ਰਿਆਉ ਵਿਚ ਉਸ ਪਾਰ ਪੱਛਮ ਦੀ ਲੋਟ, ਇਕ ਅਜਿਹਾ ਵਡਾ ਪੱਥਰ ਹੈ, ਕਿ ਜੋ ਕਦੇ ਬੇੜੀ ਉਸ ਨਾਲ ਟੱਕਰ ਖਾਵੇ, ਤਾਂ ਟੁਕੜੇ ਟੁਕੜੇ ਹੋ ਜਾਵੇ; ਸਦਾ ਲੋਕ ਉਸ ਪੱਥਰ ਵਲੋਂ ਡਰਦੇ ਰਹਿੰਦੇ ਹਨ। ਅਤੇ ਇਸ ਪੱਥਰ ਨੂੰ ਜਲਾਲੀਆ ਆਖਦੇ ਹਨ। ਅਤੇ ਕਹਿੰਦੇ ਹਨ, ਜੋ ਇਹ ਦਾ ਨਾਉਂ ਜਲਾਲੀਆ ਇਸ ਕਰਕੇ ਪੈ ਗਿਆ, ਜੋ ਇਕ ਬਾਰੀ ਅਕਬਰ ਪਾਤਸਾਹ ਬੇੜੀ ਵਿਚ ਚੜ੍ਹਿਆ ਹੋਇ-ਆ ਸੀ, ਅਚਾਣਕ ਦੂਜੀ ਬੇੜੀ, ਜਿਸ ਵਿਚ ਜਵਾਹਰ ਸਨ, ਉਸ ਪੱਥਰ ਨਾਲ ਟੱਕਰੀ, ਅਤੇ ਟੁਕੜੇ ਟੁਕੜੇ ਹੋਕੇ ਡੁਬ ਗਈ; ਤਦ ਪਾਤਸਾਹ ਨੈ ਹੱਸਕੇ ਫਰਮਾਇਆ, ਜੋ ਸਾਡੇ ਲਈ ਇਹ ਪੱਥਰ ਬੀ ਜਲਾਲੀਆ ਹੋਇਆ; ਅਤੇ ਉਸ ਸਮੇ ਵਿਖੇ ਜਲਾਲੀਆ ਨਾਮੇ ਇਕ ਪਠਾਣ ਸੀ, ਜੋ ਪਾੜ੍ਹਾ ਮਾਰਿਆ ਕਰਦਾ ਸਾ, ਅਤੇ ਪਾਤਸਾਹੀ ਮਾਲ ਨੂੰ ਬੀ ਲੁਟ ਲੈ ਜਾਂਦਾ ਸੀ; ਸੋ ਅਕਬਰ ਪਾਤ-

ਸਾਹ ਨੈ ਉਸ ਪੱਥਰ ਨੂੰ ਇਸ ਕਰਕੇ ਜਲਾਲੀਆ ਆਖਿਆ ਸਾ; ਉਸ ਦਿਨ ਤੇ ਲਾਕੇ ਉਸ ਪੱਥਰ ਦਾ ਉਹੀ ਨਾਉਂ ਚਲਾ ਆਉਂਦਾ ਹੈ। ਅੰਤੇ ਇਹ ਦਰਿਆਉ ਇਥੋਂ ਲੰਘਕੇ, ਖਟਕ ਦੇ ਪਠਾਣਾਂ ਦੇ ਪਹਾੜ ਵਿਚਦਿਓਂ ਵਗਦਾ ਹੈ, ਅਤੇ ਪਹਾੜੋਂ ਬਾਹਰ ਨਿਕਲਦਾ ਹੈ; ਅਤੇ ਉਥੋਂ ਨੀਲਾਬ ਦੇ ਘਾਟ ਪਹੁੰਚਦਾ ਹੈ। ਅਤੇ ਮਖੰਡ ਦੇ ਹੇਠੋਂ ਹੋਕੇ ਕਾਲੇ ਬਾਗੀਂ ਜਾਂਦਾ ਹੈ, ਅਤੇ ਪਿਪਲੀ ਨਾਮੇ ਪਿੰਡ ਤੇ ਲੰਘਕੇ, ਥਲ੍ਹਾਂ ਵਿਚਦਿਓਂ ਇਸਮਾਇਲਖਾਂ ਦੇ ਡੇਰੇ ਪਹੁੰਚਦਾ ਹੈ। ਫੇਰ ਮਨਕੇਰੇ ਦੀਆਂ ਹੱਦਾਂ ਤੇ ਲੰਘਕੇ ਡੇਰੇ ਦੀਨਪਨਾਹ ਦੇ ਥੀਂ ਪੰਜਾਂ ਕੋਹਾਂ ਪੁਰ ਚਲਦਾ ਹੈ, ਅਤੇ ਡੇਰੇ ਗਾਜੀਖਾਂ ਅਰ ਜਾਮਪੁਰ ਦੀਆਂ ਹੱਦਾਂ ਵਿਚ ਪਹੁੰਚਦਾ ਹੈ। ਪਰ ਜਾਂ ਉਥੋਂ ਟੱਪਦਾ ਹੈ, ਤਾਂ ਉਸ ਜਾਗਾ ਪੰਜਨੱਦ ਅਰ ਅਟਕ ਦੇ ਗੱਭੇ ਦੁਆਬੇ ਦਾ ਚੁੜਾਉ ਤਿਹੁੰ ਚਉਹੁੰ ਕੋਹਾਂ ਦਾ ਹੈ; ਅਤੇ ਕੋਟ ਮਿਠਨ ਦੇ ਪਾਹ, ਕਾਜੀ ਸਾਹਬ ਦੀ ਕਬਰ ਦੇ ਹੇਠ, (ਜੋ ਇਕ ਚੰਗਾ ਲੋਕ ਸੋ,) ਪੰਜਨੱਦ ਦੇ ਦਰਿਆਉ ਨਾਲ, (ਜੋ ਸਤਲੁਜ, ਰਾਵੀ, ਬਿਆਹ, ਝਨਾਉ ਅਤੇ ਜਿਹਲਮ ਹੈ,) ਆਕੇ ਕੱਠਾ ਹੋ ਜਾਂਦਾ ਹੈ; ਅਰ ਇਥੋਂ ਛੇਓ ਦਰਿਆਉ ਕੱਠੇ ਹੋਕੇ ਚਲਦੇ ਹਨ। ਅਤੇ ਉਸ ਪਾਰ ਬਹਾਉਲਪੁਰਜੇ ਦੇ ਰਾਜ ਵਿਚ, ਇਖਤਿਆਰਖਾਂ ਦੀ ਗੜ੍ਹੀ ਹੈ, ਅਰ ਉਰਾਰ ਉਹ ਦੇ ਸਾਹਮਲੇ ਰਾਜਲਪੁਰ ਨਾਮੇ ਇਕ ਪਿੰਡ ਹੈ, ਅਤੇ ਉਸ ਮੁਲਖ ਵਿਚ ਇਸ ਦਰਿਆਉ ਨੂੰ ਸਿੰਧ ਆਖਦੇ ਹਨ; ਅਰ ਇਸੀ ਦਰਿਆਉ ਦੇ ਸਬਬ ਉਸ ਮੁਲਖ ਦਾ ਬੀ ਸਿੰਧ ਹੀ ਨਾਉਂ ਪੈ ਗਿਆ। ਅਤੇ ਰੋਹੜੀ ਦਾ ਸਹਿਰ, ਦਰਿਆਉ ਸਿੰਧ ਤੇ ਉਰਾਰ, ਭੱਖਰ ਦੇ ਕਿਲੇ ਦੇ ਸਾਹਮਲੇ ਹੈ; ਅਤੇ ਸਕਾਰਪੁਰ ਦਰਿਆਉ ਸਿੰਧ ਤੇ ਪਾਰ ਹੈ; ਅਤੇ ਇਨਾਂ ਦੋਨਾਂ ਸਹਿਰਾਂ ਵਿਚ, ਜੋ ਦਰਿਆਉ ਦੇ ਕੰਢੇ ਹਨ, ਸੋਲ੍ਹਾਂ ਕੁ ਕੋਹਾਂ ਦੀ ਵਿੱਥ ਹੈ। ਇਸ ਦਰਿਆਉ ਥੀਂ ਲੰਘਕੇ ਹਿੰਦੁਸਥਾਨੋਂ ਬਲੋ-

ਚਸਥਾਨ ਵਿਖੇ ਜਾ ਵੜਦੇ ਹਨ; ਅਰ ਉਥੋਂ ਅਗੇ ਇਰਾਨ ਨੂੰ ਜਾਂਦੇ ਹਨ। ਅਤੇ ਇਸ ਦਰਿਆਉ ਦੇ ਦੋਹੀਂ ਪਾਸੀਂ ਸਮੁੰਦਰ ਤੀਕੁਰ ਦਰਖਤ ਅਰੇ ਬੇਲਾ ਅਰ ਝੱਲ ਹੀ ਲਗਦਾ ਚਲਾ, ਗਿਆ ਹੈ। ਫੇਰ ਇਹ ਦਰਿਆਉ ਉਥੋਂ ਭਖਰ ਦੇ ਕਿਲੇ ਦੇ ਹੇਠ ਪੁਜਕੇ ਦੋ ਟੁਕੜੇ ਹੋ ਜਾਂਦਾ ਹੈ, ਅਰ ਕਿਲੇ ਦੇ ਦੋਹੀਂ ਪਾਸੀਂ ਵਗਦਾ ਹੈ; ਇਸੀ ਕਰਕੇ ਕਿਲਾ ਵਡਾ ਮਜਬੂਤ ਹੈ। ਅਤੇ ਹੁਣ ਇਹ ਕਿਲਾ, ੧੮੩੯ ਅਠਾਰਾਂ ਸੈ ਉਲਤਾਲ਼ੀ ਸਨ ਈਸਵੀ ਤੇ ਲਾਕੇ, ਸਰਕਾਰ ਕੰਪਨੀ ਅੰਗਰੇਜ ਬਹਾਦਰ ਦੇ ਅਮਲ ਅਰ ਕਾਬੂ ਅਰ ਰਾਜ ਵਿਚ ਹੈ। ਅਤੇ ਇਹ ਦਰਿਆਉ ਉਥੋਂ ਸੀਸਤਾਨ ਦੀ ਬਲਾਇਤ ਦੇ ਰਸਤੇ, ਠੱਠੇ ਦੇ ਮੁਲਖ ਵਿਚ ਆਉਂਦਾ ਹੈ, ਅਰ ਠੱਠਿਓਂ ਤੀਹ ਕੋਹ ਲਾਹਰੀ ਬੰਦਰ ਦੇ ਕੋਲ਼ ਸਮੁੰਦਰ ਵਿਖੇ ਮਿਲ਼ ਜਾਂਦਾ ਹੈ॥

### General Division of the Country.

ਪਰੰਤੂ ਇਹ ਪੰਜਾਬ ਦਾ ਮੁਲਖ ਇਨ੍ਹਾਂ ਛੇਆਂ ਦਰਿਆਵਾਂ ਦੇ ਸਬਬ, ਪੰਜਾਂ ਹਿੱਸਿਆਂ ਵਿਖੇ ਬੰਡਿਆ ਗਿਆ ਹੈ; ਹਰ ਹਿੱਸੇ ਨੂੰ ਦੁਆਬਾ ਕਹਿੰਦੇ ਹਨ, ਅਤੇ ਹਰ ਦੁਆਬੇ ਦਾ, ਆਈਨ ਅਕਬਰੀ ਵਿਚ, ਜੁਦਾ ਜੁਦਾ ਨਾਉਂ ਹੈ; ਉਹ ਧਰਤੀ ਜੋ ਦਰਿਆਉ ਸਿੰਧ ਅਰ ਬਹਿਤ ਦੇ ਵਿਚਕਾਹੇ ਹੈ, ਉਸ ਨੂੰ ਸਿੰਧ ਸਾਗਰ ਦਾ ਦੁਆਬਾ ਆਖਦੇ ਹਨ; ਅਤੇ ਜੋ ਬਹਿਤ ਅਰ ਝਨਾਉ ਦੇ ਗੱਭੇ ਹੈ, ਉਹ ਨੂੰ ਪੋਠੋਹਾਰ ਦਾ ਦੁਆਬਾ ਕਹਿੰਦੇ ਹਨ; ਅਤੇ ਜਿਹੜਾ ਮੁਲਖ ਝਨਾਉ ਅਰ ਰਾਵੀ ਦੇ ਵਿਚਕਾਰ ਹੈ, ਉਹ ਦਾ ਨਾਉਂ ਦੁਆਬਾ ਰਚਨਾ ਹੈ; ਅਤੇ ਉਹ ਦੇਸ ਜੋ ਰਾਵੀ ਅਰ ਬਿਆਹ ਦੇ ਵਿਚ ਹੈ, ਉਸ ਦੁਆਬੇ ਦਾ ਨਾਉਂ ਬਾਰੀ ਕਰਕੇ ਲਿਖਦੇ ਹਨ; ਅਤੇ ਬਿਆਹ ਅਰ ਸਤਲੁਜ ਦੇ ਵਿਚਾਲੇ ਦਾ ਦੁਆਬਾ, ਬਿਸਤ ਜਲੰਧਰ ਕਹਾਉਂਦਾ ਹੈ। ਏਹ ਪੰਜੋ ਦੁਆ-

ਬੇ ਬਹੁਤ ਅਬਾਦ ਅਤੇ ਹਰਿਆ ਭਰਿਆ ਮੁਲਖ ਹੈ। ਹਰੇਕ ਦੁਆਬੇ ਵਿਚ ਬਹੁਤ ਸਹਿਰ ਅਰ ਨਗਰ, ਅਰ ਅਨਗਿਨਤ ਪਿੰਡ ਅਬਾਦ ਹਨ। ਅਤੇ ਇਸ ਦੇਸ ਦੀ ਆਬ ਹਵਾ, ਨਾ ਤਾ ਬਹੁਤ ਤੱਤੀ ਹੈ, ਅਰ ਨਾ ਬਹੁਤ ਠੰਢੀ ਹੈ; ਜਿਹਾਕੁ ਪਾਲਾ ਬੀ ਅਜਿਹਾ ਨਹੀਂ ਪੈਂਦਾ, ਜੋ ਅੱਗ ਸੇਕਿਆਂ ਬਾਝੁ ਨਾ ਰਿਹਾ ਜਾਵੇ; ਅਤੇ ਬਰਫ ਬੀ ਨਹੀਂ ਪੈਂਦੀ; ਅਤੇ ਨਾ ਇਤਨੀ ਗਰਮੀ ਹੁੰਦੀ ਹੈ, ਜੋ ਹੱਦੋਂ ਲੰਘ ਜਾਵੇ; ਬਲਕ ਕਦੇ ਕਦੇ ਰਾਤ ਨੂੰ ਠੰਢ ਦੇ ਕਾਰਨ ਕਪੜੇ ਦੀ ਲੋੜ ਬਨ ਜਾਂਦੀ ਹੈ। ਅਤੇ ਬਰਸਾਤ ਦੀ ਰੁੱਤੇ ਬਰਖਾ ਹੁੰਦੀ ਹੈ, ਪਰ ਬੰਗਾਲੇ ਦੇਸ ਨਾਲੋਂ ਬ੍ਰਹੁਤੀ ਹੁੰਦੀ ਹੈ; ਅਤੇ ਮੇਵੇ ਭਾਵੇਂ ਇਰਾਨ ਤੁਰਾਨ ਵਰਗੇ ਇਸ ਦੇਸ ਵਿਚ ਨਹੀਂ ਮਿਲਦੇ, ਤਾਂ ਭੀ ਹਰ ਪਰਕਾਰ ਦਾ ਫਲ ਲੱਝ ਜਾਂਦਾ ਹੈ। ਇਸ ਦੇਸ ਦੀ ਇਕ ਹੋਰ ਅਲੋਖੀ ਗੱਲ ਹੈ, ਕਿ ਇਨਾਂ ਦੁਆਬਿਆਂ ਦੀ ਆਪੋ ਆਪਣੀ ਆਬ ਹਵਾ ਅੱਡੋ ਅੱਡ ਹੈ, ਇਕ ਦੀ ਦੂਜੇ ਨਾਲ ਨਹੀਂ ਮਿਲਦੀ; ਨਿਰਾ ਬੋਲੀ ਅਰ ਭਰਾਵੇ ਵਿਚ ਕੁਛ ਕੁਛ ਭਿੰਨ ਹੈ। ਅਤੇ ਇਸ ਮੁਲਖ ਦੇ ਲੋਕ ਬਾਹਲੇ ਬੰਦਗੀ ਅਰ ਪੂਜਾ ਕਰਨਵਾਲੇ ਹਨ, ਅਤੇ ਆਦਰ ਭਾਉ, ਅਰ ਪਰਾਹੁਨਚਾਰੀ, ਅਰ ਖਾਲਸ ਪਿਆਰ ਵਿਖੇ ਬੇਰਿਆ ਹਨ, ਅਤੇ ਪਰਾਹੁਣਿਆਂ ਦੀ ਨਿਰੀ ਬੇਗਰਜ ਖਾਤਰਦਾਰੀ ਕਰਦੇ ਹਨ॥

چو پنجاب انتخاب ہفت کشور
قسم خوردہ بخاکش آب کوثر
فضائے نشہٗ مستی ہوایش
زمین و آسمانہا خاک پایش

ਇਨ੍ਹਾਂ ਪਾਰਸੀ ਦੀਆਂ ਬੈਤਾਂ ਦਾ ਅਰਥ ਇਹ ਹੈ, ਕਿ ਵਾਹ ਵਾਹ! ਪੰਜਾਬ ਦਾ ਕਿਆ ਅਨੂਪ ਅਤੇ ਸੁੰਦਰ ਦੇਸ ਹੈ, ਜੋ ਉਹ ਸੱਤਾਂ ਹੀ ਇਕਲੀਮਾਂ ਵਿਚੋਂ ਚੁਣਿਆ ਹੋਇਆ ਦੇਸ ਹੈ, ਅਤੇ ਉਹ ਦੀ ਮਿੱਟੀ ਦੀ ਕੇਸਰ ਦੇ ਜਲ ਨੈ ਸੁਗੰਦ ਖਾਹਦੀ, ਅਤੇ ਉਹ ਦੀ ਬਾਉ ਥੀਂ ਆਦਮੀ ਮਸਤੀ ਦੀਆਂ ਤਰੰਗਾਂ ਵਿਚ ਆ ਜਾਂਦਾ ਹੈ, ਅਤੇ ਧਰਤੀ ਅਰ ਅਕਾਸ ਸੱਭੇ ਉਹ ਦੇ ਚਰਨਾਂ ਦੀ ਧੂੜ ਹਨ!

## The First Duába—Bist Jalandhar.

ਪਹਿਲਾ ਦੁਆਬਾ ਬਿਸਤ ਜਲੰਧਰ। ਉਹ ਸਭਨਾਂ ਦੁਆਬਿਆਂ ਨਾਲੋਂ ਬਹੁਤ ਛੋਟਾ ਹੈ, ਪਰ ਵਸੋਂ ਅਰ ਖੇਤੀ-ਪੱਤੀ ਵਿਚ ਸਾਰੀ ਪੰਜਾਬ ਨਾਲੋਂ ਵੱਧ ਹੈ; ਉਸ ਵਿਖੇ ਕਿਧਰੇ ਰੋਹੀ ਨਹੀਂ, ਅਰਥਾਤ ਕਿਧਰੇ ਖੇਤੀ ਬਾਹਰੀ ਭੋਂ ਨਹੀਂ। ਅਤੇ ਪਾਣੀ, ਅਰ ਖੇਤੀ, ਅਰ ਨਹਿਰਾਂ, ਅਤੇ ਮੇਵੇਦਾਰ ਦਰਖਤਾਂ ਦੀ ਬੁਤਾਇਤ ਕਰਕੇ, (ਜਿਹੇ ਕੁ ਅੰਬ ਅਰ ਖਜੂਰਾਂ ਹਨ,) ਕਸਮੀਰ ਦੇ ਬਰੋਬਰ ਹੈ। ਅਤੇ ਹਰ ਪਰਕਾਰ ਦੇ ਅਨਾਜ ਦੀ, ਇਸ ਦੁਆਬੇ ਵਿਖੇ, ਇਤਨੀ ਬੁਤਾਇਤ ਹੈ, ਜੋ ਸਾਰੀ ਪੰਜਾਬ ਵਿਚ, ਉਥੋਂ ਦਾਲਾ ਜਾਂਦਾ ਹੈ। ਕਾਲ੍ਹ ਸਮੇ ਵਿਚ ਬੀ ਉਸ ਮੁਲਖ ਦੇ ਲੋਕ, ਮਹਿੰਗ ਦੀ ਬਲਾ ਦੇ ਕਾਰਨ ਹੋਰਨਾਂ ਜਿਹੇ ਨਹੀਂ ਔਖੇ ਹੁੰਦੇ; ਸਗੋਂ ਅਨਾਜ ਵੇਚਕੇ ਧਨਮਾਨ ਬਣ ਜਾਂਦੇ ਹਨ। ਗੰਨਾ ਅਰ ਕੁਪਾਹ ਬਹੁਤ ਹੀ ਬੀਜਦੇ ਹਨ, ਅਤੇ ਗੁੜ, ਸੱਕਰ, ਸੁਪੈਦ ਰੰਗ, ਅੱਤ ਮਜੇਦਾਰ ਅਰ ਉਮਦਾ, ਪੈਦਾ ਹੁੰਦੇ ਹਨ; ਅਤੇ ਬੁਪਾਰੀ ਕਾਬੁਲ, ਕਸਮੀਰ, ਅਤੇ ਹੋਰ ਦੂਰ ਦੂਰ ਦੇ ਮੁਲਖਾਂ ਨੂੰ ਇਥੋਂ ਲੈ ਜਾਂਦੇ ਹਨ॥

## The Minor Streams.

ਅਤੇ ਇਸ ਦੁਆਬੇ ਵਿਖੇ ਛੋਟੀਆਂ ਮੋਟੀਆਂ ਸਭ ਛੱਤੀ ਨਹਿਰਾਂ ਅਰ ਵੇਈਆਂ ਹਨ; ਉਨ੍ਹਾਂ ਛਤੀਆਂ ਵਿਚੋਂ, ਚੋਬੀ ਤਾ

ਸਦਾ ਚਲਦੀਆਂ ਰਹਿੰਦੀਆਂ ਹਨ; ਉਨਾਂ ਵਿਚੋਂ ਦੋ ਜੋ ਵਡੀਆਂ ਹਨ, ਤਿਨਾਂ ਨੂੰ ਬੇਈਆਂ ਕਰਕੇ ਆਖਦੇ ਹਨ, ਅਰ ਉਹ, ਜੋ ਦਰਿਆਉ ਬਿਆਹ ਦੀ ਵਲ ਹੈ, ਸੋ ਕਾਲ਼ੀ ਬੇਈਂ ਸਦਾਉਂਦੀ ਹੈ; ਅਤੇ ਜਿਹੜੀ ਸਤਲੁਜ ਦੀ ਵਲ ਹੈ, ਉਹ ਨੂੰ ਚਿੱਟੀ ਬੇਈਂ ਆਖਦੇ ਹਨ; ਅਤੇ ਇਹ ਵਡੀ ਭਯਾਲਕ ਬੇਈਂ ਹੈ; ਕਿੰਉਕਿ ਸਦਾ ਪਾਲੀ ਨਾਲ਼ ਭਰੀ ਰਹਿੰਦੀ ਹੈ, ਅਰ ਚੀਕੁਲੀ ਮਿੱਟੀ ਦੇ ਸਬਬ, ਘਾਟ ਛੁੱਟ ਹਰ ਜਾਗਾ ਤੇ ਨਹੀਂ ਲੰਘ ਸੱਕੀਦਾ। ਏਹ ਦੋਵੇਂ ਬੇਈਆਂ, ਬਰਸਾਤ ਦੀ ਰੁੱਤੇ, ਬਹੁਤ ਹੀ ਚੜ੍ਹ ਜਾਂਦੀਆਂ ਹਨ; ਤਦ ਬੇੜੀ ਬਾਝ ਨਹੀਂ ਲੰਘ ਸੱਕੀਦਾ। ਅਤੇ ਦੂਜੀਆਂ ਬਾਰਾਂ ਨਹਿਰਾਂ ਸੁੱਕੀਆਂ ਪਈਆਂ ਰਹਿੰਦੀਆਂ ਹਨ; ਬਰਸਾਤ ਦੀ ਰੁੱਤੇ, ਜਾਂ ਪਹਾੜੋਂ ਹੜ੍ਹ ਆਉਂਦੇ ਹਨ, ਤਾਂ ਇਨਾਂ ਤੇ ਬੀ ਲੰਘਲਾ ਔਖਾ ਹੁੰਦਾ ਹੈ; ਫੇਰ ਬਰਸਾਤ ਦੇ ਪਿਛੋਂ ਸੁੱਕ ਜਾਂਦੀਆਂ ਹਨ, ਅਤੇ ਰੇਤ ਰਹਿ ਜਾਂਦੀ ਹੈ॥

## The Extent of the Jalandhar Doab.

ਇਸ ਦੁਆਬੇ ਦਾ ਲੰਬਾਉ ਪਹਾੜ ਨੂੰ ਛੱਡਕੇ, ਸਾਰਾ ਅਠਾਹਟ ਕੋਹਾਂ ਦਾ ਹੈ, ਅਤੇ ਚੁੜਾਉ ਪੰਜਾਹਾਂ ਕੋਹਾਂ ਦੇ ਲਗਭਗ ਹੈ। ਦੈਰੋਵਾਲ਼ ਤੇ ਲੈਕੇ, ਜੋ ਬਿਆਹ ਦਾ ਰਾਜ ਘਾਟ ਹੈ, ਫਿਲੌਰ ਤੀਕੁਰ, ਜੋ ਸਤਲੁਜ ਦਾ ਰਾਜ ਘਾਟ ਹੈ, ਕੁੱਲ ਪੈਂਤੀ ਕੋਹ ਹੈ॥

## THE TOWNS OF THE JALANDHAR DOAB.

ਇਸ ਦੁਆਬੇ ਵਿਚ ਪਿੰਡ ਬਹੁਤ ਹੀ ਬਸਦੇ ਹਨ; ਅਤੇ ਹੋਰ ਛੋਟੇ ਛੋਟੇ ਪਿੰਡ, ਅਰ ਵਡੇ ਵਡੇ ਸਹਿਰ ਤਾ ਅਲਗਿਲਤ ਹਨ। ਇਹ ਦੁਆਬਾ ਸਾਰਾ ਸੱਠ ਮਹਾਲ ਹੈ; ਅਰ ਇਸ ਦੀਆਂ ਜਿਮੀਨਾਂ, ਅਰ ਸਾਮੀਆਂ, ਅਰ ਰੋਕੜ, ਅਰ ਕਿਲਿਆਂ, ਅਰ ਜਿੰਮੀਦਾਰਾਂ ਦੀਆਂ ਜਾਤਾਂ ਗੋਤਾਂ ਦਾ ਸਾਰਾ ਬੇਰਵਾ, ਆਈਨ ਅਕਬਰੀ ਵਿਚ ਲਿਖਿਆ ਹੋਇਆ ਹੈ; ਇਸ ਵਿਚ ਬਾਜਿਆਂ

ਨਗਰਾਂ ਅਰ ਪਿੰਡਾਂ ਦਾ ਬੇਰਵਾ, ਜੋ ਹੁਣ ਬਸਦੇ ਹਨ, ਲਿਖਿਆ ਜਾਂਦਾ ਹੈ॥

### Sultánpur.

ਕਸਬਾ ਸੁਲਤਾਨਪੁਰ ਕਦੀਮੀ ਸਹਿਰ ਹੈ; ਦਿੱਲੀਵਾਲ਼ੇ ਪਾਤਸਾਹਾਂ ਦੇ ਰਾਜ ਵਿਖੇ, ਇਹ ਸਹਿਰ ਵਡਾ ਅਬਾਦ ਸੀ, ਅਤੇ ਅਸਰਾਫਾਂ ਅਰ ਹੋਰ ਕੌਮਾਂ ਦੇ ਰਹਿਣ ਦੀ ਜਾਗਾ ਸਾ। ਕਹਿੰਦੇ ਹਨ, ਜੋ ਔਰੰਗਜੇਬ ਪਾਤਸਾਹ, ਨਿਕੜੇ ਹੁੰਦਿਆਂ ਇਸ ਸਹਿਰ ਵਿਚ ਕਈ ਚਿਰੁ ਰਿਹਾ ਸਾ; ਇਸ ਲਈ ਸਹਿਰ ਦੀਆਂ ਅੰਬਾਰਤਾਂ ਸਾਰੀਆਂ ਪੱਕੀਆਂ ਸਨ; ਹੁਣ ਸਾਰਾ ਬੈਰਾਨ ਹੋ ਗਿਆ ਹੋਇਆ ਹੈ; ਪਰ ਕੋਈ ਕੋਈ ਹਵੇਲੀਆਂ ਅਰ ਘਰ ਅਜੇ ਬੀ ਹਨ, ਅਪਰ ਸਹਿਰਪਨਾਹ ਅਰ ਦਰਵੱਜਾ ਕੁਛ ਬੀ ਹੈ ਨਹੀਂ; ਅਗਲੀਆਂ ਪਾਤਸਾਹੀ ਅੰਬਾਰਤਾਂ ਵਿੱਚੋਂ ਇਕ ਪੱਕੀ ਸਰਾਂ ਰਹਿ ਗਈ ਹੈ, ਅਤੇ ਸੌਕੁ ਬਜਾਰੂ ਹੱਟਾਂ ਬਸਦੀਆਂ ਹਨ। ਅਤੇ ਹਾਕਮ ਦੇ ਬੈਠਣ ਦੀ ਜਾਗਾ ਉਹੋ ਸਰਾਂ ਹੈ। ਅਤੇ ਸਹਿਰ ਤੇ ਉੱਤਰ ਦੇ ਪਾਸੇ ਨੇੜੇ ਹੀ ਇਕ ਪਾਣੀ ਦੀ ਨਹਿਰ ਵਗਦੀ ਹੈ, ਜਿਹ ਨੂੰ ਕਾਲ਼ੀ ਬੇਈਂ ਆਖਦੇ ਹਨ; ਉਸ ਪੁਰ ਦੋ ਪਾਤਸਾਹੀ ਪੱਕੇ ਪੁਲ਼ ਬੰਨੇ ਹੋਏ ਸਨ, ਹੁਣ ਓਹ ਦੋਨੋ ਟੁਟ ਫੁਟ ਗਏ ਹੋਏ ਹਨ; ਇਸ ਕਰਕੇ ਬਰਸਾਤ ਨੂੰ ਬੇੜੀ ਵਿਚ ਬੈਠਕੇ ਉਥੋਂ ਲੰਘਦੇ ਹਨ। ਬਿਆਹ ਦਾ ਦਰਿਆਉ ਉਥੋਂ ਪੰਜ ਕੋਹ ਉੱਤਰ ਦੇ ਪਾਸੇ ਹੈ, ਅਤੇ ਸਤਲੁਜ ਸੱਤ ਕੋਹ ਦੱਖਣ ਦੀ ਵਲ ਹੈ, ਅਤੇ ਉਸੀ ਲਤੇ ਵਿਚ ਦੋਵੇਂ ਦਰਿਆਉ ਕੱਠੇ ਹੋ ਜਾਂਦੇ ਹਨ॥

### Rái kí Talwandí.

ਰਾਇ ਸੁਲਤਾਨ ਦੀ ਤਲਵੰਡੀ ਇਕ ਪਿੰਡ ਸੀ, ਪਰ ਇਸ ਸਮੇ ਵਿਚ ਚੌਧਰੀ ਕਾਦਰਬਖਸ ਦੇ ਰਹਿਣ ਨਾਲ਼, ਜੋ ਫਤੇਸਿੰਘੁ ਆਹਲੂਵਾਲ਼ੀਏ ਦਾ ਦਿਵਾਨ ਸਾ, ਸਹਿਰ ਵਰਗੀ ਹੋ ਗਈ ਸੀ; ਹਵੇ-

ਲੀਆਂ ਅਰ ਮਸੀਤਾਂ ਅਰ ਪੱਕੀਆਂ ਅੰਬਾਰਤਾਂ ਅਤੇ ਸਹਿਰਪਨਾਹ, ਸਭ ਕੁਛ ਬਲ਼ ਗਿਆ ਹੋਇਆ ਸਾ, ਪਰ ਚੋਧਰੀ ਦੇ ਮਰਨੇ ਪਿਛੇ ਫੇਰ ਉੱਜੜ ਹੋ ਗਈ॥

Sekhúpur.

ਸੇਖੂਪੁਰ, ਅਗਲੇ ਜਮਾਨੇ ਵਿਚ ਵਡਾ ਸਹਿਰ ਹੋ ਹਟਿਆ ਹੈ; ਉਸ ਵਿਚ ਪੱਕੀਆਂ ਅੰਬਾਰਤਾਂ ਸੀਆਂ; ਅਤੇ ਸੇਖੂਪੁਰ ਦਾ ਆਪਣਾ ਜੁਦਾ ਪਰਗਣਾ ਸਾ; ਹੁਣ ਉੱਜੜ ਪਿਆ ਹੈ, ਨਿਰੇ ਥੁਹੁੜੇ ਜਿਹੇ ਘਰ ਬਸਦੇ ਹਨ, ਅਤੇ ਉਹੋ ਉੱਜੜਕੇ ਕਪੂਰਥਲਾ ਵਸਿਆ ਹੈ॥

Kapúrthalá.

ਕਪੂਰਥਲਾ ਇਕ ਪਿੰਡ ਸੀ, ਅਤੇ ਸੇਖੂਪੁਰ ਦੇ ਨਾਲ ਲਗਦਾ ਸੀ। ਸਿੱਖਾਂ ਦੇ ਨਿਕਾਸ ਦੀ ਪਹਿਲ ਵਿਚ, ਜਾਂ ਜਿਮੀਦਾਰਾਂ ਵਿਚੋਂ ਹਰ ਕੋਈ ਆਪੋ ਆਪਣੀ ਜਾਗਾ ਠਾਲੇਮੀਰ ਬਣ ਬੈਠਾ ਹੋਇਆ ਸੀ, ਤਾਂ ਰਾਇ ਇਬਰਾਹੀਮ ਥੋਮੀ ਰਾਜਪੂਤ ਇਸੀ ਜਿਲੇ ਦਾ, ਅਦੀਨਾਬੇਗਖਾਂ ਦੇ ਰਾਜ ਦੇ ਪਿਛਲੇ ਪੱਖ ਵਿਖੇ, ਫੌਜਾਂਵਾਲਾ ਹੋ ਗਿਆ; ਅਤੇ ਇਸੀ ਕਪੂਰਥਲੇ ਵਿਚ ਵਡੀਆਂ ਵਡੀਆਂ ਅੰਬਾਰਤਾਂ ਬਣਾਈਆਂ, ਅਤੇ ਇਰਦੇ ਗਿਰਦੇ ਦਾ ਮੁਲਖ ਸੁਲਤਾਨਪੁਰ ਤੀਕੁਰ, ਆਪਣੇ ਵੱਸ ਵਿਚ ਲਿਆਇਆ। ਹੋਰ ਗਲਾਂ ਤਾ ਹੋਈਆਂ, ਪਰ ਉਹ ਸੂਰਮਗਤੀ ਅਰ ਦਾਤਾਰੀ ਵਿਚ ਬਹੁਤ ਹੀ ਮਸਹੂਰ ਸੀ; ਇਸੀ ਕਰਕੇ ਅਦੀਨਾਬੇਗਖਾਂ ਦੇ ਮਰਨ ਤੇ ਪਿਛੋਂ ਉਹ ਦੇ ਮੁਸਾਹਬਾਂ ਵਿਚੋਂ ਬਹੁਤੇ ਰਾਇ ਇਬਰਾਹੀਮ ਦੇ ਪਾਹ ਆਕੇ ਨੌਕਰ ਹੋ ਗਏ; ਅਤੇ ਉਹ ਉਨਾਂ ਲੋਕਾਂ ਨੂੰ ਬਹੁਤ ਹੀ ਇਨਾਮ ਕਿਨਾਮ ਦਿੰਦਾ ਸੀ। ਅਤੇ ਉਹ ਪਿੰਡ ਇਕ ਸਹਿਰ ਵਰਗਾ ਹੋ ਗਿਆ, ਅਤੇ ਹਰ ਪਰਕਾਰ ਦੇ ਲੋਕ ਉਸ ਵਿਚ ਆਣ ਬਸੇ। ਜਾਂ ਜੱਸਾਸਿੰਘ ਆਹ-

ਲੂਵਾਲੀਆ ਮੁਲਖ ਲੈਲ ਦਾ ਦਾਜਾ ਕਰਕੇ ਉਠਿਆ, ਤਾਂ ਉਸ ਨੈ ਰਾਇ ਇਬਰਾਹੀਮ ਕੋਲੋਂ ਲੜਕੇ ਇਹ ਸ਼ਹਿਰ ਖੁਹ ਲਿਆ। ਅਤੇ ਹੁਣ ਉਹ ਸ਼ਹਿਰ, ਸਰਦਾਰ ਫਤੇਸਿੰਘ ਆਹਲੂਵਾਲੀਏ ਦੇ ਰਾਜ ਵਿਚ, ਬਹੁਤ ਹੀ ਬਸ ਗਿਆ; ਅਤੇ ਉੱਤਰ ਦੇ ਪਾਸੇ ਸ਼ਹਿਰ ਦੇ ਲਾਗ ਹੀ ਇਕ ਪੱਕਾ ਉਮਦਾ ਬਾਗ ਸਰਦਾਰ ਫਤੇਸਿੰਘ ਦਾ ਬਲਵਾਇਆ ਹੋਇਆ ਹੈ; ਅਤੇ ਸ਼ਹਿਰ ਵਿਚ ਬੀ ਵਡੇ ਵਡੇ ਮਹਿਲ ਬਲਵਾਏ ਹੋਏ ਹਨ। ਬਿਆਹ ਨਦੀ ਉਥੋਂ ਬਾਰਾਂ ਕੋਹ, ਅਰ ਸਤਲੁਜ ਮਉ ਦੇ ਘਾਟੋਂ ਬੀਹ ਕੋਹ ਹੈ॥

Kartárpur.

ਕਰਤਾਰਪੁਰ ਇਕ ਨਵਾਂ ਸ਼ਹਿਰ ਗੁਰੂ ਹਰਗੋਬਿੰਦ ਦਾ ਬਲਾਇਆ ਹੋਇਆ ਹੈ। ਉਥੇ ਦਾ ਕਿਲਾ ਪੱਕਾ, ਅਤੇ ਘਰਾਂ ਦੀਆਂ ਅੰਬਾਰਤਾਂ ਵਡੀਆਂ ਸੁਹਣੀਆਂ ਬਣੀਆਂ ਹੋਈਆਂ ਹਨਗੀਆਂ; ਅਤੇ ਸਿੱਖ ਲੋਕ ਉਥੇ ਦਰਸਨ ਨੂੰ ਜਾਂਦੇ ਹਨ, ਅਤੇ ਮੱਥਾ ਟੇਕਦੇ ਹਨ। ਇਕ ਪੱਕਾ ਬਾਗ ਸ਼ਹਿਰ ਦੇ ਅੰਦਰ, ਅਰ ਦੋ ਕੱਚੇ ਸ਼ਹਿਰੋਂ ਬਾਹਰ ਹਨ। ਅਤੇ ਉਸ ਸ਼ਹਿਰ ਦੀ ਹਕੂਮਤ ਹੁਣ ਤੀਕੁ ਗੁਰੂ ਹਰਗੋਬਿੰਦ ਹੀ ਦੀ ਉਲਾਦ ਕੋਲ਼ ਹੈ। ਬਿਆਹ ਨਦੀ ਉਥੋਂ ਬਾਰਾਂ ਕੋਹ, ਅਰ ਸਤਲੁਜ ਪੰਜੀ ਕੋਹ ਹੈ॥

Jalandhar.

ਜਲੰਧਰ ਇਕ ਵਡਾ ਪੁਰਾਣਾ ਸ਼ਹਿਰ ਹੈ; ਅਤੇ ਕਦੀਮ ਤੇ ਲਾਕੇ ਇਸ ਦੁਆਬੇ ਦੇ ਹਾਕਮ ਦੇ ਰਹਿਣੇ ਦੀ ਜਾਗਾ ਰਿਹਾ ਹੈ। ਸ਼ਹਿਰ ਦੀਆਂ ਅੰਬਾਰਤਾਂ ਸਾਰੀਆਂ ਪੱਕੀਆਂ ਹਨ; ਪਰ ਪਾਤਸ਼ਾਹਾਂ ਦੇ ਰਾਜ ਵਿਚ ਤਾ ਬਹੁਤ ਹੀ ਅਬਾਦ ਸੀ। ਅਤੇ ਹਮੇਸਾਂ ਤੇ ਲਾਕੇ ਅਸਰਾਫਾਂ ਅਰ ਆਲਮਾਂ ਅਰ ਭਲੇ ਮਾਣਸਾਂ ਦੇ ਰਹਿਣ ਦਾ ਮਕਾਨ ਹੈ, ਅਤੇ ਵਡਾ ਸ਼ਹਿਰ ਹੈ। ਸ਼ਹਿਰੋਂ ਬਾਹਰ ਕਈ ਬਾਗ, ਅਰ ਬਹੁਤ ਪੱਕੇ ਮਕਬਰੇ ਸਨ; ਹੁਣ

ਉਨ੍ਹਾਂ ਵਿਚੋਂ ਕਈ ਛੋਟੇ ਹੋਏ ਹਨ। ਅਤੇ ਪੱਕਾ ਕਿਲਾ, ਜੋ ਹਾ-
ਕਮ ਦੇ ਰਹਿਣ ਦੀ ਜਾਗਾ ਹੈ, ਬਹੁਤ ਮਜਬੂਤ ਅਤੇ ਸਹਿਰ ਦੇ
ਵਿੱਚ ਹੈ; ਅਤੇ ਬਜਾਰ ਦੀਆਂ ਹੱਟਾਂ ਛਾਈਕੁ ਹਜਾਰ ਹੋਣਗੀ-
ਆਂ। ਅਤੇ ਬਰੀਕ ਕਪੜੇ ਅਰ ਹੋਰ ਬਸਤਾਂ ਦੀ ਬਹੁਤ ਬਿੱਕ-
ਰੀ ਹੁੰਦੀ ਹੈ। ਅਤੇ ਸਹਿਰ ਦੇ ਗਿਰਦੇ ਨੇੜੇ ਨੇੜੇ ਕਰਸਾਲਾਂ
ਦੇ ਪਿੰਡ ਹਨ, ਜੋ ਅਬਾਦੀ ਵਿਚ ਸਹਿਰ ਜਿਹੇ ਹਨ, ਅਤੇ ਉ-
ਨ੍ਹਾਂ ਪਿੰਡਾਂ ਨੂੰ ਬਸਤੀਆਂ ਕਰਕੇ ਆਖਦੇ ਹਨ, ਅਰ ਤਿਨ੍ਹਾਂ
ਬਸਤੀਆਂ ਦੇ ਵਸਕੀਣ ਬਹੁਤੇ ਬਰੱਕੀ ਪਠਾਣ ਹਨ। ਇਸ
ਸਹਿਰ ਦੇ ਗਿਰਦੇ ਵਿਖੇ ਅੰਬਾਂ ਦੇ ਬਹੁਤ ਬਾਗ ਹਨ, ਅਰ ਉਥੇ
ਦੇ ਅੰਬ ਬਹੁਤ ਮਿਠੇ ਅਰ ਮਜੇਦਾਰ ਹੁੰਦੇ ਹਨ; ਇਸ ਪਰਗਣੇ
ਵਿਖੇ ਹਰਟ ਬਹੁਤ ਹੀ ਚੱਲਦੇ ਹਨ; ਕਿੰਉਕਿ ਬਿਆਹ ਨਦੀ ਉਥੋਂ
ਬੀਹ ਕੋਹ, ਅਰ ਸਤਲੁਜ ਬੀ ਬੀਹ ਕੋਹ ਹੈ॥

Aláulpur.

ਅਲਾਉਲਪੁਰ ਪਠਾਣਾਂ ਦਾ ਸਹਿਰ ਹੈ; ਉਹ ਅਲਾਉਲਖਾਂ
ਦੇ ਬਾਪ ਦਲਾਉਰਖਾਂ ਦਾ ਬਲਾਇਆ ਹੋਇਆ ਹੈ; ਅਤੇ ਦ-
ਲਾਉਰਖਾਂ ਨੈ ਇਸ ਸਹਿਰ ਦਾ ਨਾਉਂ ਆਪਣੇ ਪੁਤ ਦੇ ਨਾਉਂ
ਪੁਰ ਰੱਖਿਆ ਸਾ। ਅਤੇ ਸਹਿਰ ਤੇ ਅੰਦਰਵਾਰ ਇਕ ਪੱਕਾ ਕਿਲਾ
ਹੈ, ਅਤੇ ਉਸ ਵਿਚ ਵਡੀਆਂ ਸੁਹੁਣੀਆਂ ਅੰਬਾਰਤਾਂ ਪਠਾਣਾਂ
ਦੀਆਂ ਬਣਾਈਆਂ ਹੋਈਆਂ ਹਨ, ਅਤੇ ਇਸ ਸਹਿਰ ਵਿਚ ਪ-
ਠਾਣਾਂ ਦੀ ਹਕੂਮਤ ਸੀ, ਅਤੇ ਓਹ ਫੌਜਾਂਵਾਲੇ ਸਨ। ਪਰ ਜਾਂ
ਰਜਬਲੀਖਾਂ ਦੀ ਸਰਦਾਰੀ ਦੀ ਬਾਰੀ ਪਹੁੰਚੀ, ਤਾਂ ਮਹਾਰਾਜੇ
ਰਣਜੀਤਸਿੰਘ ਨੈ ਉਹ ਸਹਿਰ ਉਸ ਕੋਲੋਂ ਜੋਰ ਨਾਲ਼ ਖੁਹ ਲਿ-
ਆ, ਅਰ ਉਹ ਬਿਚਾਰਾ ਲਹੌਰ ਵਿਖੇ ਮਹਾਰਾਜ ਦੇ ਲਸਕਰ
ਵਿਚ ਵਡੀ ਖੁਆਰੀ ਨਾਲ਼ ਮਰ ਗਿਆ॥

Siámchurásí.

ਸਿਆਮਚੁਰਾਸੀ ਇਕ ਕਦੀਮੀ ਕਸਬਾ ਹੈ; ਉਸ ਵਿਚ ਮੁਸਲਮਾਨ ਰਾਜਪੂਤਾਂ ਦੀ ਮਾਲਕੀ ਹੈ। ਉਹ ਦੀਆਂ ਬਾ-ਜੀਆਂ ਅੰਬਾਰਤਾਂ ਕੱਚੀਆਂ, ਅਰ ਬਹੁਤ੍ਰੀਆਂ ਜਿਹੀਆਂ ਪੱਕੀਆਂ ਹਨ; ਅਤੇ ਬਜਾਰ ਦੀਆਂ ਅੱਸੀਕੁ ਹੱਟਾਂ ਹੋਲਗੀ-ਆਂ। ਮੁਹੰਮਦਸਾਹ ਪਾਤਸਾਹ ਦੇ ਵਾਰੇ ਵਿਖੇ, ਇਸ ਕਸਬੇ ਵਿਚ ਅਬਦੁਲਨਬੀ ਨਾਮੇ ਇਕ ਵਡਾ ਈਸੁਰਪੂਜਕ ਪੁਰਸ ਹੋ ਚੁੱਕਾ ਹੈ; ਉਹ ਦੀ ਵਡਿਆਈ ਲੋਕਾਂ ਵਿਚ ਮਸਹੂਰ ਹੈ। ਅਤੇ ਉਹ ਮੁੱਢੋਂ ਹਿੰਦੂ ਥਾ; ਪਰ ਮੁਸਲਮਾਨ ਹੋਕੇ ਕਿਸੇ ਪੂਰੇ ਗੁਰੂ ਨੂੰ ਜਾ ਮਿਲਿਆ, ਅਰ ਉਹ ਦੀ ਦਯਾ ਨਾਲ ਫਕੀਰੀ ਦੇ ਰਾਹ ਵਿਚ ਅਜਿਹਾ ਪੂਰਾ ਹੋ ਗਿਆ, ਜੋ ਲਿਖੇ ਪੜ੍ਹੇ ਬਿਨਾ ਹੀ ਅਰਬੀ ਦੀਆਂ ਬੈਤਾਂ ਬਲਾਉਲ ਲਗ ਪਿਆ; ਅਤੇ ਉਨ ਕਈ ਗੱਲਾਂ ਬੇਦਾਂਤ ਦੀ ਬਾਬਤ ਬੀ ਆਖੀਆਂ ਹਨ। ਉਹ ਦੀ ਖਾਨਗਾਹ ਸਹਿਰੋਂ ਬਾਹਰ ਉੱਤਰ ਦੀ ਵਲ ਇਕ ਬਾਗ ਵਿਚ ਪੱਕੀ ਬਣੀ ਹੋਈ ਹੈ। ਉਸ ਦੇ ਚੜ੍ਹਦੇ ਰੁਕ ਇਕ ਚੋ ਹੈ; ਉਹ ਕਦੇ ਸੁੱਕ ਜਾਂਦਾ ਹੈ, ਅਰ ਕਦੇ ਚੱਲ ਪੈਂਦਾ ਹੈ, ਪਰ ਬਰ-ਸਾਤ ਦੀ ਰੁੱਤੇ ਹੜ੍ਹਾਂ ਦੇ ਪਾਣੀ ਨਾਲ ਭਰਕੇ ਵਹਿ ਤੁਰਦਾ ਹੈ॥

Tánḍá.

ਟਾਂਡਾ ਇਕ ਸਹਿਰ ਪਠਾਣਾਂ ਦੀ ਮਾਲਕੀ ਵਿਚ ਹੈ, ਉ-ਥੇ ਪੱਕੀਆਂ ਕੱਚੀਆਂ ਦੋਵੇਂ ਤਰਾਂ ਦੀਆਂ ਅੰਬਾਰਤਾਂ ਹਨ। ਅਗੇ ਉਸ ਸਹਿਰ ਦੀ ਹਕੂਮਤ ਬੀ ਪਠਾਣਾਂ ਹੀ ਦੇ ਹੇਠ ਸੀ, ਪਰ ਬਾਰਾਂ ਸੈ ਤੀਹ ਸਨ ਹਿਜਰੀ ਵਿਖੇ, ਜੋਧਸਿੰਘੁ ਰਾਮਗੜ੍ਹੀਏ ਨੈ ਯੂਨੁਸਖਾਂ ਪਠਾਣ ਨੂੰ, ਜੋ ਉਥੇ ਦਾ ਹਾਕਮ ਸਾ, ਪਕੜ੍ਹ ਲਿ-ਆ; ਅਰ ਉਹ ਨੂੰ ਕੈਦ ਕਰਕੇ ਇਹ ਸਹਿਰ ਉਸ ਥੋਂ ਖੋਹ ਲਿ-ਆ; ਅਤੇ ਉਹ ਪਠਾਣ ਕੈਦ ਵਿਚ ਹੀ ਮਰ ਗਿਆ। ਹੁਣ ਉਹ

ਸਹਿਰ ਸਰਕਾਰ ਲਹੌਰ ਦੇ ਹੇਠ ਹੈ; ਅਤੇ ਇਸ ਸਹਿਰ ਦੇ ਇਰ-ਦੇ ਗਿਰਦੇ ਹਰ ਪ੍ਰਕਾਰ ਦੇ ਦਰਖਤ ਬਹੁਤ ਹਨ; ਅਰ ਚੜ੍ਹਦੇ ਰੁਕ ਇਕ ਪਾਣੀ ਦਾ ਨਲ੍ਹਾ ਹੈ, ਉਸ ਵਿਚ ਹਮੇਸਾਂ ਥੁਹੁੜਾ ਥੁਹੁ-ੜਾ ਪਾਣੀ ਚਲਦਾ ਰਹਿੰਦਾ ਹੈ। ਉਥੋਂ ਬਿਆਹ ਨਦੀ ਸੱਤ ਕੋਹ, ਅਰ ਸਤਲੁਜ ਚੌਤੀ ਕੋਹ ਹੈ। ਅਤੇ ਇਸ ਸਹਿਰ ਦੇ ਨੇ-ੜੇ ਹੀ ਹੋਰ ਦੋ ਸਹਿਰ ਕੋਹ ਕੋਹ ਦੇ ਅੰਤਰ ਪੁਰ ਬਸਦੇ ਹਨ; ਇਕ ਦਾ ਨਾਉਂ ਜਹਿਜਾਪੁਰ, ਜੋ ਨਬਾਬ ਖਾਨਬਹਾਦਰ ਲਹੌਰ ਦੇ ਸੂ-ਬੇ ਨੈ ਆਪਣੇ ਪੁੱਤ ਦੇ ਨਾਉਂ ਉਪੁਰ ਬਸਾਇਆ ਸੀ; ਅਤੇ ਉਹ ਦੇ ਪੁੱਤ ਦਾ ਨਾਉਂ ਜਹਿਜਾਖਾਂ ਥਾ। ਅਰ ਦੂਜੇ ਦਾ ਨਾਉਂ ਉੜਮੁੜ; ਇਨ੍ਹਾਂ ਦੁਹਾਂ ਕਸਬਿਆਂ ਦੀ ਅੰਬਾਰਤ ਬਹੁਤੀ ਪੱਕੀ ਹੈ, ਅਤੇ ਉਹ ਦੇ ਗਿਰਦੇ ਬਹੁਤ ਨਹਿਰਾਂ ਵਗਦੀਆਂ ਹਨ, ਅਰ ਇਹ ਦੇ ਪਾਹ ਜਾਜਾ ਨਾਮੇ ਇਕ ਛੋਟਾ ਜਿਹਾ ਪਿੰਡ ਹੈ॥

Jájá.

ਇਸ ਪਿੰਡ ਦੇ ਬਾਹਰ ਇਕ ਗੁੰਮਜ ਹੈ, ਅਰ ਉਸ ਗੁੰਮਜ ਦੇ ਗਭੇ ਧਰਤੀ ਪੁਰ ਇਕ ਪੱਥਰ ਗਡਕੇ ਉਸ ਪੁਰ ਸਾਹ ਮਰਦਾਂ ਮੁਰਤ-ਜਾਅਲੀ ਦੇ ਪੈਰ ਦੀ ਤਲੀ ਦੀ ਮੂਰਤ ਉੱਕਰੀ ਹੋਈ ਹੈ, ਅਤੇ ਲੋਕ ਉਹ ਦੇ ਦਰਸਨ ਨੂੰ ਜਾਂਦੇ ਹਨ॥

Jaṭṭpurá

ਜੱਟਪੁਰਾ ਇਕ ਕਦੀਮੀ ਸਹਿਰ ਹੈ; ਉਥੇ ਮੁਸਲਮਾਨ ਰਜ-ਪੁਤਾਂ ਦੀ ਬਾਰਸੀ ਹੈ। ਪਾਤਸਾਹਾਂ ਦੇ ਸਮੇ ਵਿਖੇ ਤਿੰਨ ਸੌ ਸੱਠ ਖੇੜਾ ਉਹ ਦੇ ਨਾਲ ਲਗਦਾ ਸਾ, ਅਤੇ ਬਹੁਤ ਅਬਾਦ ਸੀ; ਹੁਣ ਸਭ ਉਜੜ ਪਿਆ ਹੈ; ਥੁਹੁੜੇ ਜਿਹੇ ਘਰਾਂ ਅਰ ਇਕ ਕਿਲੇ ਤੇ ਬਾਝ, ਜੋ ਇਕ ਟਿੱਬੇ ਪੁਰ ਹੈ, ਹੋਰ ਕੁਛ ਅਬਾਦੀ ਨਹੀਂ ਰਹੀ। ਬਿਆਹ ਨਦੀ ਜੋ ਹੁਣ ਉਥੋਂ ਸੱਤਾਂ ਕੋਹਾਂ ਪੁਰ ਹੈ, ਕਹਿੰਦੇ ਹਨ, ਜੋ ਅਗੇ ਇਸ ਸਹਿਰ ਦੇ ਹੇਠ ਚਲਦੀ ਸੀ॥

Dasúhá.

ਦਸੂਹਾ ਇਕ ਕਦੀਮੀ ਸਹਿਰ ਹੈ; ਉਥੇ ਦੀ ਅੰਬਾਰਤ ਪੱਕੀ ਕੱਚੀ ਰਲੀ ਮਿਲੀ ਹੋਈ ਹੈ। ਕਹਿੰਦੇ ਹਨ, ਜੋ ਪਾਂਡੂਆਂ ਦੇ ਸਮੇ ਵਿਖੇ ਇਹ ਸਹਿਰ ਬਹੁਤ ਹੀ ਅਬਾਦ ਹੋ ਗਿਆ ਹੋਇਆ ਸੀ; ਪਰ ਉਸ ਸਮੇ ਦੇ ਬੀਤਲੇ ਕਰਕੇ ਬੈਰਾਨ ਹੋਕੇ ਥੇਹ ਹੋ ਗਿਆ ਥਾ; ਫੇਰ ਸਮਾ ਪਾਕੇ ਬਸ ਪਿਆ। ਸਹਿਰ ਦੇ ਅੰਦਰਲੇ ਖੂਹਾਂ ਦਾ ਪਾਲੀ ਖਾਰਾ, ਅਤੇ ਬਾਹਰਲਿਆਂ ਦਾ ਮਿੱਠਾ ਹੈ। ਅਤੇ ਬਜਾਰ ਦੀਆਂ ਦੋਕੁ ਸੈ ਹੱਟਾਂ ਹੋਲਗੀਆਂ; ਸਹਿਰ ਤੇ ਉੱਤਰ ਦੇ ਪਾਸੇ ਇਕ ਪੱਕਾ ਕਿਲਾ ਹੈ, ਉਹ ਦੀ ਬਾਹੀ ਤਾ ਸਹਿਰ ਨਾਲ਼ ਮਿਲੀ ਹੋਈ ਹੈ, ਅਤੇ ਦੂਜੀਆਂ ਸਫੀਲਾਂ, ਜਿਨ੍ਹਾਂ ਵਿਚ ਛੇ ਬੁਰਜ ਹਨ, ਬਾਹਰਦਿਓਂ ਹਨ; ਅਤੇ ਉਸ ਸਹਿਰ ਵਿਚ ਮੁਸਲਮਾਨ ਰਜਪੂਤਾਂ ਦੀ ਮਾਲਕੀ ਹੈ। ਅਤੇ ਇਸ ਸਹਿਰ ਦੇ ਨੇੜੇ ਇਕ ਛਾਬ ਹੈ, ਜੋ ਉਸ ਵਿਚੋਂ ਸਦਾ ਪਾਲੀ ਦੇ ਸੁੰਬ ਫੁਟਦੇ ਰਹਿੰਦੇ ਹਨ; ਅਤੇ ਸਹਿਰੋਂ ਚਾਰ ਕੋਹ ਬਾਹਰ, ਦਸਾਂ ਬਾਹਰਾਂ ਕੋਹਾਂ ਦੇ ਫੇਰ ਵਿਚ ਇਕ ਹੋਰ ਵਡਾ ਛੰਭ ਹੈ, ਕਿ ਉਹ ਦੀ ਜਿਮੀਨ ਵਿਚੋਂ ਆਪੇ ਆਪ ਪਾਲੀ ਪਿਆ ਨਿਕਲ਼ਦਾ ਹੈ; ਕੀ ਜਾਲਏ ਉਥੋਂ ਧਰਤੀ ਦਾ ਪੜ੍ਹ ਪਾਟਾ ਹੋਇਆ ਹੈ। ਉਸ ਦੇ ਦੁਆਲੇ ਕਾਹ ਬੇਲਾ ਬਹੁਤ ਫੁੱਲਿਆ ਹੋਇਆ ਹੈ; ਸੀਂਹ, ਅਤੇ ਹੋਰ ਜੰਗਲੀ ਮਿਰਗ ਉਸ ਬੇਲੇ ਵਿਚ ਬਹੁਤ ਰਹਿੰਦੇ ਹਨ। ਅਤੇ ਲੋਕ, ਖੁੱਭਲ ਅਰ ਸੀਹਾਂ ਦੇ ਡਰ ਦੇ ਮਾਰੇ, ਉਥੋਂ ਵਡੇ ਔਖ ਨਾਲ਼ ਲੰਘਦੇ ਹਨ। ਅਤੇ ਉਸ ਗਿਰਦੇ ਵਿਚ ਚਾਉਲ਼ ਬਹੁਤ ਬਰੀਕ ਅਰ ਖੁਸਬੋਦਾਰ ਪੈਦਾ ਹੁੰਦੇ ਹਨ, ਅਤੇ ਤਰਾਂ ਤਰਾਂ ਦੀਆਂ ਬੂਟੀਆਂ ਬੀ ਉਗਦੀਆਂ ਹਨ; ਅਤੇ ਸਾਲਬ ਬੀ ਪਾਲੀ ਦੇ ਕਿਸੇ ਕਿਸੇ ਕੰਢੇ ਤਰਦੀ ਤਰਦੀ ਆ ਲਗਦੀ ਹੈ; ਭਾਵੇਂ ਸਚਮੁਚ ਦੀ ਸਾਲਬ ਨਹੀਂ, ਪਰ ਰੰਗ ਅਰ ਸੁਆਦ ਵਿਚ ਉਹੋ ਜਿਹੀ ਲਗਦੀ ਹੈ। ਅ-

ਤੇ ਕਹਿੰਦੇ ਹਨ, ਜੋ ਉਸ ਪਾਣੀ ਵਿਚ ਮੋਤੀਆਂ ਦੇ ਸਿੱਪ ਬੀ ਹਨ॥

Mukerián.

ਮੁਕੇਰੀਆਂ ਇਕ ਕੱਚਾ ਸਹਿਰ ਹੈ, ਪਰ ਕਿਧਰੇ ਕਿਧਰੇ ਪੱਕਾ ਬੀ ਹੈ; ਅਰ ਉਥੇ ਦੀ ਬਾਰਸੀ ਸੇਖਾਂ ਦੀ, ਅਰਥਾਤ ਅਵਾਣਾਂ ਦੀ ਹੈ, ਜੋ ਉਸ ਕੋਮ ਦੀ ਮੂਹੀਂ ਅਮਾਮ ਮੁਹੱਮਦ ਹਨਫੀਏ ਨਾਲ, ਜੋ ਮੁਰਤਜਾ ਅਲੀ ਦੇ ਪੁੱਤ੍ਰਾਂ ਵਿਚੋਂ ਇਕ ਸੀ, ਜਾ ਮਿਲਦੀ ਹੈ। ਅਤੇ ਇਸ ਕੋਮ ਦਾ ਨਾਉਂ ਆਵਾਣ ਇਸ ਤਰਾਂ ਪੈ ਗਿਆ, ਕਿ ਜਾਂ ਸੁਲਤਾਨ ਮਮੂਦ ਗਜਨਵੀ ਨੈ, ਕਾਫਰਾਂ ਨਾਲ ਲੜਨੇ ਲਈ, ਹਿੰਦੁਸਥਾਨ ਪੁਰ ਚੜ੍ਹਾਈ ਕੀਤੀ, ਤਾਂ ਉਹ ਇਸ ਕੋਮ ਦੇ ਬੁਜਰੁਕਾਂ ਨੂੰ ਜਾਹਰੀ ਬਾਤਨੀ ਕੁੰਮਕ ਲਈ ਆਪਣੇ ਸੰਗ ਲਿਆਇਆ; ਅਤੇ ਉਨਾਂ ਦੇ ਰਹਿਣ ਲਈ ਇਕ ਵਡਾ ਸਾਰਾ ਤੰਬੂ, ਜਿਹ ਦਾ ਨਾਉਂ ਐਵਾਨ ਸਾ, ਉਨਾਂ ਨੂੰ ਦਿੱਤਾ। ਜਾਂ ਓਹ ਲੋਕ ਕਈ ਬਰਸਾਂ ਸੁਲਤਾਨ ਦੇ ਨਾਲ ਸਫਰ ਕਰਦੇ ਫਿਰੇ, ਅਤੇ ਉਸੀ ਤੰਬੂ ਵਿਚ ਰਹਿੰਦੇ ਰਹੇ, ਤਾਂ ਹੋਰ ਲੋਕ, ਪਤੇ ਅਰ ਪਛਾਣ ਦੀ ਖਾਤਰ, ਉਨਾਂ ਨੂੰ ਉਸੀ ਤੰਬੂ ਦੇ ਨਾਉਂ ਪੁਰ ਬੁਲਾਉਣ ਲਗ ਪਏ; ਤਦ ਤੇ ਲੈਕੇ ਇਹ ਨਾਉਂ, ਅਰਥਾਤ ਆਵਾਣ, ਇਸ ਕੋਮ ਉਪੁਰ ਹੁਣ ਤੀਕੁਰ ਲਗਦਾ ਚਲਾ ਆਇਆ; ਪਰ ਹੁਣ ਪੰਜਾਬੀ ਲੋਕ ਇਸ ਕੋਮ ਨੂੰ ਅਵਾਣ ਕਰਕੇ ਆਖਦੇ ਹਨ। ਅਤੇ ਇਸ ਕੋਮ ਦੇ ਖੇੜੇ ਅਰ ਪਿੰਡ ਪੰਜਾਬ ਦੇ ਮੁਲਖ ਵਿਚ, ਜਿਹਲਮ ਦਰਿਆਉ ਦੇ ਉਰਾਰ ਪਾਰ ਸੈਕੜੇ, ਬਲਕ ਹਜਾਰਾਂ ਹਨ। ਸੋ ਬਿਸਤ ਜਲੰਧਰ ਦੇ ਦੁਆਬੇ ਵਿਚ ਬੀ, ਬਿਆਹ ਨਦੀ ਦੇ ਕੰਢੇ ਮੁਕੇਰੀਆਂ ਦੇ ਨੇੜੇ ਤੇੜੇ ਇਸ ਕੋਮ ਦੇ ਬਹੁਤ ਖੇੜੇ ਹਨ; ਅਤੇ ਤਿੰਨਾਂ ਦਾ ਬਿਆਨ ਇਥੇ ਕੀਤਾ ਜਾਵੇਗਾ। ਕਸਬੇ ਜਲੰਧਰ ਅਰ ਲੁਦੇਹਾਣੇ ਦੇ ਲਾਂਭ ਛਾਂਭ ਬੀ ਇਸ ਕੋਮ ਦੇ ਬਹੁਤ ਖੇੜੇ ਹਨ। ਕਿੱਸਾ ਕੋਤਾ, ਇਹ ਮੁਕੇਰੀਆਂ ਪਹਿਲਾਂ ਵਿਚ ਇਕ ਛੋ-

ਟਾ ਜਿਹਾ ਪਿੰਡ ਸਾ; ਅਦੀਨਾਬੇਗਖਾਂ ਦੇ ਵੇਲੇ ਇਥੇ ਦੇ ਜਿਮੀ-ਦਾਰਾਂ ਤੇ ਜੋ ਅੜ੍ਹੇ ਅੜੇ ਸਰਕਾਰੀ ਕੰਮ ਬਣਿ ਆਏ, ਉਸ ਦੇ ਬਦਲੇ ਓਹ ਲੋਕ ਵਡੇ ਮਰਾਤਬੇ ਨੂੰ ਪਹੁੰਚ ਗਏ, ਅਤੇ ਝੰਡੇ, ਨੌ-ਬਤ, ਅਰ ਫੌਜਵਾਲੇ ਹੋ ਗਏ; ਇਸ ਕਰਕੇ ਹਰ ਤਰਾਂ ਦੇ ਲੋਕ ਉਥੇ ਕਠੇ ਆਲ੍ ਹੋਏ, ਅਰ ਸਹਿਰ ਬਸ ਪਿਆ। ਅਤੇ ਸਿੱਖਾਂ ਦੀ ਪਹਿਲ ਵਿਚ ਜਾਂ ਰਾਜਗਰਦੀ ਪਈ, ਤਾਂ ਉਸ ਜਿਲ੍ਹੇ ਦੀ ਹਾ-ਕਮੀ ਬੀ ਉਨ੍ਹਾਂ ਲੋਕਾਂ ਦੇ ਹੱਥ ਲੱਗ ਗਈ। ਅਤੇ ਓਹ ਲੋਕ, ਉਨ੍ਹਾਂ ਸਿੱਖਾਂ ਨਾਲ਼, ਜੋ ਘਨ੍ਹੱਯੇ ਕਹਾਉਂਦੇ ਸਨ, ਕਈ ਬਾਰ ਲੜੇ; ਓੜਕ, ਜਮਾਨੇ ਦੀ ਗਰਦਸ ਦੇ ਸਬਬ ਲਚਾਰ ਹੋਕੇ, ਕਈ ਉਨ੍ਹਾਂ ਥੀਂ ਕੈਦ ਵਿਚ ਮਰ ਗਏ, ਅਤੇ ਕਈ ਮਾਰੇ ਗਏ, ਅਰ ਇਹ ਮੁਲਖ ਤਿਨ੍ਹਾਂ ਦੇ ਹਥੋਂ ਜਾਂਦਾ ਲੱਗਾ। ਤਦ ਸਰਦਾਰ ਜੈਸਿੰਘੁ ਨੈ ਮੁ-ਕੇਰੀਆਂ ਲੈ ਲਈਆਂ; ਅਤੇ ਸਹਿਰੋਂ ਬਾਹਰ ਪੱਛਮ ਦੇ ਰੁਕ ਅੱਧ ਕੋਹ ਪੁਰ ਇਕ ਛੋਟੀ ਜਿਹੀ ਗੜ੍ਹੀ, ਜੋ ਅਵਾਲਾਂ ਦੀ ਬਲਾ-ਈ ਹੋਈ ਸੀ, ਜੈਸਿੰਘੁ ਨੈ ਉਹ ਨੂੰ ਫੇਰ ਤੇ ਬਹੁਤ ਪੱਕੀ ਅਰ ਮਜਬੂਤ ਕਰਕੇ ਬਲਾਇਆ; ਅਤੇ ਉਹ ਦੀ ਸਫੀਲ ਛੇ ਗਜ ਤੇ ਬੀ ਚੌੜੀ ਬਲਾਕੇ ਉਹ ਦਾ ਅਟੱਲਗੜ੍ਹ ਨਾਉਂ ਧਰਿਆ। ਅ-ਤੇ ਉਹ ਦੀ ਨੋਹੁੰ ਸਦਾਕੌਰ ਨੈ ਉਸ ਕਿਲੇ ਵਿਚ ਬਹੁਤ ਸੁੰਦਰ ਅੰਬਾਰਤਾਂ ਬਲਾਈਆਂ, ਅਤੇ ਉਸ ਕਿਲੇ ਉਤੇ ਬਹੁਤ ਪੈਸਾ ਲਾਇਆ। ਹੁਲ ਉਹ ਬੀ ਬੈਰਾਨ ਹੁੰਦਾ ਜਾਂਦਾ ਹੈ। ਅਤੇ ਸਨ ੧੨੩੬ ਬਾਰਾਂ ਸੈ ਛੱਤੀ ਹਿਜਰੀ ਵਿਚ, ਜਾਂ ਮਹਾਰਾਜੇ ਰਲਜੀਤਸਿੰਘੁ ਨੈ ਰਾਲੀ ਸਦਾਕੌਰ ਤੇ ਮੁਲਖ ਖੁਹ ਲਿਆ, ਅ-ਤੇ ਉਹ ਨੂੰ ਕੈਦ ਵਿਚ ਪਾ ਦਿੱਤਾ, ਤਾਂ ਰਾਲੀ ਦਾ ਸਾਰਾ ਤੱਲਕਾ ਮੁਕੇਰੀਆਂ ਸਣੇ, ਉਹ ਦੇ ਦੋਹਤੇ ਸੇਰਸਿੰਘੁ ਨੂੰ ਬਖਸ ਦਿੱਤਾ। ਅਤੇ ਪਹਾੜ ਦੀ ਨੇੜ ਕਰਕੇ ਇਸ ਜਿਲ੍ਹੇ ਦੀ ਧਰਤੀ ਪਥਰੈਲੀ ਹੈ; ਅਤੇ ਲੋਕ ਧਾੜਵੀ ਅਰ ਕਠਲਮਨ ਹਨ। ਅਤੇ ਬਿਆਹ

ਨਦੀ ਉਥੋਂ ਉੱਤਰ ਦੇ ਰੁਕ ਤ੍ਰਿੰਨਾਂ ਜਾ ਚਉਹੁੰ ਕੋਹਾਂ ਦੇ ਸੱਨ ਉੱਪੁਰ ਚਲਦੀ ਹੈ, ਅਤੇ ਸਤਲੁਜ ਪੰਜਾਹਾਂ ਕੋਹ੍ਹਾਂ ਪੁਰ ॥

### Hájípur and Buḍḍháwaṛ.

ਹਾਜ਼ੀਪੁਰ ਅਰ ਬੁੱਢਾਵੜ, ਪਾਹੋਪਾਹ ਪੰਜਾਂ ਕੋਹਾਂ ਦੇ ਸੱਨ ਪੁਰ ਹਨ; ਤਿਨ੍ਹਾਂ ਵਿਚ ਚਾਰ ਚਾਰ ਜਾ ਪੰਜ ਪੰਜ ਸੌ ਘਰ, ਅਤੇ ਸੌਕੁ ਹੱਟ ਬਸਦੀ ਹੈ। ਅਤੇ ਬਿਆਹ ਨਦੀ ਤੇ ਇਕ ਵਡਾ ਨਲ੍ਹਾ ਫਟਕੇ, ਬੁੱਢੇਵੜ ਦੀ ਬਸੋਂ ਵਿੱਚੀਂ ਚਲਦਾ ਹੈ। ਉਸ ਥੀਂ ਛੋਟੀਆਂ ਛੋਟੀ-ਆਂ ਕੂਹਲਾਂ ਕੱਟਕੇ ਉਸ ਗਿਰਦੇ ਦੀ ਜ਼ਿਮੀਨ ਵਿਚ ਚਲਾਈ-ਆਂ ਹੋਈਆਂ ਹਨ; ਜਦ ਕਦੇ ਕਿਸੇ ਨੂੰ ਲੋੜ ਬਣਦੀ ਹੈ, ਤਾਂ ਆਪੇ ਆਪਣੀ ਖੇਤੀ ਨੂੰ ਉਨ੍ਹਾਂ ਕੂਹਲਾਂ ਵਿਚੋਂ ਪਾਣੀ ਦੇ ਲੈਂਦਾ ਹੈ; ਅਤੇ ਕਈ ਘਰਾਟ ਉਸ ਨਲ੍ਹੇ ਪੁਰ ਫਿਰਦੇ ਹਨ। ਹਾੜ ਦੀ ਰੁੱਤੇ ਉਹ ਧਰਤੀ ਵਡੀ ਸੁਹਾਉਣੀ ਅਰ ਸੈਲ ਦੀ ਜਾਗਾ ਹੈ; ਨਹਿਰਾਂ ਅਰ ਕੂਹਲਾਂ ਅਰ ਅੰਬਾਂ ਦੀ ਬੁਤਾਇਤ ਕਰਕੇ, ਉਸ ਜਾਗਾ ਦੀ ਹਰਿਆਈ ਮਨੁਖ ਨੂੰ ਕਸਮੀਰ ਚੇਤੇ ਕਰਾਉਂਦੀ ਹੈ। ਉਹ ਮੁਲਖ ਕੰਢੀ ਦਾ ਮੁਲਖ ਹੈ। ਅਤੇ ਹਾਜੀਪੁਰ ਦੇ ਨੇੜੇ ਚੜ੍ਹਦੇ ਰੁਕ ਇਕ ਨਲ੍ਹਾ ਹੈ, ਉਹ ਉਥੋਂ ਨਿੱਕਲਕੇ ਦੋਕੁ ਕੋਹਾਂ ਪੁਰ ਬਿਆਹ ਨਦੀ ਨਾਲ ਜਾ ਰਲਦਾ ਹੈ; ਅਤੇ ਬਿਆਹ ਨਦੀ, ਤਲਵਾੜੇ ਦੇ ਘਾਟੋਂ, ਹਾਜੀਪੁਰ ਤੇ ਅੱਠ ਕੋਹ, ਅਰ ਦਰਿਆਉ ਸਤਲੁਜ ਪੰਜਾਹ ਕੋਹ ਹੈ ॥

### Husiárpur. (*Urdú,* Hoshyárpur.) &c.

ਹੁਸਿਆਰਪੁਰ, ਅਰ ਹਰਿਆਣਾ, ਅਰ ਭੂੰਗਾ, ਅਰ ਬਹਾ-ਦਰਨਗਰ, ਅਰ ਬਜਵਾੜਾ, ਏਹ ਸਹਿਰ ਕੋਲ੍ਹੋਕੋਲ ਹਨ। ਉ-ਨ੍ਹਾਂ ਦੀ ਅੰਬਾਰਤ ਪੱਕੀ ਕੱਚੀ ਦੋਹਾਂ ਤਰਾਂ ਦੀ ਹੈ; ਅਤੇ ਬਜਾਰ ਅਛੇ ਅਬਾਦ ਹਨ। ਉਸ ਗਿਰਦੇ ਧਰਤੀ ਬਹੁਤ ਹੀ ਤਰ ਅਰ ਹਰੀ, ਅਤੇ ਰੁਖ ਬਹੁਤ ਹਨ। ਪਹਾੜ ਦੀ ਨੇੜ ਕਰਕੇ, ਉਸ

ਮੁਲਖ ਵਿਖੇ ਨਹਿਰਾਂ ਅਰ ਕੂਹਲਾਂ ਦਾ ਪਾਣੀ ਕੁੰਗੂ ਵਰਗਾ ਨਿਰ-ਮਲ ਹੈ; ਅਤੇ ਹਰ ਪਰਕਾਰ ਦੇ ਦਰਖਤ ਗਿਣਤੀਓਂ ਬਾਹਰੇ ਹਨ; ਸਭ ਤੇ ਵਧੀਕ ਅੰਬਾਂ ਦੇ ਬੂਟੇ ਤਾ ਇਤਨੇ ਹਨ, ਜੋ ਗਿਣ-ਤੀ ਵਿਚ ਨਹੀਂ ਆ ਸਕਦੇ; ਅਤੇ ਅਜਿਹੇ ਮਿੱਠੇ ਅਰ ਸੁਆਦਵਾਲੇ ਹੁੰਦੇ ਹਨ, ਜੋ ਸਾਰੇ ਦੁਆਬਿਆਂ ਵਿਚ ਹੋਰਥੇ ਉਹੇ ਜਿਹੇ ਘੱਟ ਲਭਦੇ ਹਨ। ਇਨਾਂ ਸਹਿਰਾਂ ਵਿਚੋਂ ਮਸਹੂਰ ਅਰ ਵਡਾ, ਹੁਸਿਆਰਪੁਰ ਹੈ; ਅਤੇ ਉਹ ਹੁਸਿਆਰਖਾਂ ਦਾ ਬਸਾਇਆ ਹੋਇਆ ਹੈ। ਉਹ ਦੀ ਅੰਬਾਰਤ ਬਹੁਤੀ ਪੱਕੀ, ਅਰ ਬਜਾਰ ਦੀਆਂ ਹੱਟਾਂ ਨੌ ਸੈ ਹਨ; ਅਰ ਬਜਾਰਾਂ ਵਿਚ ਪੱਕੀਆਂ ਇੱਟਾਂ ਦਾ ਫਰਸ ਬੰਨਿਆ ਹੋਇਆ ਹੈ। ਅਤੇ ਇਸ ਸਹਿਰ ਵਿਚ ਸੁਪੇਦ ਬਰੀਕ ਕੱਪੜਾ ਬਹੁਤ ਚੰਗਾ ਬੁਣੀਦਾ ਹੈ, ਉਸ ਨੂੰ ਸਿਰੀਸਾਫ ਆਖਦੇ ਹਨ; ਸੁਦਾਗਰ ਲੋਕ ਹਰ ਪਾਸੇ ਤੇ ਉਥੇ ਜਾਕੇ ਖਰੀਦ ਕਰਦੇ ਹਨ। ਸਹਿਰੋਂ ਬਾਹਰ ਦਰਵੱਜੇ ਦੇ ਨੇੜੇ ਇਕ ਚੋ ਹੈ, ਜੋ ਪਹਾੜੋਂ ਆਉਂਦਾ ਹੈ। ਅਤੇ ਬਜਵਾੜਾ ਨੇੜੇ ਹੀ ਪਹਾੜ ਦੀ ਕੰਢੀ ਵਿਚ ਹੈ; ਉਹ ਅਗਲੇ ਬਾਰੇ ਵਿਚ ਇਕ ਵਡਾ ਸਹਿਰ ਹੋ ਹਟਿਆ ਹੈ; ਹੁਣ ਬੈਰਾਨ ਹੋ ਗਿਆ ਹੋਇਆ ਹੈ। ਸਹਿਰੋਂ ਬਾਹਰ ਪੱਛਮ ਦੇ ਰੁਕ, ਰਾਜੇ ਸੰਸਾਰਚੰਦ ਕਟੋਚ ਦਾ ਬਣਾਇਆ ਹੋਇਆ ਇਕ ਪੱਕਾ ਕਿਲਾ ਹੈ; ਉਸ ਕਿਲੇ ਦੇ ਛੇ ਬੁਰਜ, ਅਤੇ ਅੰਦਰਵਾਰ ਦੋ ਖੂਹੇ ਹਨ। ਬਿਆਹ ਨਦੀ ਇਸ ਕਿਲੇ ਤੇ ਬਾਈ ਕੋਹ, ਅਤੇ ਸਤਲੁਜ ਬੱਤੀ ਕੋਹ ਹੈ॥

## Máhalpur.

ਮਾਹਲਪੁਰ ਦੇ ਪਰਗਨੇ ਦੀ ਬਰੋਬਰ ਅਤੇ ਇਕਸਾਰ ਜਿਮੀਨ ਹੈ; ਉਹ ਦੀ ਆਬ ਹਵਾ ਬਹੁਤ ਚੋਖੀ ਅਰ ਚੰਗੀ ਹੈ, ਅਰ ਅੰਬਾਂ ਦੇ ਬੂਟੇ ਅੱਤ ਬਹੁਤ ਹਨ; ਅਤੇ ਹਰ ਜਾਤ ਦਾ ਅਨਾਜ, ਅਰ ਹਰ ਪਰਕਾਰ ਦਾ ਕਮਾਦ ਉਥੇ ਪੈਦਾ ਹੁੰਦਾ ਹੈ, ਅਤੇ ਪਾਣੀ ਦੇ

ਨਲੇ ਵਗਦੇ ਹਨ। ਉਥੇ ਖੇਤੀ ਬਰਖਾ ਨਾਲ ਹੁੰਦੀ ਹੈ, ਪਰ ਕਿਧਰੇਂ ਕਿਧਰੇ ਚੜਸ ਨਾਲ ਸਿੰਜਦੇ ਹਨ; ਉਥੋਂ ਸਤਲੁਜ ਦਾ ਦਰਿਆਉ ਉੱਨੀ, ਅਰ ਬਿਆਹ ਨਦੀ ਬੱਤੀ ਕੋਹ ਹੈ; ਅਤੇ ਇਕ ਸੌ ਸਤਾਈ ਪਿੰਡ ਉਹ ਦੇ ਨਾਲ ਲਗਦੇ ਹਨ ॥

### Gaṛhsáṇkar.

ਗੜ੍ਹਸਾਂਕਰ, ਮਾਹਲਪੁਰ ਦੇ ਲਾਕੇ ਵਿਚੋਂ ਇਕ ਕਸਬਾ ਹੈ, ਜੋ ਉੱਚੀ ਘਾਟੀ ਪੁਰ ਬਸਦਾ ਹੈ; ਉਹ ਦੀ ਅੰਬਾਰਤ ਕਿਧਰੇ ਪੱਕੀ, ਅਤੇ ਬਹੁਤੀ ਕੱਚੀ ਹੈ; ਬਜਾਰ ਦੀਆਂ ਹੱਟਾਂ ਸੈਕੁ ਹੋਲਗੀਆਂ । ਅਤੇ ਚਿੱਟੀ ਬੇਈਂ ਦਾ ਨਿਕਾਸ ਇਸ ਨਗਰ ਤੇ ਨੇੜੇ ਦੂਹੁੰ ਕੋਹਾਂ ਪੁਰ ਹੈ । ਅਤੇ ਬਸੋਂ ਦੇ ਲਾਗ ਉੱਤਰ ਦੇ ਰੁਕ ਉਸ ਬੇਈਂ ਪੁਰ ਇਕ ਪੱਕਾ ਪੁਲ ਸਾ; ਹੁਲ ਉਹ ਦੇ ਦਰਵੱਜੇ ਪੁਰ ਹੋ ਗਏ ਹਨ; ਬੇਈਂ ਦਾ ਪਾਣੀ ਉਹ ਦੇ ਕੋਲਦਿਓਂ ਮੁੜ ਜਾਂਦਾ ਹੈ । ਗੜ੍ਹਸਾਂਕਰ ਤੇ ਬਿਆਹ ਨਦੀ ਚਾਲ੍ਹੀ ਕੋਹ, ਅਰ ਸਤਲੁਜ ਪੰਦਰਾਂ ਕੋਹ ਹੈ ॥

### Ráhoṇ.

ਰਾਹੋਂ ਇਕ ਪੱਕਾ ਸਹਿਰ ਹੈ, ਜੋ ਉਚੇ ਤੱਲੇ ਪੁਰ ਬਸਦਾ ਹੈ; ਉਹ ਦੀਆਂ ਗਲ੍ਹੀਆਂ ਅਤੇ ਬਜਾਰਾਂ ਵਿਚ ਪੱਕਾ ਫਰਸ ਬੰਨ੍ਹਿਆ ਹੋਇਆ ਹੈ; ਅਤੇ ਹੱਟਾਂ ਛੇਕੁ ਸੌ ਹਨ। ਅਤੇ ਉਸ ਸਹਿਰ ਵਿਚ ਗਾਹੜਾ ਕੱਪੜਾ, ਜਿਹ ਨੂੰ ਬਾਫਤਾ, ਜਾ ਘਾਟੀ ਕਹਿੰਦੇ ਹਨ, ਬਹੁਤ ਹੀ ਚੰਗਾ ਬੁਣੀਦਾ ਹੈ। ਉਥੇ ਦਾ ਕਿਲਾ ਪੱਕਾ, ਅਰ ਸਹਿਰ ਦੇ ਵਿਚਕਾਰੇ ਹੈ; ਅਤੇ ਸਹਿਰਪਨਾਹ ਬੀ ਪੱਕੀ ਸੀ, ਪਰ ਹੁਲ ਢੈਹਿ ਗਈ ਹੈ। ਉਨ੍ਹਾਂ ਖੂਹਾਂ ਦੇ ਪਾਣੀ ਦੀ ਡੂੰਘਿਆਈ ਜੋ ਸਹਿਰ ਦੇ ਲਾਗ ਹਨ, ਪੱਚੀ ਗਜ ਹੈ, ਅਤੇ ਕਿਧਰੇ ਕਿੱਧਰੇ ਇਸ ਤੇ ਬੀ ਵਧੀਕ ਹੈ; ਪਰ ਸਹਿਰੋਂ ਬਾਹਰ ਦਸਾਂ ਬਾਹਰਾਂ ਗਜਾਂ ਉਪੁਰ ਮਿੱਠਾ ਪਾਣੀ ਨਿੱਕਲ੍ਹਿ ਆਉਂਦਾ ਹੈ। ਅ-

ਤੇ ਹਾੜ੍ਹੀ ਸਾਉਣੀ ਨੂੰ ਹਰ ਪਰਕਾਰ ਦਾ ਅਨਾਜ, ਅਤੇ ਕਮਾਦ, ਅਰ ਕਪਾਹ, ਪੈਦਾ ਹੁੰਦੀ ਹੈ॥

Philaur.

ਫਿਲੌਰ, ਦਰਿਆਉ ਸਤਲੁਜ ਦੇ ਕੰਢੇ ਛਾਹੇ ਪੁਰ, ਇਕ ਪੁਰਾਣਾ ਸਹਿਰ ਹੈ; ਅਤੇ ਦਿੱਲੀ ਲਹੌਰ ਦਾ ਰਾਜ ਘਾਟ ਬੀ ਉਸੇ ਪੱਤਣ ਹੈ। ਅਗਲੇ ਪਾਤਸਾਹਾਂ ਦੇ ਸਮੇ ਵਿਖੇ ਇਹ ਇਕ ਵਡਾ ਸਹਿਰ ਹੋ ਹਟਿਆ ਹੈ; ਪੁਣ ਸਿੱਖਾਂ ਦੀ ਮਾਰਧਾੜ ਦੇ ਸਬਬ ਬੈਰਾਨ ਹੋ ਗਿਆ। ਜਾਂ ਅੰਗਰੇਜਾਂ ਸਾਹਬਾਂ ਦੀ ਫੌਜ ਨੈ ਉਰਾਰਲੇ ਕੰਢੇ ਲੁਦੇਹਾਣੇ ਵਿਚ ਆਕੇ ਛਾਉਣੀ ਪਾਈ, ਅਤੇ ਵਡਾ ਪੱਕਾ ਅਰ ਮਜਬੂਤ ਕਿਲਾ ਬਣਾ ਲਿਆ, ਤਾਂ ਮਹਾਰਾਜ ਰਣਜੀਤਸਿੰਘ ਨੈ ਬੀ ਉਹ ਦੇ ਸਾਹਮਣੇ ਇਸ ਸਹਿਰ ਫਿਲੌਰ ਦੇ ਵਿਚ ਆਪਣੀ ਫੌਜ ਬਹਾਲੀ, ਅਤੇ ਉਹ ਨੂੰ ਆਪਣੇ ਮੁਲਖ ਦਾ ਬੰਨਾ ਠਰਾਇਆ, ਅਤੇ ਪਾਤਸਾਹੀ ਸਰਾਂ ਦੇ ਦੁਆਲੇ ਵਡੀ ਡੂੰਘੀ ਅਰ ਪੱਕੀ ਖਾਈ ਬਣਵਾਕੇ ਉਹ ਨੂੰ ਕਿਲਾ ਠਰਾਇਆ, ਅਤੇ ਸੱਤ ਅੱਠ ਹਜਾਰ ਫੌਜ ਉਥੇ ਸਦਾ ਰਹਿੰਦੀ ਰਹੀ। ਪੁਣ ਕਿਲੇ ਦੇ ਪਾਹਰੂਆਂ ਅਰ ਕਾਰਦਾਰਾਂ ਛੁੱਟ, ਉਥੇ ਹੋਰ ਫੌਜ ਨਹੀਂ ਰਹਿੰਦੀ; ਜਿਸ ਵੇਲੇ ਕੁਛ ਲੋੜ ਹੁੰਦੀ ਹੈ, ਉਸ ਵੇਲੇ ਫੌਜ ਆ ਜਾਂਦੀ ਹੈ। ਅਤੇ ਜਾਂ ਫੌਜ ਆ ਜਾਂਦੀ ਹੈ, ਤਾਂ ਫੇਰ ਰੌਣਕ ਹੋ ਜਾਂਦੀ ਹੈ। ਅਤੇ ਹੱਟਾਂ ਦੋਕੁ ਸੌ ਤੀਕੁਰ ਹੋ ਗਈਆਂ ਹਨ॥

Talwan.

ਤਲਵਣ ਇਕ ਕਦੀਮੀ ਸਹਿਰ ਮੁਸਲਮਾਨ ਰਾਜਪੂਤਾਂ ਦੀ ਬਾਰਸੀ ਵਿਚ ਹੈ। ਜਾਂ ਨਾਦਰਸਾਹ ਪਾਤਸਾਹ ਨੈ ਇਸ ਮੁਲਖ ਵਿਚ ਆਕੇ ਦਿੱਲੀ ਦੀ ਪਾਤਸਾਹੀ ਨੂੰ ਹੇਠ ਉਪਰ ਕਰ ਸਿਟਿਆ, ਅਤੇ ਹਰ ਜਿਮੀਦਾਰ ਆਪਣੇ ਆਪਣੇ ਘਰ ਵਿਚ

ਠਾਲੇਮੀਰ ਬਲ ਬੈਠਾ; ਤਾਂ ਇਸ ਸਹਿਰ ਦਾ ਇਕ ਅਨਾਇਤਖਾਂ ਨਾਮੇ ਜਿਮੀਦਾਰ ਫੈਜਵਾਲ਼ਾ ਹੋ ਗਿਆ, ਅਤੇ ਹੋਰ ਕਈ ਗਰਾਵਾਂ ਸਮੇਤ ਇਹ ਸਹਿਰ ਉਹ ਦੇ ਹੱਥ ਲੱਗ ਗਿਆ। ਉਸ ਤੇ ਪਿਛੋ ਉਹ ਦੇ ਪੁੱਤ ਨੋਰੰਗਖਾਂ ਨੈ ਉਹ ਦੀ ਗੱਦੀ ਸਮਹਾਲ਼ੀ। ਨੋਰੰਗਖਾਂ, ਨਬਾਬ ਅਦੀਨਾਬੇਗਖਾਂ ਦੇ ਸਮੇ ਵਿਚ ਧਨਮਾਨ ਅਰ ਫੌਜਵਾਲ਼ਾ ਥਾ, ਅਤੇ ਦਰਿਆਉ ਸਤਲੁਜ ਦੇ ਘਾਟ ਉਹ ਦੇ ਹੁਕਮ ਵਿਚ ਸਨ। ਉਸ ਤੇ ਮਗਰੋਂ ਉਹ ਦਾ ਪੋਤਾ ਮਮੂਦਖਾਂ ਉਸ ਦੀ ਜਾਗਾ ਬੈਠਾ, ਅਤੇ ਸਦਾ ਸਿੱਖਾਂ ਨਾਲ਼ ਲੜਦਾ ਰਿਹਾ; ਓੜਕ ਜਾਂ ਉਹ ਦੇ ਮਾੜੇ ਦਿੰਨ ਆਏ, ਅਤੇ ਫੌਜ ਹਾਰ ਗਈ, ਤਾਂ ਤਲਵਲ ਛੁਟ, ਹੋਰ ਮੁਲਖ ਉਹ ਦੇ ਹਥੋਂ ਜਾਂਦਾ ਰਿਹਾ; ਬਲਕ ਇਸ ਸਹਿਰ ਵਿਚੋਂ ਬੀ ਅੱਧਾ ਸਿੱਖਾਂ ਨੈ ਲੈ ਲਿਆ। ਉਸ ਤੇ ਪਿਛੋ ਉਹ ਦਾ ਪੁੱਤ ਸਬਾਜਖਾਂ, ਮਹਾਰਾਜੇ ਰਲ਼ਜੀਤਸਿੰਘੁ ਦੀ ਫੌਜ ਨਾਲ਼, ਕਸਮੀਰ ਦੇ ਰਸਤੇ ਵਿਚ ਮਰ ਗਿਆ। ਹੁਣ ਉਹ ਦਾ ਪੁੱਤ ਸੁਲਤਾਨਖਾਂ ਉਥੋਂ ਉੱਜੜਕੇ ਨੂਰਮਹਿਲ ਦੀ ਸਰਾਂ ਵਿਚ ਜਾ ਰਿਹਾ ਹੈ; ਉਥੇ ਹੋਰ ਰਈਅਤ ਵਾਂਙੂ ਸਪਾਹਪੁਲੇ ਦੀ ਚਾਕਰੀ ਕਰਕੇ ਵਖਤ ਲੰਘਾਉਂਦਾ ਹੈ। ਇਹ ਸਹਿਰ, ਅਰਥਾਤ ਤਲਵਲ, ਦਰਿਆਉ ਸਤਲੁਜ ਦੇ ਕੰਢੇ ਪੁਰ ਹੈ; ਅਤੇ ਚੜ੍ਹਦੇ ਰੁਕ ਸਹਿਰ ਦੇ ਲਾਗੇ ਹੀ ਇਕ ਪੱਕਾ ਕਿਲਾ ਪਿਆ ਹੋਇਆ ਹੈ॥

### Núr Mahil.

ਕਸਬਾ ਨੂਰਸਰਾਂ, ਜਿਹ ਨੂੰ ਨੂਰਮਹਿਲ ਦੀ ਸਰਾਂ ਆਖਦੇ ਹਨ, ਨੂਰਜਹਾਂ ਬੇਗਮ ਦਾ ਵਸਾਇਆ ਹੋਇਆ ਹੈ। ਅਤੇ ਸੁਦਾਗਰਾਂ ਦੇ ਉਤਾਰੇ ਲਈ ਪੱਥਰ ਦੀ ਸਰਾਂ ਵਡੀ ਸੁੰਦਰ ਬਲਾਈ ਹੋਈ ਸੀ, ਅਤੇ ਲੋਹੇ ਦੇ ਵਡੇ ਵਡੇ ਤਖਤੇ ਚੜ੍ਹੇ ਹੋਏ ਸਨ; ਅਤੇ

ਕਿਸੇ ਕਬੀਸਰ ਨੈ ਉਸ ਸਰਾਂ ਦੇ ਬੂਹੇ ਪੁਰ ਊਹ ਦੇ ਬਣਨੇ ਦੀ ਬਾਬਤ ਇਹ ਤੁਕ ਉੱਕਰ ਛੱਡੀ ਹੋਈ ਹੈ॥

آباد شد ز نورجہاں بیگم این سرای

ਇਸ ਦਾ ਅਰਥ ਇਹ ਹੈ, ਜੋ ਇਹ ਸਰਾਂ ਨੂਰਜਹਾਂ ਬੇਗਮ ਦੀ ਅਬਾਦ ਕੀਤੀ ਹੋਈ ਹੈ। ਜਾਂ ਸਿੱਖਾਂ ਨੈ ਮਮੂਦਖਾਂ ਤਲਵਣੀਏਂ ਕੋਲੋਂ ਇਹ ਸਹਿਰ ਲੈ ਲਿਆ, ਤਾਂ ਊਨਾਂ ਨੈ ਇਸ ਸਰਾਂ ਨੂੰ ਕਿਲਾ ਚੱਕ ਠਰਾਇਆ। ਜੁਲ ਸਰਦਾਰ ਫਤੇਸਿੰਘੁ ਆਹਲੂਵਾਲੀਏ ਦੇ ਪਿਛੇ, ਇਹ ਸਹਿਰ ਮਹਾਰਾਜੇ ਰਣਜੀਤਸਿੰਘੁ ਦੀ ਸਰਕਾਰ ਵਿਚ ਆ ਗਿਆ; ਉਨ ਓਹ ਦਰਵੱਜੇ ਅਰ ਪੱਥਰ ਦੇ ਤਖਤੇ ਉਥੋਂ ਲਹਾਕੇ, ਅਮਰਿਤਸਰ, ਰਾਮ ਬਾਗ ਵਿਚ ਰਖਵਾ ਲਏ ਹਨ। ਇਸ ਸੌਹਿਰ ਦੀਆਂ ਅੰਬਾਰਤਾਂ ਬਹੁਤੀਆਂ ਪੱਕੀਆਂ, ਅਰ ਬ੍ਰਹੁੜੀਆਂ ਕੱਚੀਆਂ ਹਨ। ਬਜਾਰ ਦੀਆਂ ਹੱਟਾਂ ਸਾਢੇਕੁ ਤਿੰਨ ਸੌ ਹੋਣਗੀਆਂ। ਅਤੇ ਸਾਹਮਲੂਕ ਹੱਕਾਨੀ ਦੀ ਕਬਰ, ਜੋ ਮਬੂਬਸੁਬਹਾਨੀ ਦੀ ਉਲਾਦ ਵਿਚੋਂ ਮਸਹੂਰ ਹੈ, ਸਹਿਰ ਤੇ ਅੰਦਰਵਾਰ ਹੈ। ਅਤੇ ਚੜ੍ਹਦੇ ਅਰ ਉੱਤਰ ਦੇ ਪਾਸੇ ਦੀ ਖੂੰਜ ਵਿਚ, ਸਾਹਫਤੇਅਲੀ ਸਾਹਬ ਦੀ ਖਾਨਗਾਹ ਹੈ; ਬਹੁਤ ਲੋਕ ਦੂਰੋਂ ਨੇੜਿਓਂ ਉਥੇ ਦਰਸਨ ਲਈ ਜਾਂਦੇ ਹਨ; ਅਤੇ ਹਾੜ੍ਹ ਦੇ ਮਹੀਨੇ ਉਥੇ ਵਡਾ ਮੇਲਾ ਲਗਦਾ ਹੈ, ਅਤੇ ਆਸਲੇ ਪਾਸਲੇ ਸਹਿਰਾਂ ਦੇ ਲੋਕ, ਸਭ ਉਥੇ ਆਣ ਕਠੇ ਹੁੰਦੇ ਹਨ॥

Mahitpur and Nakodar.

ਮਹਿਤਪੁਰ ਅਰ ਨਕੋਦਰ, ਇਨਾਂ ਦੋਹਾਂ ਕਸਬਿਆਂ ਵਿਚ, ਪੱਕੀ ਕੱਚੀ ਹਰ ਪਰਕਾਰ ਦੀ ਅੰਬਾਰਤ ਹੈ; ਬਜਾਰ ਦੀਆਂ ਹੱਟਾਂ ਸੌ ਸੌ ਤੇ ਵਧੀਕ ਹੋਣਗੀਆਂ। ਮਹਿਤਪੁਰ ਪਠਾਣਾਂ ਦਾ, ਅਤੇ ਨਕੋਦਰ ਮੁਸਲਮਾਨ ਰਾਜਪੂਤਾਂ ਦੀ ਹੈ॥

Hádíábád, Phagwáṛa, &c.

ਹਾਦੀਆਬਾਦ, ਜਿਹ ਨੂੰ ਪੰਜਾਬੀ ਲੋਕ ਹਦਜਾਬਾਦ ਆਖਦੇ ਹਨ, ਅਤੇ ਫਗਵਾੜਾ, ਦੋਵੇਂ ਸਹਿਰ ਕੋਲ਼ੇ ਕੋਲ਼ ਇਕ ਕੋਹ ਦੀ ਬਿੱਥ ਉੱਪੁਰ ਹਨ। ਹਾਦੀਆਬਾਦ ਮੁਸਲਮਾਨ ਰਾਜਪੂਤਾਂ ਦਾ ਹੈ, ਜਿਨ੍ਹੀਂ ਸਿੱਖਾਂ ਦੀ ਪਹਿਲ ਵਿਚ ਫੌਜਵਾਲ਼ੇ ਹੋਕੇ, ਇਸ ਸਹਿਰ ਨੂੰ ਕਈਆਂ ਗਰਾਵਾਂ ਸਣੇ ਆਪਣੇ ਕਾਬੂ ਵਿਚ ਰਖਿਆ। ਅਤੇ ਫਗਵਾੜਾ ਹਿੰਦੂਆਂ ਜੱਟਾਂ ਦਾ ਹੈ। ਓਹ ਚਗੱਤੇ ਦੀ ਪਾਤਸਾਹਗਰਦੀ ਦੇ ਦਿਨਾਂ ਵਿਖੇ, ਸਰਦਾਰ ਫਤੇ-ਸਿੰਘੁ ਆਹਲੂਵਾਲ਼ੀਏ ਦੇ ਰਾਜ ਤੇ ਅੱਗੇ, ਵਡੀ ਦੌਲਤ ਹਸਮਤ ਵਾਲ਼ੇ ਸਨ; ਅਤੇ ਇਹ ਸਹਿਰ ਬਹੁਤ ਅਬਾਦ ਸੀ; ਕਿੰਉਕਿ ਅਹਿਮਦਸਾਹ ਦੁਰਾਨੀ ਦੀ ਲੜਾਈ ਵਿਚ ਉਥੇ ਦੇ ਜਿਮੀਦਾਰਾਂ ਨੈ ਪਾਤਸਾਹ ਦੇ ਦਰਬਾਰ ਵਿਚ ਰਾਹ ਪਾਕੇ ਅਤੇ ਨਜਰਾਨਾ ਦੇਕੇ, ਆਪਣਾ ਸਹਿਰ ਬਚਾ ਰਖਿਆ ਸਾ; ਇਸ ਕਰਕੇ ਲੋਕ ਉਹ ਨੂੰ ਆਕੀ ਠਾਣਾ ਜਾਣਕੇ ਚੁਫੇਰਿਓਂ ਆ ਬਸੇ ਸਨ, ਅਤੇ ਬਸਦੇ ਜਾਂਦੇ ਸੇ; ਹੁਣ ਬੀ ਉਥੇ ਚਾਰਕੁ ਸੌ ਪੱਕੀ ਹੱਟ ਬਸ-ਦੀ ਹੈ; ਅਤੇ ਸਹਿਰੋਂ ਬਾਹਰ ਕਈ ਪੱਕੇ ਬਾਗ ਅਜਾਂ ਤੀਕੁਰ ਮਜੂਦ ਹਨ॥

ਅਤੇ ਪਰਗਟ ਹੋਵੇ, ਜੋ ਇਸ ਦੁਆਬੇ ਦਾ ਲੰਬਾਉ ਥੁਹ-ੜਾ ਹੈ, ਅਤੇ ਚੁੜਾਉ ਬਹੁਤ। ਇਹ ਦੁਆਬਾ ਸਾਰਾ ਅ-ਬਾਦ ਹੈ; ਇਸ ਵਿਚ ਮਸਹੂਰ ਅਰ ਵਡੇ ਵਡੇ ਸਹਿਰ ਦੋਕੁ ਸੌ ਹੋਣਗੇ, (ਜਿਨ੍ਹਾਂ ਵਿਚੋਂ ਕਈਕੁ ਲਿਖੇ ਗਏ ਹਨ;) ਪਰ ਨਿਕੇ ਮੋਟੇ ਪਿੰਡ ਗਿਣਤੀਓਂ ਬਾਹਰ ਹਨ। ਹਾਜੀਪੁਰੋਂ ਸੱਤ ਕੋਹ ਤਲਵਾ-ੜਾ ਨਾਮੇ ਇਕ ਮਸਹੂਰ ਗਰਾਉਂ ਹੈ, ਉਸ ਤੇ ਉੱਪੁਰਲੇ ਰੁਕ ਪਹਾੜ ਦੀ ਕੰਢੀ ਵਿਚ ਇਕ ਗੁਲਬਹਾਰ ਨਾਮੇ ਪਿੰਡ ਹੈ, ਜੋ ਬਿਆਹ ਨਦੀ ਪਹਾੜੋਂ ਨਿਕਲ਼ਕੇ ਉਹ ਦੇ ਨੇੜੇ ਪੱਧਰੀ ਧਰਤੀ ਪੁਰ ਪਹੁੰਚ-

ਦੀ ਹੈ; ਅਤੇ ਉਸ ਤੇ ਨੇੜੇ ਹੀ ਇਕ ਵਡਾ ਭਾਰੀ ਛਰਹਾ ਦਰਿਆਉਂ ਅੱਡ ਹੋ ਗਿਆ ਹੈ; ਉਹ ਦਾ ਪਾੜ੍ਹਾ ਅਤੇ ਤੇਜੀ ਦਰਿਆਉ ਨਾਲੋਂ ਘੱਟ ਨਹੀਂ; ਫੇਰ ਨੌਸਹਿਰੇ ਦੇ ਘਾਟ ਦੇ ਬਰੋਬਰ ਦਰਿਆਉ ਨਾਲ ਮਿਲਕੇ ਇਕ ਹੋ ਚਲਦਾ ਹੈ। ਨੌਸਹਿਰੇ ਦਾ ਘਾਟ ਸਾਰੇ ਮੁਲਖ ਵਿਚ ਉੱਘਾ ਹੈ; ਕਿੰਉਕਿ ਉਹ ਦੇ ਦੋਹਾਂ ਕੰਢਿਆਂ ਦੀ ਜਿਮੀਨ ਵਡੀ ਪੱਕੀ ਹੈ; ਉਸ ਘਾਟ ਦਰਿਆਉ ਕੰਢਿਆਂ ਤੇ ਕਦੇ ਬਾਹਰ ਨਹੀਂ ਉਛਲਿਆ। ਆਹੰਦੇ ਹਨ, ਕਿ ਜਾਂ ਇਰਾਨ ਦੇ ਪਾਤਸਾਹ ਨਾਦਰਸਾਹ ਨੈ ਹਿੰਦੁਸਥਾਨ ਪੁਰ ਝੜ੍ਹਾਈ ਕੀਤੀ, ਤਾਂ ਉਹ ਇਸੇ ਘਾਟ ਪੁਲ ਬੰਨ੍ਹਕੇ ਲੰਘਿਆ ਸਾ। ਅਤੇ ਜਿਹੜੇ ਪਹਾੜ ਇਨਾਂ ਦੁਹੁੰ ਦਰਿਆਵਾਂ ਵਿਚ ਹਨ, ਤਿਨਾਂ ਵਿਖੇ ਵਡੀ ਅਬਾਦੀ, ਅਤੇ ਕਈ ਮੁਲਖ ਬਸਦੇ, ਅਰ ਕਈ ਰਾਜੇ ਰਾਜ ਕਰਦੇ ਹਨ; ਅਤੇ ਉਨਾਂ ਦੇ ਆਪੋ ਆਪਣੇ ਮੁਲਖ ਦੇ ਬੰਨੇ ਜੁਦੇ ਜੁਦੇ ਹਨ। ਅਤੇ ਇਨਾਂ ਪਹਾੜਾਂ ਵਿਚ ਹਿੰਦੂਆਂ ਦੇ ਠਾਕੁਰਦੁਆਰੇ ਅਤੇ ਤੀਰਥ ਦੀਆਂ ਜਾਗਾਂ ਅਤੇ ਹੋਰ ਅਚੰਭੇ ਦੀਆਂ ਬਸਤਾਂ ਬਹੁਤ ਹਨ। ਅਤੇ ਇਸ ਪਹਾੜ ਵਿਚ ਕਈ ਅਜਿਹੇ ਔਖੇ ਕਿਲੇ ਅਰ ਗੜ੍ਹ ਕੋਟ ਹਨ, ਜੋ ਪਾਤਸਾਹਾਂ ਅਤੇ ਲਹੌਰ ਦੇ ਹਾਕਮਾਂ ਵਿਚੋਂ ਕੋਈ ਬੀ ਉਨਾਂ ਪੁਰ ਹੱਥ ਨਹੀਂ ਪਾ ਸਕਿਆ। ਅਤੇ ਉਨਾਂ ਸਭਨਾਂ ਦਾ ਜੁਦਾ ਜੁਦਾ ਬਿਆਨ ਲਿਖਣਾ ਵਡਾ ਲੰਬਾ ਝੇੜਾ ਹੈ; ਇਸੀ ਕਰਕੇ ਉਧਰੋਂ ਮੁੜਕੇ, ਦੁਆਬੇ ਬਾਰੀ ਦਾ ਬਿਆਨ ਲਿਖਦਾ ਹਾਂ॥

### The Second, or Ba'ri' Doab.

ਦੂਜਾ ਦੁਆਬਾ ਬਾਰੀ। ਇਹ ਦੁਆਬਾ ਬਿਆਹ ਅਰ ਰਾਵੀ ਦੇ ਗੱਭੇ ਹੈ। ਇਸ ਦੁਆਬੇ ਨੂੰ ਬਾਰੀ ਇਸ ਕਰਕੇ ਆਹੰਦੇ ਹਨ, ਜੋ ਅੱਖਰ ਬਾ ਬਿਆਹ ਤੇ, ਅਤੇ ਰੀ ਰਾਵੀ ਤੇ ਲੈਕੇ ਜਾਂ ਕੱਠਾ ਕੀਤਾ, ਤਾਂ ਬਾਰੀ ਬਣ ਗਿਆ; ਅਰਥਾਤ ਉਹ ਦੁਆਬਾ, ਜੋ ਦਰਿ-

ਆਉ ਬਿਆਹ ਅਰ ਰਾਵੀ ਦੇ ਗੱਭੇ ਹੈ। ਇਹ ਦੁਆਬਾ ਪੰਜਾਬ ਦੇ ਸਾਰੇ ਦੁਆਬਿਆਂ ਨਾਲੋਂ ਵਡਾ ਲੰਬਾ ਹੈ। ਅਤੇ ਇਹ ਦੁਆਬਾ ਬੇੜੀ ਦੀ ਡੌਲ ਦਾ ਹੈ; ਦੋਹਾਂ ਪਾਸਿਆਂ ਤੇ ਭੀੜਾ, ਅ-ਤੇ ਗੱਭਿਓਂ ਬਹੁਤ ਖੁੱਲਾ ਅਰ ਚੌੜਾ। ਅਤੇ ਇਸ ਦੁਆਬੇ ਦੀ ਜਿਮੀਨ ਵਡੀ ਉੱਚੀ ਹੈ; ਜਿਹਾ ਕਿ ਬਿਆਹ ਦਾ ਕੰਢਾ, ਬਿਸਤ ਜਲੰਧਰ ਦੇ ਦੁਆਬੇ ਦੀ ਧਰਤੀ ਨਾਲੋਂ, ਸੌਕੁ ਗਜ ਉੱਚਾ ਹੋਊ। ਇਸ ਦੁਆਬੇ ਵਿਚ ਇਕ ਨਲੇ ਛੁਟ, (ਜੋ ਸਹਿਰ ਕਲਾਨੌਰ ਦੇ ਪਾਹ ਚਲਦਾ ਹੈ, ਅਤੇ ਉਸ ਨੂੰ ਕਰਨ ਆਖੰਦੇ ਹਨ,) ਹੋਰ ਕੋਈ ਨਲਾ ਅਤੇ ਬੇਈਂ ਨਹੀਂ ਹੈ; ਸੋ ਭੀ ਬਹੁਤ ਲੰਬਾ ਨਹੀਂ ਹੈ। ਅਤੇ ਉਹ ਨਲਾ ਸੂਰੀਆਂ ਦੇ ਪਾਹ, ਜੋ ਪਠਾਣਾਂ ਦੀ ਬਸਤੀ ਹੈ, ਦਰਿਆਉ ਰਾਵੀ ਨਾਲ ਜਾ ਮਿਲਦਾ ਹੈ; ਅਤੇ ਅੰਤ ਹੋਲ ਦੀ ਜਾਗਾ ਤੇ ਲੈਕੇ, ਮਿਲ ਜਾਣ ਦੀ ਜਾਗਾ ਤੀਕੁਰ, ਚਾਲੀ ਕੋਹ ਹੋਊਗਾ॥

ਅਤੇ ਇਕ ਹੋਰ ਦੋ ਨਹਿਰਾਂ ਹਨ, ਕਿ ਉਨਾਂ ਵਿਚੋਂ ਜਿਹੜੀ ਲਹੌਰ ਨੂੰ ਗਈ ਹੈ, ਨਬਾਬ ਅਲੀਮਰਦਾਂਖਾਂ ਦੀ ਲਿਆਂਦੀ ਹੋਈ ਹੈ, ਅਤੇ ਉਹ ਨੂੰ ਸਾਹ ਨਹਿਰ ਕਹਿੰਦੇ ਹਨ। ਅਤੇ ਦੂਜੀ ਨਹਿਰ ਜੋ ਬੱਟਾਲੇ ਸਹਿਰ ਦੇ ਹੇਠੋਂ ਲੰਘਕੇ, ਪੱਟੀ ਸਹਿਰ ਦੇ ਨੇੜੇ ਵਗ-ਦੀ ਹੈ, ਉਹ ਮਾਂਝੇ ਦੇ ਮੁਲਖ ਵਿਚੀਂ ਲੰਘਕੇ ਕਸੂਰ ਦੇ ਪਰਗਲੇ ਦੀਆਂ ਹੱਦਾਂ ਵਿਚ ਬਿਆਹ ਨਦੀ ਵਿਖੇ ਜਾ ਪੈਂਦੀ ਹੈ। ਅਤੇ ਬਾਜੇ ਲੋਕ ਇਸ ਦੇਸ ਨੂੰ ਮਾਝਾ ਕਰਕੇ ਬੀ ਆਖਦੇ ਹਨ। ਅਤੇ ਇਹ ਦੋਨੋ ਨਹਿਰਾਂ ਕਦੇ ਵਗਦੀਆਂ ਅਰ ਕਦੇ ਸੁੱਕੀ-ਆਂ ਰਹਿੰਦੀਆਂ ਹਨ; ਬਲਕ ਸਦਾ ਸੁੱਕੀਆਂ ਹੀ ਰਹਿੰਦੀਆਂ ਹਨ; ਅਪਰ ਇਕ ਤਰਾਂ ਜਾਰੀ ਰਹਿ ਸਕਦੀਆਂ ਹਨ, ਕਿ ਜੇ ਪੰਜਾਬ ਦਾ ਹਾਕਮ ਬੇਲਦਾਰ ਨੌਕਰ ਰਖਕੇ ਸਦਾ ਇਨਾਂ ਦੀ ਖਬਰ ਰੱਖੇ। ਅਤੇ ਇਹ ਸਾਹ ਨਹਿਰ ਮਾਧੋਪੁਰ ਦੇ ਨੇੜਿਓਂ, ਜੋ

ਸਾਹਪੁਰ ਤੇ ਪੰਜ ਕੋਹ ਨੀਚੇ ਦਰਿਆਉ ਰਾਵੀ ਦੇ ਕੰਢੇ ਹੈ, ਨਿੱਕਲ਼ਦੀ ਹੈ। ਅਤੇ ਉਥੇ ਦਰਿਆਉ ਦੇ ਕੰਢੇ ਇਕ ਸ਼ੋਹੁੜ ਦਾ ਬਿਰਛ ਹੈ; ਉਹ ਦੇ ਨੀਚੇ ਪਾਲ਼ੀ ਦਰਿਆਉ ਤੇ ਜੁਦਾ ਹੋਕੇ ਇਕ ਵਡੇ ਡੂੰਘੇ ਛੰਭ ਵਾਂਙੂ ਚੱਲਦਾ ਹੈ, ਅਤੇ ਉਥੇ ਲੱਕੜੀਆਂ ਪੱਥਰਾਂ ਦਾ ਬੱਨ ਮਾਰਕੇ ਨਹਿਰ ਦੀ ਖਾਡ ਬਲਾਈ ਹੋਈ ਹੈ; ਉਥੋਂ ਉਹ ਸਾਹ ਨਹਿਰ ਢਾਹੇ ਪੁਰ ਚੱਲਦੀ ਹੈ, ਅਤੇ ਅੱਧ ਕੋਹ ਤੀਕੁਰ ਦਰਿਆਉ ਦੇ ਬਰੋਬਰ ਜਾਂਦੀ ਹੈ। ਅਤੇ ਇਸ ਨਹਿਰ ਅਰ ਦਰਿਆਉ ਦਾ ਬੀਚ, ਕਿਧਰਿਓਂ ਤੀਰ ਦੀ ਮਾਰ ਹੈ, ਅਰ ਕਿਧਰਿਓਂ ਤੀਰ ਦੀ ਮਾਰ ਤੇ ਵਧੀਕ ਹੈ। ਅਤੇ ਉਥੋਂ ਉਚੇ ਕੰਢੇ ਨੂੰ ਛਡਕੇ ਨਿਚਾਲ਼ ਵਲ ਹੋ ਜਾਂਦੀ ਹੈ; ਉਥੋਂ ਕਸਬੇ ਸੁਜਾਲ਼ਪੁਰ ਦੇ ਕੋਲ਼ ਪੱਛਮ ਰੁਕ ਜਾਕੇ ਪਰਮਾਨੰਦ ਨਾਮੇ ਪਿੰਡ ਦੇ ਪਾਹ ਪਹੁੰਚਦੀ ਹੈ; ਅਤੇ ਉਹ ਰਾਜਪੂਤਾਂ ਦਾ ਪਿੰਡ ਹੈ, ਉਹ ਦੇ ਦੁਆਲ਼ੇ ਦਰਖਤਾਂ ਦੀਆਂ ਬਹੁਤ ਸ਼ੰਗੀਆਂ ਹਨ। ਅਤੇ ਉਸ ਗਰਾਉਂ ਦੇ ਪਾਹ ਇਕ ਵਡੀ ਡੂੰਘੀ ਨਹਿਰ ਪਹਾੜੋਂ ਉਤਰਦੀ ਹੈ, ਜਿਹ ਨੂੰ ਰੋਦਖਾਨਾ ਆਖਦੇ ਹਨ, ਅਤੇ ਉਸ ਵਿਚ ਸਦਾ ਪਾਲ਼ੀ ਚਲਦਾ ਰਹਿੰਦਾ ਹੈ, ਪਰ ਥੁਹੁੜਾ। ਅਤੇ ਜਾਂ ਬਰਸਾਤ ਹੁੰਦੀ ਹੈ, ਤਾਂ ਉਹ ਨਹਿਰ ਭਰ ਜਾਂਦੀ ਹੈ, ਅਤੇ ਪੂਰਬ ਤੇ ਪੱਛਮ ਵਲ ਬਹਿੰਦੀ ਹੈ। ਅਤੇ ਜਿਹੜੀ ਨਹਿਰ ਉੱਤਰ ਤੇ ਦੱਖਲ਼ ਨੂੰ ਜਾਂਦੀ ਹੈ, ਸੋ ਇਸ ਰੋਦਖਾਨੇ ਦੇ ਕੰਢੇ ਉੱਪੜਦੀ ਹੈ; ਉਸ ਜਾਗਾ ਇਸ ਨਹਿਰ ਵਿਚ ਲੱਕੜੀਆਂ ਅਰ ਪੱਥਰਾਂ ਦਾ ਬੰਨ ਮਾਰਕੇ, ਨਹਿਰ ਦਾ ਪਾਲ਼ੀ ਉਹ ਦੇ ਉੱਪਰਦਿਓਂ ਲੰਘਾਇਆ ਹੋਇਆ ਹੈ। ਅਤੇ ਰੋਦਖਾਨੇ ਦਾ ਪਾਲ਼ੀ ਹੋਲ਼ੀਂ ਹੋਲ਼ੀਂ ਥੁਹੁੜਾ ਥੁਹੁੜਾ ਪੱਥਰਾਂ ਵਿਚੀਂ ਵਗਦਾ ਹੈ, ਅਰ ਨਹਿਰ ਦਾ ਪਾਲ਼ੀ ਵਡਾ ਤੇਜ ਉਹ ਦੇ ਉਪੁਰਦੋਂ ਜਾਂਦਾ ਹੈ; ਅਤੇ ਬਰਸਾਤ ਨੂੰ ਜਾਂ ਰੋਦਖਾਨੇ ਦਾ ਪਾਲ਼ੀ ਚੜ੍ਹਦਾ ਹੈ, ਤਾਂ ਉਹ ਬੰਨ ਕਿਸੇ ਕਿਸੇ ਜਾਗਾ ਤੇ ਟੁਟ ਜਾਂਦਾ ਹੈ, ਅਰ ਨਹਿਰ ਦਾ ਪਾਲ਼ੀ

ਘਟ ਜਾਂਦਾ ਹੈ; ਅਤੇ ਉੱਥੋਂ ਟੱਪਕੇ ਸਹਿਰ ਦੀਨਾਨਗਰ ਦੇ ਚੜ੍ਹਦੇ ਪਾਸੇ ਵਹਿੰਦੀ ਹੈ; ਅਤੇ ਉਸ ਜਾਗਾ ਉਹ ਦੇ ਕੰਢੇ ਕਈ ਸੁੰਦਰ ਬਾਗ ਹਨ। ਉੱਥੋਂ ਬਟਾਲੇ ਦੇ ਪਰਗਲੇ ਵਿਚ ਸਹਿਰੋਂ ਤ੍ਰਿੰਨਾਂ ਕੋਹਾਂ ਪੁਰ ਪਹੁੰਚਦੀ ਹੈ; ਉੱਥੇ ਉਸ ਉੱਤੇ ਇਕ ਵਡਾ ਡਾਢਾ ਪੱਕਾ ਪੁਲ਼ ਬੰਨਿਆ ਹੋਇਆ ਹੈ। ਉੱਥੋਂ ਇਹ ਨਹਿਰ ਕਸਬੇ ਮਜੀਠੇ ਦੇ ਕੋਲ਼ ਪਹੁੰਚਦੀ ਹੈ, ਅਰ ਉੱਥੋਂ ਕੂਹਲ ਕੱਟਕੇ ਅਮਰਿਤਸਰ ਨੂੰ ਲੈ ਗਏ ਹਨ। ਅਤੇ ਮਹਾਰਾਜੇ ਰਲਜੀਤਸਿੰਘੁ ਨੈ, ਸਨ ਬਾਰਾਂ ਸੈ ਅਠੱਤੀ ੧੨੩੮ ਹਿਜਰੀ ਵਿਚ, ਇਹ ਸਾਰੀ ਨਹਿਰ ਉੱਧਰੋਂ ਮੋੜਕੇ ਅਮਰਿਤਸਰ ਤੇ ਲਹੌਰ ਦੇ ਰਾਹ ਪਾ ਦਿੱਤੀ ਹੈ, ਅਰ ਉਹ ਦੇ ਦੋਹੀਂ ਪਾਸੀਂ ਰਾਹ ਵਗਦਾ ਹੈ। ਅਤੇ ਅਮਰਿਤਸਰ ਦੇ ਸਹਿਰ ਤੇ ਬਾਹਰ, ਉਹ ਦੇ ਕੰਢੇ ਪੁਰ, ਇਕ ਵਡਾ ਸੁੰਦਰ ਬਾਗ ਬਲਵਾਕੇ, ਉਸ ਵਿਚ ਹੌਦ ਅਰ ਫੁਹਾਰੇ ਲਾਏ ਹੋਏ ਹਨ; ਅਤੇ ਉਸ ਬਾਗ ਦਾ ਨਾਉਂ ਰਾਮ ਬਾਗ; ਅਰ ਉਸ ਨਹਿਰ ਦਾ ਨਾਉਂ ਹਸਲੀ ਧਰਿਆ ਹੈ॥

ਪਾਤਸਾਹਾਂ ਦੇ ਸਮੇ ਵਿਖੇ, ਉਹ ਨਹਿਰ ਸਾਲਾਮਾਰ ਬਾਗ ਨੂੰ, ਜੋ ਲਹੌਰ ਵਿਚ ਹੈ, ਪਾਲੀ ਦੇਕੇ, ਕਿਲੇ ਛੁੱਟ ਸਹਿਰ ਵਿਚ ਸਰਦਾਰਾਂ ਦੇ ਘਰੋਘਰ ਫਿਰਦੀ ਸੀ; ਹੁਲ ਅਜੇਹੀ ਖਰਾਬ ਹੋ ਗਈ ਹੈ, ਜੋ ਸਾਲਾਮਾਰ ਤੀਕੁਰ ਬੀ ਬ੍ਰਹੁੜਾ ਪਾਲੀ ਉੱਪੁੜਦਾ ਹੈ। ਇਸ ਨਹਿਰ ਦਾ ਲੰਬਾਉ ਨਿਕਾਸ ਦੀ ਜਾਗਾ ਤੇ ਲੈਕੇ ਲਹੌਰ ਤੀਕੁਰ ਅੱਸੀ ਪਚਾਸੀ ਕੋਹ ਹੋਊ॥

ਇਸ ਦੁਆਬੇ ਦੇ ਲੋਕ ਵਡੇ ਕਰੜੇ ਅਤੇ ਗੁਸੈਲੇ ਹਨ, ਅਤੇ ਮਾਂਝੇ ਦੇ ਲੋਕ, ਜੋ ਇਸ ਦੁਆਬੇ ਵਿਚ ਇਕ ਮੁਲਖ ਹੈ, ਬਹੁਤ ਹੀ ਮਾਂਰਖੰਡ ਅਰ ਚੋਰ ਅਰ ਧਾੜਵੀ ਅਤੇ ਲੜਾਕੇ ਅਰ ਕਟੋਲੇ ਮਨੁਖ ਹਨ; ਅਤੇ ਸਾਰੇ ਪਿੰਡ ਹਿੰਦੂਆਂ ਹੀ ਦੇ ਹਨ। ਅਤੇ ਇਸ ਦੁਆਬੇ ਦੇ ਪਿੰਡਾਂ ਦੇ ਵਸਕੀਲਾਂ ਦਾ ਭਰਾਵਾ ਅਖਸਰ ਲੰਗੋਟੀ

ਹੈ; ਸੋ ਭੀ ਅੱਗੇ ਪਿੱਛੇ ਲਟਕਦੀ ਰਹਿੰਦੀ ਹੈ; ਅਤੇ ਸਲਵਾਰ ਅਰ ਤਹਿਮੰਦ ਘਟ ਪਹਿਨਦੇ ਹਨ। ਅਤੇ ਮਝੈਲ ਸਿੱਖਾਂ ਦਾ ਭਰਾਵਾ ਹੋਰ ਡੌਲ੍ਹ ਦਾ ਹੈ; ਉਸ ਦਾ ਬੀ ਜਾਗਾ ਸਿਰ ਬਿਆਨ ਕੀਤਾ ਜਾਵੇਗਾ। ਇਸ ਦੁਆਬੇ ਦੀ ਲਾਂਬ, ਦੁਹੁੰ ਦਰਿਆਵਾਂ ਦੇ ਪਹਾੜੋਂ ਉਤਰਨੇ ਦੀ ਜਾਗਾ ਤੇ ਲੈਕੇ ਉਥੇ ਤੀਕੁਰ, ਕਿ ਜਿਥੇ ਪੰਜੇ ਦਰਿਆਉ ਜਾ ਕੱਠੇ ਹੁੰਦੇ ਹਨ, ਤਿੰਨ ਸੈ ਕੋਹਾਂ ਹੋਊਗੀ। ਅਤੇ ਉਨ੍ਹਾਂ ਪੰਜਾਂ ਦੇ ਨਾਉਂ ਏਹ ਹਨ, ਅਰਥਾਤ ਬਹਿਤ, ਝਨਾਉ, ਰਾਵੀ, ਬਿਆਹ, ਅਰ ਸਤਲੁਜ। ਅਤੇ ਚੁੜਾਉ ਕਈ ਪਰਕਾਰ ਦਾ ਹੈ; ਜਿਹਾਕੁ ਪਹਾੜ ਕੋਲੋਂ ਗਿਆਰਾਂ ਕੋਹ, ਅਤੇ ਬਟਾਲੇ ਪਾਹੋਂ ਚੌਬੀ ਕੋਹ, ਅਤੇ ਲਹੌਰ ਦੇ ਸਾਹਮਣਿਓਂ ਹਰੀਕੇ ਘਾਟ ਤੀਕੁਰ, ਜਿਥੇ ਬਿਆਹ ਅਰ ਸਤਲੁਜ ਕੱਠੇ ਹੁੰਦੇ ਹਨ, ਚਾਲ੍ਹੀ ਕੋਹ ਹੈ; ਇਸੀ ਤਰਾਂ ਮੁਲਤਾਨ ਦੇ ਬੰਨੇ ਤੀਕੁਰ ਚਲਾ ਜਾਂਦਾ ਹੈ, ਬਲਕ ਪੈਰੋਪੈਰ ਘਟਦਾ ਜਾਂਦਾ ਹੈ॥

ਇਸ ਦੁਆਬੇ ਦੇ ਸਭ ਉਲਾਸੀ ਪਰਗਲੇ ਹਨ; ਉਨ੍ਹਾਂ ਵਿਚੋਂ ਗਿਆਰਾਂ ਪਰਗਲੇ ਮੁਲਤਾਨ ਨਾਲ੍ਹ ਲਗਦੇ ਹਨ, ਅਤੇ ਸੋਲ੍ਹਾਂ ਪਰਗਲੇ ਦੀਪਾਲ੍ਹਪੁਰ ਨਾਲ੍ਹ, ਅਤੇ ਬਵੰਜਾ ਲਹੌਰ ਨਾਲ੍ਹ ਲਗਦੇ ਹਨ। ਇਸ ਦੁਆਬੇ ਵਿਚ ਖੇਤੀ ਨੂੰ ਅਕਸਰ ਹਰਟਾਂ ਨਾਲ੍ਹ ਸਿੰਜਦੇ ਹਨ, ਅਤੇ ਬਾਜੇ ਜਿਲਿਆਂ ਵਿਖੇ ਬਿਆਹ ਦੇ ਕੰਢੇ ਬਰਖਾ ਨਾਲ੍ਹ ਖੇਤੀ ਹੁੰਦੀ ਹੈ; ਕਿੰਉਕਿ ਉਸ ਦੇਸ ਵਿਚ ਖੂਹੇ ਘੱਟ ਹਨ॥

ਮੁਲਤਾਨ ਤੇ ਲਹਿੰਦੇ ਪਾਸੇ, ਜਿਥੇ ਏਹ ਦਰਿਆਉ ਜਾ ਕਠੇ ਹੁੰਦੇ ਹਨ, ਭਾਵੇਂ ਬਸੋਂ ਬਹੁਤ ਹੈ, ਪਰ ਗਰਾਉਂ ਅਰ ਸਹਿਰ ਬਹੁਤ ਮਸਹੂਰ ਨਹੀਂ ਹਨ; ਇਸੀ ਕਰਕੇ ਉਨ੍ਹਾਂ ਦਾ ਬਿਆਨ ਨੱਹੀਂ ਕਰਦਾ ਹਾਂ॥

Multán.

ਮੁਲਤਾਨ ਇਕ ਵਡਾ ਪੁਰਾਣਾ ਹਿੰਦੂਆਂ ਦਾ ਸਹਿਰ ਹੈ। ਆਹੰਦੇ ਹਨ, ਜੋ ਇਹ ਸਹਿਰ ਕਿਸੇ ਅਗਲੇ ਜੁਗ ਦਾ ਬਣਿਆ ਹੋਇਆ ਹੈ, ਅਤੇ ਹਰ ਜੁਗ ਵਿਖੇ ਜੁਦਾ ਜੁਦਾ ਨਾਉਂ ਪਾਉਂਦਾ ਚਲਾ ਆਇਆ ਹੈ; ਜਿਹਾਕੁ ਹਸਤਪੁਰ, ਕੱਲਾਪੁਰ, ਅਤੇ ਹੋਰ ਕਈ ਨਾਉਂ ਹਨ। ਅਤੇ ਇਹ ਸਹਿਰ ਹਰ ਜੁਗ ਵਿਖੇ ਅੰਬਾ-ਰਤ ਬੀ ਜੁਦੀ ਜੁਦੀ ਰਖਦਾ ਸੀ। ਹੁਣ ਇਸ ਆਖਰੀ ਜਮਾਨੇ ਵਿਖੇ, ਜੋ ਕਲ ਜੁਗ ਹੈ, ਇਸ ਸਹਿਰ ਦਾ ਨਾਉਂ ਮੁਲਤਾਨ ਕਰਕੇ ਆਖਦੇ ਹਨ। ਹੁਣ ਇਸ ਸਹਿਰ ਵਿਚ ਬਾਰਾਂ ਹਜਾਰ ਘਰ ਅਰ ਸਾਢੇ ਤਿੰਨ ਹਜਾਰ ਹੱਟ ਅਬਾਦ ਹੈ। ਅਤੇ ਹਰ ਪਰਕਾਰ ਦੇ ਕਾਰਖਾਨੇ ਅਰ ਸੁਦਾਗਰ ਉਥੇ ਲੱਭਦੇ ਹਨ। ਅਤੇ ਰੇਸ-ਮੀਨ ਜਰਬਫਤ ਦੇ ਕੱਪੜੇ ਉਥੇ ਚੰਗੇ ਚੰਗੇ ਬੁਣੀਦੇ ਹਨ; ਅਤੇ ਛੀਟਾਂ ਅਜਿਹੀਆਂ ਸੁੰਦਰ ਰੰਗਦੇ ਹਨ, ਜੋ ਸਾਲ ਅਰ ਚਿਕਨ ਦੇ ਬਰੋਬਰ ਭੜਕ ਮਾਰਦੀਆਂ ਹਨ; ਅਤੇ ਸੁਨਹਿਰੀ ਕੰਮ ਬੀ ਉਥੇ ਹੁੰਦਾ ਹੈ। ਇਸੇ ਕਰਕੇ ਸੁਦਾਗਰ ਲੋਕ ਦੂਰ ਦੂਰ ਮੁਲਖਾਂ ਨੂੰ ਲੈ ਜਾਂਦੇ ਹਨ। ਮੇਵਿਆਂ ਵਿਚੋਂ ਸੰਗਤਰੇ ਅਤੇ ਅੰਬ ਬਹੁਤ ਹੀ ਅਨੂਪ ਪੈਦਾ ਹੁੰਦੇ ਹਨ, ਅਤੇ ਕਾਬੁਲ ਅਰ ਕੰਧਾਰ ਨੂੰ ਸੁਗਾਤ ਕਰਕੇ ਲੈ ਜਾਂਦੇ ਹਨ। ਸਹਿਰ ਅਰ ਸਹਿਰਪਨਾਹ ਦੀ ਅੰਬਾਰਤ ਸਾਰੀ ਪੱਕੀ ਹੈ; ਅਤੇ ਸਹਿਰ ਦੇ ਛੇ ਦਰਵੱਜੇ ਹਨ। ਅਤੇ ਸਹਿਰੋਂ ਬਾਹਰ ਪੂਰਬ ਦੇ ਰੁਕ ਪੰਜਾਹਾਂ ਕਰਮਾਂ ਦੀ ਵਿੱਥ ਉੱਪੁਰ ਇਕ ਪੁਰਾਣਾ ਪੱਕਾ ਕਿਲਾ ਹੈ, ਜਿਹ ਦੇ ਚਾਲੀ ਬੁਰਜ ਅਰ ਚਾਰ ਦਰਵੱਜੇ ਹਨ। ਸਹਿਰਪਨਾਹ ਬਾਹਰਲੀ ਵਲੋਂ ਬਾਈ ਗਜ ਉੱਚੀ ਹੈ, ਅਰ ਅੰਦਰਲੀ ਵਲੋਂ ਕੁਛ ਘੱਟ ਹੈ। ਅਗੇ ਇਸ ਕਿਲੇ ਦੇ ਗਿਰਦੇ ਖਾਈ ਨਸੋ; ਹੁਣ ਮਹਾਰਾਜੇ ਰਣਜੀਤਸਿੰਘੁ ਦੇ ਹੁਕਮ ਨਾਲ ਪੱਕੀ ਚੂਨੇਗਚ ਖਾਈ ਬਣ ਗਈ ਹੈ, ਅਤੇ ਦੁਹੁੰ ਦਰਵੱਜਿ-

ਆਂ ਅੱਗੇ, ਅਰਥਾਤ ਸਖੀ ਅਰ ਰੇਹੜ ਦੇ ਦਰਵੱਜੇ ਅਗੇ ਦਮਦਮਾ ਬੀ ਬਲ ਗਿਆ ਹੈ। ਕਿਲੇ ਦੇ ਅੰਦਰ ਸਾਹ ਬਹਾਉਦੀਨ ਜਕਰੀਆ, ਅਤੇ ਉਨਾਂ ਦੇ ਪੋਤੇ ਸਾਹ ਰੁਕਨਦੀਨ ਆਲਮ ਦੀ ਖਾਨਗਾਹ ਹੈ, ਅਤੇ ਦੋਹਾਂ ਖਾਨਗਾਹਾਂ ਵਿਚ, ਸੱਤਰਾਂ ਕਰਮਾਂ ਦੀ ਬਿਥ ਹੈ; ਸਾਹ ਰੁਕਨ ਆਲਮ ਦੀ ਕਬਰ ਰੇਹੜ ਦੇ ਦਰਵੱਜੇ ਦੇ ਲਾਗ ਹੈ, ਅਤੇ ਸਾਹ ਬਹਾਉਦੀਨ ਦਾ ਰੌਦਾ ਕਿਲ੍ਹੇ ਦੇ ਵਿਚ ਹੈ; ਅਤੇ ਦੋਨੋ ਰੌਦੇ ਵਡੇ ਸੁੰਦਰ ਚੀਨੀ ਦੇ ਬਣੇ ਹੋਏ ਹਨ। ਕਿਲੇ ਦਾ ਗਿਰਦਾ ਸੋਲ੍ਹਾਂ ਸੈ ਸੱਤਰਾਂ ਕਰਮਾਂ ਦਾ ਹੈ; ਅਤੇ ਅੰਦਰਵਾਰ ਹਿੰਦੂਆਂ ਦਾ ਇਕ ਦਿਵਾਲਾ ਹੈ, ਜਿਹ ਨੂੰ ਨਰਸਿੰਘ ਔਤਾਰ ਦਾ ਦਿਵਾਲਾ ਆਹੰਦੇ ਹਨ, ਅਰ ਉਹ ਦਾ ਕਿੱਸਾ ਹਿੰਦੂਆਂ ਵਿਚ ਮਸਹੂਰ ਹੈ। ਕਿਲਾ ਅਰ ਸਹਿਰ ਦੋਵੇਂ ਇਕ ਥੇਹ ਉਪੁਰ ਹਨ, ਅਤੇ ਉਹ ਧਰਤੀ ਜੋ ਦਰਿਆਉ ਵਲ ਹੈ, ਸੋ ਨੀਚੀ ਹੈ॥

ਤ੍ਰਿੰਮੋ ਦਾ ਦਰਿਆਉ ਸਹਿਰੋਂ ਚਾਰ ਕੋਹ ਹੈ; ਹਾੜ੍ਹੀ ਸਾਉਣੀ ਵਿਖੇ ਹਰ ਪਰਕਾਰ ਦੀ ਖੇਤੀ ਬਹੁਤ ਹੁੰਦੀ ਹੈ, ਅਤੇ ਨੀਲ ਬੀ ਬਥੇਰਾ ਬੀਜਦੇ ਹਨ॥

ਉਸ ਦੇਸ ਵਿਚ ਹਰਟ ਬਹੁਤ ਹੀ ਵਗਦੇ ਹਨ। ਉਸ ਸਹਿਰ ਦੇ ਗਿਰਦੇ ਸੱਭਰ ਬਾਗ ਤਾ ਚੰਗੇ ਅਬਾਦ ਹਨ, ਅਤੇ ਪਇਆਂ ਰਿੜ੍ਹਿਆਂ ਦਾ ਕੁਛ ਲੇਖ੍ਹਾ ਹੀ ਨਹੀਂ; ਉਨਾਂ ਵਿਚੋਂ ਹਜੂਰੀ ਬਾਗ ਅਤੇ ਸੱਬਸ ਬਾਗ ਨਬਾਬ ਮੁਜਫਰਖਾਂ ਦੇ ਬਲਾਏ ਹੋਏ ਹਨ; ਉਨਾਂ ਦੀ ਛਾਰਦੁਆਲੀ ਪੱਕੀ, ਅਤੇ ਬੈਠਕਾਂ ਬਹੁਤ ਸੁੰਦਰ ਬਣੀਆਂ ਹੋਈਆਂ ਹਨ। ਅਤੇ ਇਹ ਦੇਸ ਲਹੌਰ ਨਾਲੋਂ ਦਸ ਦਰਜੇ ਪੱਛਮ ਦੀ ਵਲ ਨੇੜੇ ਹੈ; ਇਸ ਕਰਕੇ ਉਥੇ ਲਹੌਰ ਨਾਲੋਂ ਗਰਮੀ ਬਹੁਤ ਹੈ, ਅਤੇ ਪਹਾੜੋਂ ਦੂਰ ਹੋਣ ਦੇ ਸਬਬ ਬਰਖਾ ਥੁਹੁੜੀ ਹੁੰਦੀ ਹੈ॥

### Talumbá.

ਤਲੰਬਾ ਇਕ, ਕਦੀਮੀ ਅਰ ਮਸਹੂਰ ਸਹਿਰ ਦਰਿਆਉ ਰਾਵੀ ਦੇ ਕੰਢੇ, ਮੁਲਤਾਨ ਤੇ ਤੀਹ ਕੋਹ ਚੜ੍ਹਦੇ ਰੁਕ ਹੈ; ਉਹ ਅੱਗੇ ਵਡਾ ਅਬਾਦ ਸੀ, ਹੁਣ ਪੰਜਕੁ ਸੈ ਘਰ, ਅਰ ਪੰਜਾਹਕੁ ਹੱਟਾਂ ਬਸਦੀਆਂ ਹਨ। ਸਹਿਰੋਂ ਬਾਹਰ ਇਕ ਚੌਬੁਰਜਾ ਪੱਕਾ ਕਿਲਾ ਹੈ; ਅਤੇ ਤਲੰਬੇ ਥੀਂ ਚਾਰ ਕੋਹ ਇਕ ਉਜਾੜ ਹੈ, ਜਿਹ ਨੂੰ ਬਾਰ ਕਰਕੇ ਆਖਦੇ ਹਨ; ਉਥੇ ਦੀ ਜਿਮੀਦਾਰੀ ਉਸ ਕੋਮ ਦੀ ਹੈ, ਜੋ ਕਾਠੀਆ ਕਹਾਉਂਦੀ ਹੈ; ਕੀ ਜਾਣਜੇ ਉਸ ਬਾਰ ਵਿਚ ਬੀ ਉਹੋ ਲੋਕ ਰਹਿੰਦੇ ਹੋਣਗੇ; ਅਤੇ ਇਹ ਬਾਰ ਇਸੀ ਦੁਆਬੇ ਵਿਚ ਹੈ, ਚਾਲ੍ਹੀ ਕੋਹ ਚੌੜੀ ਅਰ ਸੋ ਕੋਹ ਲੰਬੀ ਹੋਊ। ਇਸ ਬਾਰ ਵਿਖੇ ਕੰਡਿਆਲੇ ਦਰਖਤ ਬਹੁਤ ਹਨ, ਅਤੇ ਜਲ ਲੋਕ, ਜੋ ਇਸ ਬਾਰ ਵਿਚ ਰਹਿੰਦੇ ਹਨ, ਧੁਰ ਮੁਲਤਾਨ ਦੇ ਬੰਨੇ ਤੀਕੁਰ ਲੁਟਦੇ ਅਰ ਧਾੜੇ ਮਾਰਦੇ ਹਨ। ਇਸ ਦੁਆਬੇ ਵਿਚ ਥਲ ਬੀ ਕਈ ਹਨ, ਪਰ ਪੰਜਨੱਦ ਦੀ ਹੱਦ ਤੀਕੁਰ ਉਜਾੜਾਂ ਬਹੁਤ ਹਨ॥

### Haṛappá.

ਹੜੱਪਾ ਰਾਵੀ ਦੇ ਕੰਢੇ ਇਕ ਮਸਹੂਰ ਸਹਿਰ ਹੈ; ਘਰਾਂ ਦੀ ਬਸੋਂ ਦੋਕੁ ਸੈ ਤੀਕੁਰ ਹੋਵੇਗੀ, ਅਤੇ ਉਨ੍ਹਾਂ ਲੋਕਾਂ ਦੀਆਂ ਜਿਮੀ-ਦਾਰੀ ਹੱਟਾਂ, ਜੋ ਕਾਠੀਆ ਅਖਾਉਂਦੇ ਹਨ, ਬਾਰ ਦੇ ਤੋਨੇ ਵਿਚ ਹਨ; ਅਤੇ ਹੋਰ ਸਦੁੱਲਾਪੁਰ ਲਗ ਸਭ ਉਜਾੜ ਹੈ; ਇਸੀ ਕਰਕੇ ਜਲਾਂ ਦੇ ਡਰ ਦੇ ਮਾਰੇ, ਬਿਨਾ ਗਾਫਲੇ ਕੋਈ ਇਕੱਲਾ ਦੁ-ਕੱਲਾ ਉਸ ਰਸਤੇ ਨਹੀਂ ਲੰਘ ਸਕਦਾ; ਅਤੇ ਉਥੇ ਐਡਾ ਬਣ ਹੈ, ਜੋ ਇਕ ਦੂਜੇ ਨੂੰ ਨਹੀਂ ਨਜਰੀ ਆਉਂਦਾ। ਅਤੇ ਇਨ੍ਹਾਂ ਦੋ-ਨਾਂ ਨਗਰਾਂ ਅਰਥਾਤ ਤਲੰਬੇ ਅਰ ਹੜੱਪੇ ਵਿਚ, ਪੱਚੀਹਾਂ ਕੋਹਾਂ ਦੀ ਵਿੱਥ ਹੈ, ਪਰ ਲੋਕ ਦੋਹਾਂ ਦਾ ਕੱਠਾ ਨਾਉਂ ਲੈਂਦੇ ਹਨ॥

Paṭaṉ, or Pák Paṭaṉ.

ਪਟਣ ਇਕ ਕਦੀਮੀ ਸਹਿਰ ਹੈ; ਅਗਲੇ ਜ਼ਮਾਨੇ ਵਿਚ ਇਹ ਦਾ ਨਾਉਂ ਅਜੋਧਨ ਕਰਕੇ ਲਿਖਦੇ ਸਨ, ਪਰ ਹੁਣ ਪਟਣ ਕਰਕੇ ਮਸਹੂਰ ਹੈ। ਉਹ ਸਾਰਾ ਪੱਕਾ ਹੈ, ਅਰ ਪੰਦਰਾਂ ਸੈ ਘਰ, ਅਰ ਦੋ ਸੈ ਹੱਟ ਉਸ ਵਿਚ ਬਸਦੀ ਹੈ॥

ਅਤੇ ਇਸੀ ਸਹਿਰ ਵਿਚ ਖ੍ਵਾਜਾ ਫਰੀਦੁੱਦੀਨ ਸਕਰਗੰਜ ਚਿਸਤੀ ਦੀ ਖਾਨਗਾਹ ਹੈ; ਅਤੇ ਉਹ ਖ੍ਵਾਜਾ ਕੁਤਬਦੀਨ ਬਖਤਿਆਰ ਓਸੀ ਕਾਕੀ ਦਾ ਚੇਲਾ ਹੈ, ਅਤੇ ਉਹ ਖ੍ਵਾਜਾ ਉਸਮਾਨ ਹਾਰੂਨੀ ਦਾ ਚੇਲਾ ਹੈ, ਅਤੇ ਉਹ ਖ੍ਵਾਜਾ ਮੁਈਨ-ਦੀਨ ਹਸਨ ਸੰਜਰੀ ਅਜਮੇਰਵਾਲੇ ਦਾ ਚੇਲਾ ਹੈ। ਅਤੇ ਇਨਾਂ ਖ੍ਵਾਜਿਆਂ ਦੀ ਕਰਾਮਾਤ ਦੀ ਵਿਥਿਆ ਜਗਤ ਵਿਚ ਉੱਘੀ ਹੈ, ਅਤੇ ਉਨਾਂ ਦੀਆਂ ਕਤੇਬਾਂ ਵਿਚ ਬੀ ਲਿਖੀ ਹੋਈ ਹੈ॥

ਅਤੇ ਲੋਕ ਦੂਰ ਦੂਰ ਤੇ ਤਾਜੀਆਂ ਦੇ ਮਹੀਨੇ ਪਾਕ ਪਟਣ ਨੂੰ ਦਰਸਣ ਲਈ ਜਾਂਦੇ ਹਨ। ਉਨਾਂ ਦੀ ਉਲਾਦ ਸੇਰ ਦੇ ਸਮੇ ਤੇ ਲੈਕੇ ਇਸ ਵੇਲੇ ਤੀਕੁਰ ਪਤ ਹੁਰਮਤ ਨਾਲ਼ ਰਹੀ ਹੈ, ਅਤੇ ਇਹ ਸਹਿਰ ਸਣੇ ਤਲਕੇ ਉਨਾਂ ਦੇ ਹੇਠ ਸਾ॥

ਅਤੇ ਜੋ ਖਲੀਫਾ ਗੱਦੀ ਪੁਰ ਬੈਠਦਾ, ਤਿਸ ਨੂੰ ਦਿਵਾਨ ਦਾ ਖਤਾਬ ਦਿੰਦੇ ਸੇ; ਅਤੇ ਮੁੱਢੋਂ ਫੈਜਵਾਲੇ ਸਨ॥

ਅਤੇ ਜਾਂ ਰਣਜੀਤਸਿੰਘੁ ਨੈ ਮੁਲਤਾਨ ਮਾਰ ਲਿਆ, ਅਤੇ ਇਹ ਮੁਲਖ ਸਾਰਾ ਉਹ ਦੇ ਕਾਬੂ ਵਿਚ ਆ ਗਿਆ, ਤਾਂ ਇਹ ਸਹਿਰ ਬੀ ਸੇਖ ਦੀ ਉਲਾਦ ਕੋਲੋਂ, ਸਣੇ ਮਾਲ ਧਨ ਜੋਰ ਨਾਲ਼ ਖੁਹ ਲਿਆ, ਅਤੇ ਆਪਣੇ ਪੁੱਤ ਖੜਕਸਿੰਘੁ ਨੂੰ ਚੱਕ ਦਿੱਤਾ॥

ਹੁਣ ਸੇਖ ਦੀ ਉਲਾਦ ਰਈਯਤ ਵਾਂਙੂ ਉਸ ਸਹਿਰ ਵਿਚ ਬਸਦੀ ਹੈ, ਅਰ ਉਹ ਦੇ ਖਾਣ ਪੀਣ ਦਾ ਗੁਜਾਰਾ ਛੜਾ ਮੁਰੀ-ਦਾਂ ਹੀ ਪੁਰ ਹੈ। ਸਹਿਰ ਉਚਾਣ ਪੁਰ ਬਸਦਾ ਹੈ, ਅਤੇ ਸੇਖ

ਦੀ ਕਬਰ ਨਿਹਾਲ ਵਿਚ ਹੈ। ਦਰਿਆਉ ਬਿਆਹ ਅਰ ਸਤਲੁਜ ਸਹਿਰੋਂ ਛੜਦੇ ਰੁਕ ਪੰਜਾਂ ਕੋਹਾਂ ਪੁਰ ਹਨ॥

Dípálpur.

ਸਰਕਾਰ ਦੀਪਾਲਪੁਰ ਇਕ ਕਦੀਮੀ ਪੁਰਾਣਾ ਸਹਿਰ ਗੱਦੀ ਦੀ ਜਾਗਾ ਹੈ। ਅਗਲੇ ਜਮਾਨੇ ਵਿਚ ਇਹ ਵੜਾ ਸਹਿਰ ਹੋ ਚੁਕਿਆ ਹੈ; ਹੁਣ ਸਾਰਾ ਉਜੜ ਪਿਆ ਹੈ; ਇਕ ਕਿਲੇ ਦੇ ਅੰਦਰਵਾਰ ਕੁਛ ਥੁਹੁੜੀ ਜਿਹੀ ਬਸੋਂ ਹੈ। ਅਤੇ ਕਿਲਾ ਪੱਕੀ-ਆਂ ਇੱਟਾਂ ਦਾ ਬਣਿਆ ਹੋਇਆ ਹੈ, ਅਤੇ ਉਸ ਕਿਲੇ ਦੇ ਅੱਸੀਕੁ ਬੁਰਜ ਹਨ, ਅਤੇ ਛੇ ਪਰਗਣੇ ਉਸ ਨਾਲ ਲਗਦੇ ਹਨ; ਪਰ ਆਪ ਪਰਗਣਿਆਂ ਸਣੇ ਮੁਲਤਾਨ ਨਾਲ ਲਗਦਾ ਹੈ; ਬਿਆਹ ਨਦੀ ਉਥੋਂ ਸੱਤ ਕੋਹ ਹੈ॥

Gaṛh.

ਗੜ੍ਹ ਇਕ ਕਸਬਾ ਹੈ, ਜਿਥੇ ਦਸ ਗਿਆਰਾਂ ਸੈ ਘਰ, ਅਤੇ ਸੇਖ ਬੰਦਗੀ ਦਾਊਦ ਕਾਦਰੀ ਦੀ ਕਬਰ ਹੈ; ਪੰਜਾਬ ਵਿਚ ਉਨ੍ਹਾਂ ਦੀ ਉਲਾਦ ਦੇ ਬਹੁਤ ਲੋਕ ਸੇਉਕ ਹਨ; ਪਰ ਸਿੱਖਾਂ ਦੇ ਰਾਜ ਵਿਚ, ਉਨ੍ਹਾਂ ਦੇ ਬਜਾਰ ਦੀ ਰੋਣਕ ਘਟ ਗਈ॥

Hujrá Sháh Muqím dá.

ਹੁਜਰਾ ਸਾਹ ਮੁਕੀਮ ਦਾ ਇਕ ਪੱਕਾ ਸਹਿਰ ਹੈ; ਉਸ ਵਿਚ ਪੰਦਰਾਂਕੁ ਸੌ ਘਰ ਬਸਦਾ ਹੈ, ਅਤੇ ਸਾਹ ਮੁਕੀਮ ਕਾਦਰੀ ਦਾ ਬਣਾਇਆ ਹੋਇਆ ਹੈ, ਜੋ ਵਡਾ ਸੰਤ ਅਰ ਅਗਿਓਂ ਪਿਛਿ-ਓਂ ਖਰਾ ਅਮੋਲ ਸੱਜਦ ਥਾ। ਉਹ ਦੀ ਉਲਾਦ ਸਿੱਖਾਂ ਦੇ ਰਾਜ ਤੇ ਅੱਗੇ ਫੌਜ ਅਤੇ ਮੁਲਖਵਾਲੀ ਸੀ, ਅਤੇ ਇਹ ਸਹਿਰ ਸਭ ਕਾਸੇ ਸਣੇ ਉਨ੍ਹਾਂ ਦੇ ਹੁਕਮ ਵਿਚ ਸਾ॥

ਬਹੁਤ ਚਿਰ ਬੀਤ ਚੁੱਕਾ ਹੈ, ਜੋ ਸਾਹਬਸਿੰਘੁ ਬੇਦੀ ਨੈ ਇਸ ਸਹਿਰ ਨੂੰ ਲੁਟਕੇ, ਫੂਕ ਦਿੱਤਾ; ਅਤੇ ਸੇਖ ਦੀ ਉਲਾਦ ਨੂੰ ਕੈਦ

ਕਰਕੇ ਵਡੀ ਫਕੜ੍ਹੋ ਨਾਲ਼ ਭਰਮਾ ਤਰਸਾਕੇ ਜਾਨੋਂ ਮਾਰ ਸਿਟਿਆ ਸੀ, ਅਤੇ ਜੋ ਕੋਈ ਬਚ ਰਹੇ ਸੇ, ਸੋ ਥੁਲ਼ੇ ਹੋਰ ਰਈਯਤ ਵਾਂਙੂ ਸਹਿਰ ਵਿਚ ਬਸਦੇ ਹਨ, ਅਤੇ ਸੇਊਕਾਂ ਦੇ ਘਰਾਂ ਪੁਰ ਗੁਜਾਰਾ ਕਰਦੇ ਹਨ ॥

### Kasúr.

ਕਸੂਰ ਇਕ ਵਡਾ ਪੁਰਾਣਾ ਸਹਿਰ ਹੈ, ਜੋ ਅਗਲੇ ਸਮੇ ਵਿਚ ਬਹੁਤ ਅਬਾਦ ਸੀ; ਕਹਿੰਦੇ ਹਨ, ਜੋ ਇਹ ਸਹਿਰ ਰਾਜਾ ਰਾਮਚੰਦਰ ਦੇ ਪੁੱਤ ਕੁੱਸੂ ਦਾ ਬਣਾਇਆ ਹੋਇਆ ਹੈ। ਅਤੇ ਸੁਲਤਾਨ ਗਿਆਸਦੀਨ ਅੰਰ ਹੋਰਨਾਂ ਗੋਰੀ ਪਾਤਸਾਹਾਂ ਦੇ ਸਮੇ ਵਿਖੇ, ਜਾਂ ਚੰਗੇਜਖਾਨੀ ਮੁਗਲ ਪੰਜਾਬ ਪੁਰ ਚੜ੍ਹਾਈ ਕਰਦੇ ਸਨ, ਇਸ ਦੇਸ ਵਿਚ, ਕਸੂਰ ਛੁੱਟ, ਹੋਰ ਬਹੁਤ ਥੁਹੁੜੀ ਅਬਾਦੀ ਸੀ; ਇਸੀ ਕਰਕੇ ਮੀਰ ਖੁਸਰੋ ਦਿੱਲੀਵਾਲੇ ਨੈ ਆਖਿਆ ਹੈ,

از حد سامانہ' تا لاہور     ہیچ عمارت نہ مگر در کسور

ਇਸ ਦਾ ਅਰਥ ਇਹ ਹੈ, ਜੋ ਸਮਾਣੇ ਤੇ ਲੈਕੇ ਲਹੌਰ ਤੀਕੁਰ, ਕਸੂਰ ਛੁਟ, ਹੋਰ ਕਿਧਰੇ ਬਸੋਂ ਨਹੀਂ ਹੈ। ਜਾਂ ਮੀਰ ਤੈਮੂਰ ਹਿੰਦੁਸਥਾਨ ਪੁਰ ਚੜ੍ਹਾਈ ਕਰਕੇ ਮੁੜ ਗਿਆ, ਅਤੇ ਦਿੱਲੀ ਦੀ ਪਾਤਸਾਹੀ ਖਿਦਰਖਾਂ ਦੇ ਪੁੱਤਾਂ ਨੂੰ ਲਭ ਗਈ, ਅਤੇ ਸਰਦਾਰਾਂ ਦੇ ਫਾਟਕ ਦੇ ਕਾਰਨ ਉਨ੍ਹਾਂ ਦੀ ਪਾਤਸਾਹੀ ਨੈ ਕੁਛ ਰੌਣਕ ਨਾ ਪਕੜੀ, ਤਾਂ ਹਰ ਕੋਈ ਆਪੋ ਆਪਣੀ ਜਾਗਾ ਠਾਣੇਮੀਰ ਬਣ ਬੈਠਾ, ਬਲਕ ਬਹਿਲੋਲ ਲੋਦੀ ਪਠਾਣ ਨੈ, ਜੋ ਦੀਪਾਲਪੁਰ ਵਿਚ ਹਾਕਮ ਸਾ, ਅਤੇ ਸੇਖੇ ਨਾਮੇ ਘੋਖੁਰ ਦੇ ਬਰਗਲਾਨਣੇ ਕਰਕੇ, ਪਾਤਸਾਹੀ ਦਾ ਦਾਵਾ ਕੀਤਾ ਸਾ, ਇਸ ਜਿਲੇ ਵਿਚ ਪਠਾਣਾਂ ਨੂੰ ਬਸਾਇਆ, ਅਤੇ ਇਸ ਗਿਰਦੇ ਦੀ ਜਿਮੀਦਾਰੀ ਬੀ ਪਠਾਣਾਂ ਹੀ ਨੂੰ ਦੇ ਦਿੱਤੀ ॥

ਅਤੇ ਇਹ ਲੋਕ ਸਪਾਹਪੁਣੇ ਦੇ ਕਾਰਨ ਪਾਤਸਾਹਾਂ ਦੇ ਅੱਗੇ ਮੰਨੇ ਦੰਨੇ ਹੋਏ, ਅਤੇ ਮਨਸਬਦਾਰ ਹੀ ਰਹੇ। ਪਰ ਜਾਂ ਸਿੱਖ ਫਤੂਰ ਮਚਾਕੇ ਮੁਲਖ ਨੂੰ ਵੈਰਾਨ ਕਰਨ ਲਗੇ, ਅਤੇ ਕੋਈ ਪਾਤ-ਸਾਹੀ ਨਾ ਰਹੀ, ਤਾਂ ਉਨ੍ਹਾਂ ਨੈ ਇਸ ਸਹਿਰ ਨੂੰ ਬੀ ਲੁੱਟ ਪੁਟਕੇ ਫੂਕ ਦਿੱਤਾ, ਅਤੇ ਸੋਇਨਾ ਚਾਂਦੀ, ਮਾਲ ਧਨ, ਜੜਾਊ ਗਹਿਣੇ, ਅਤੇ ਮੋਤੀ, ਅਤੇ ਹੋਰ ਇਤਨਾ ਕੁਛ ਲੁੱਟਿਆ, ਜੋ ਗਿਲ-ਤੀਓਂ ਬਾਹਰ ਹੈ॥

ਕਹਿੰਦੇ ਹਨ, ਜੋ ਸਰਦਾਰ ਜੱਸਾਸਿੰਘੁ ਰਾਮਗੜ੍ਹੀਏ ਕੱਲੇ ਦੇ ਹਿਸੇ ਇਤਨਾ ਜੜਾਊ ਗਹਿਣਾ ਅਤੇ ਸੋਇਨਾ ਮੋਤੀ ਆਇ-ਆ ਸੀ, ਜੋ ਇਕ ਪਲੰਘ ਪੁਰ ਲੱਦਕੇ ਚੌਹੁੰ ਜਣਿਆਂ ਨੈ ਮਰ ਪਿੱਟਕੇ ਚੱਕਿਆ ਸੀ, ਅਤੇ ਅਮਰਿਤਸਰ ਦੇ ਗਿਰਦੇ ਢੱਕ ਦੇ ਜੰਗਲ ਵਿਚ ਦਬਵਾ ਦਿੱਤਾ ਸਾ; ਪਰ ਰੱਬ ਦੀ ਭਾਉਣੀ ਅਜਿਹੀ ਹੋਈ, ਜੋ ਉਹ ਨੂੰ ਉਹ ਜਾਗਾ ਹੀ ਭੁਲ ਗਈ, ਅਤੇ ਉਸ ਤੇ ਪਿੱਛੇ ਉਹ ਦੀ ਉਲਾਦ ਨੂੰ ਬੀ ਨਾ ਲੱਭੀ; ਹੁਣ ਤੀਕੁਰ ਉਥੇ ਹੀ ਦਬੀ ਹੋਈ ਹੈ, ਪਰ ਮਲੂਮ ਨਹੀਂ, ਜੋ ਕਿਹੜੀ ਜਾਗਾ ਹੈ॥

ਇਸੀ ਤਰਾਂ ਹੋਰਨਾਂ ਸਰਦਾਰਾਂ ਨੂੰ, ਜਿਹਾਕੁ ਸਰਦਾਰ ਜੈਸਿੰਘੁ ਘਨੇਏ, ਅਤੇ ਝੰਡਾਸਿੰਘੁ ਭੰਗੀ, ਅਤੇ ਹੋਰਨਾਂ ਸਰਦਾਰਾਂ ਨੂੰ ਇਤ-ਨੀ ਲੁੱਟ ਹਥ ਲੱਗੀ, ਜੋ ਸਰਦਾਰ ਬਣ ਗਏ; ਅਰ ਇਸ ਲੜਾ-ਈ ਵਿਚ ਬਹੁਤ ਪਠਾਣ ਮਾਰੇ ਗਏ॥

ਉਸ ਤੇ ਪਿਛੇ ਇਹ ਸਹਿਰ ਸਿੱਖਾਂ ਪਾਹ, ਜੋ ਭੰਗੀ ਕਹਾਉਂਦੇ ਸੇ, ਰਿਹਾ; ਪਰ ਜਾਂ ਜਮਾਨਸਾਹ ਦੁਰਾਨੀ ਲਹੌਰ ਵਿਚ ਆ-ਇਆ, ਅਤੇ ਸਿੱਖ ਲੋਕ ਪੰਜਾਬ ਤੇ ਭੱਜ ਗਏ, ਤਾਂ ਉਸ ਵੇਲੇ ਨਜਾਮਦੀਨਖਾਂ ਪਠਾਣ ਨੈ, ਜੋ ਇਸ ਦੇਸ ਦਾ ਭੂਮੀਆ ਸੀ, ਕਿਹੁਲ ਪਾਕੇ ਇਸ ਸਹਿਰ ਨੂੰ ਲੈ ਲਿਆ, ਅਤੇ ਪੱਕੇ ਪੈਰੀਂ ਹੋ ਗਿਆ, ਅਤੇ ਸਦਾ ਸਿੱਖਾਂ ਨਾਲ ਲੜਕੇ ਫਤਾ ਪਾਉਂਦਾ ਰਿ-

ਹਾ। ਓੜਕ ਇਹ ਦੀ ਆਪਣੀ ਹੀ ਕੌਮ ਦਿਆਂ ਪਠਾਣਾਂ ਲੋ-ਕਾਂ ਨੈ ਨੇਮ ਧਰਮ ਕਰਕੇ ਉਹ ਨੂੰ ਮਾਰ ਸਿਟਿਆ, ਅਤੇ ਕੁਤਬ-ਦੀਨਖਾਂ ਉਹ ਦਾ ਭਾਈ ਉਸ ਦੀ ਜਾਗਾ ਸਰਦਾਰ ਹੋਇਆ। ਪਰੰਤੁ ਮਹਾਰਾਜੇ ਰਣਜੀਤਸਿੰਘੁ ਨੈ ਦੋ ਤਿੰਨ ਬਾਰ ਕੁਤਬਦੀਨ-ਖਾਂ ਪੁਰ ਲੜਾਈ ਕੀਤੀ, ਪਰ ਕੁਛ ਨਾ ਕਰ ਸਕਿਆ; ਓੜਕ ਨੂੰ ਉਹ ਦੇ ਨੌਕਰਾਂ ਚਾਕਰਾਂ ਵਿਚ ਫਾਟਕ ਪਾਕੇ ਇਸ ਸਹਿਰ ਨੂੰ ਮਾਰ ਲਿਆ॥

ਅਤੇ ਕੁਤਬਦੀਨਖਾਂ ਦਾ ਪੋਤਾ ਜਮਾਲਦੀਨਖਾਂ, ਮਹਾਰਾਜੇ ਰਣਜੀਤਸਿੰਘੁ ਦੇ ਨੌਕਰਾਂ ਵਿਚ ਭਰਤੀ ਹੋ ਗਿਆ; ਹੁਣ ਤੀਕੁਰ ਉਸੀ ਤਰਾਂ ਨੌਕਰੀ ਵਿਚ ਹਾਜਰ ਹੈ॥

ਹੁਣ ਇਹ ਸਹਿਰ ਪਠਾਣਾਂ ਦੇ ਨਾਵਾਂ ਪੁਰ ਜੁਦੇ ਜੁਦੇ ਕੋਟਾਂ ਵਿਚ ਬਸਦਾ ਹੈ, ਅਤੇ ਹਰ ਬਸਤੀ ਨੂੰ ਕੋਟ ਕਰਕੇ ਆਖਦੇ ਹਨ; ਜਿਹਾਕੁ ਹੁਸੈਨਖਾਂ ਦਾ ਕੋਟ, ਜੋ ਇਕ ਵਡਾ ਸਹਿਰ ਹੈ; ਗੁਲਾਮ-ਮੁਹਈਯੁਦੀਨਖਾਂ ਦਾ ਕੋਟ, ਸਕੂਰਖਾਂ ਦਾ ਕੋਟ, ਉਸਮਾਨਖਾਂ ਦਾ ਕੋਟ, ਮੁਹੰਮਦਖਾਂ ਦਾ ਕੋਟ, ਅਤੇ ਹੋਰ ਕਈ ਕੋਟ ਹਨ॥

ਅਤੇ ਇਨ੍ਹਾਂ ਕੋਟਾਂ ਵਿਚ ਤਿੰਨਕੁ ਸੌ ਹੱਟ, ਅਰ ਕਈ ਹਜਾਰ ਘਰ ਅਬਾਦ ਹਨ। ਉਥੇ ਚਾਹਲੀਆਂ ਹੱਥਾਂ ਪੁਰ ਪਾਣੀ ਨਿੱਕਲ਼-ਦਾ ਹੈ; ਪਰ ਕਿਧਰੇ ਖਾਰਾ, ਕਿਧਰੇ ਮਿਠਾ। ਅਤੇ ਬਿਆਹ ਨਦੀ ਉਥੋਂ ਸੱਤ ਕੋਹ ਹੈ॥

*Mánjhá.*

ਇਸ ਦੁਆਬੇ ਬਾਰੀ ਵਿਖੇ, ਮਾਂਝਾ ਇਕ ਜੁਦਾ ਹੀ ਮੁਲਖ ਹੈ, ਕਿ ਜਿਥੇ ਖੂਹੇ, ਨਦੀ, ਨਾਲੇ, ਕਿਧਰੇ ਨਹੀਂ ਹਨ; ਪਰ ਢੱਕ ਅਰ ਕੰਡਿਆਲੇ ਦਰਖਤਾਂ ਦਾ ਅਜਿਹਾ ਜੰਗਲ ਹੈ, ਜੋ ਬਾਜੀ ਜਾਗਾ ਤੇ ਅਸਵਾਰ ਨੂੰ ਬੀ ਲੰਘਣਾ ਬਹੁਤ ਔਖਾ ਹੋ ਜਾਂਦਾ ਹੈ; ਇਸੀ ਕਰਕੇ ਇਸ ਮੁਲਖ ਦੇ ਜਿਮੀਦਾਰ, ਜੋ ਬਹੁਤ ਹਿੰਦੂ ਹਨ, ਲਹੌਰ

ਦੇ ਸੂਬੇ ਕੋਲੋਂ ਆਕੀ ਹੁੰਦੇ, ਅਰ ਧਾੜੇ ਮਾਰਦੇ ਰਹੇ ਹਨ, ਅਤੇ ਉਨਾਂ ਉੱਪੁਰ ਕੋਈ ਸਹਿਜੇ ਹੱਥ ਨਹੀਂ ਪਾ ਸਕਿਆ ॥

ਇਸ ਮੁਲਖ ਦੀ ਪੂਰਬੀ ਹੱਦ ਵੈਰੋਵਾਲ, ਜੋ ਦਰਿਆਉ ਬਿ-ਆਹ ਦੇ ਕੰਢੇ ਹੈ; ਅਤੇ ਪੱਛਮੀ ਹੱਦ ਸਹਿਰ ਲਹੌਰ; ਅਤੇ ਉੱਤਰ ਦੀ ਹੱਦ ਸਹਿਰ ਅਮਰਿਤਸਰ; ਅਤੇ ਉਸ ਤੇ ਦੱਖਣ ਬੰਨੇ ਸਹਿਰ ਕਸੂਰ ਹੈ ॥

ਉਸ ਥੋਂ ਅਗੇ ਨੱਕੇ ਦਾ ਮੁਲਖ ਚਲਦਾ ਹੈ, ਅਰ ਨੱਕਾ ਬਾਰ ਦੇ ਕੰਢੇ ਨੂੰ ਆਖਦੇ ਹਨ ॥

ਅਤੇ ਇਸ ਮਾਂਝੇ ਦੇ ਮੁਲਖ ਵਿਚ, ਚਲੇ ਕਲਕ ਅਤੇ ਕਮਾਦੀ ਖੂਹਾਂ ਉੱਪੁਰ ਅਤੇ ਬਰਖਾ ਨਾਲ ਬਹੁਤ ਹੁੰਦੀ ਹੈ, ਅਤੇ ਚਾਉਲ ਘੱਟ ਬੀਜੀਦੇ ਹਨ । ਅਤੇ ਇਸ ਮੁਲਖ ਵਿਚ ਵਡੇ ਵਡੇ ਸਹਿਰ ਵਰਗੇ ਪਿੰਡ ਹਨ, ਅਰ ਛੋਟੇ ਛੋਟੇ ਗਰਾਉਂ ਤਾ ਬਹੁਤ ਹੀ ਅਲਗਿਲਤ ਹਨ; ਪਰ ਬਾਜੇ ਪਿੰਡ, ਕਿ ਜਿਨਾਂ ਵਿਚੋਂ ਸਿੱਖਾਂ ਦਾ ਨਿਕਾਸ ਹੈ, ਅਤੇ ਲੋਕਾਂ ਵਿਚ ਮਸਹੂਰ ਹਨ, ਸੋ ਇਸ ਪੋਥੀ ਵਿਚ ਲਿਖੇ ਜਾਂਦੇ ਹਨ ॥

### Khemkarn.

ਖੇਮਕਰਨ ਕਸੂਰੋਂ ਬਾਰਾਂ ਕੋਹ ਹੈ, ਉਹ ਦੇ ਤਿੰਨਾਂ ਕੋਟਾਂ ਵਿਚ ਅਬਾਦੀ ਹੈ, ਅਤੇ ਸੌਕੁ ਹੱਟ ਬੀ ਹੋਊ, ਅਤੇ ਉਹ ਹਿੰਦੂ ਜਿਮੀ-ਦਾਰਾਂ ਦਾ ਸਹਿਰ ਹੈ, ਜੋ ਕੰਬੋ ਅਖਾਉਂਦੇ ਹਨ; ਅਤੇ ਉਸ ਦੇ ਤਿਹਾਂ ਕੋਟਾਂ ਦੇ ਗਿਰਦੇ ਪੱਕੀ ਸਫੀਲ ਹੁੰਦੀ ਸੀ, ਸੋ ਹੁਣ ਕਿਸੀ ਕਿਸੀ ਜਾਗਾ ਤੇ ਖਰਾਬ ਹੋ ਗਈ ਹੈ । ਇਸ ਸਹਿਰ ਵਿਚ ਭੇਡਾਂ ਦੀ ਉੱਨ ਦੇ ਭੂਰੇ ਬਹੁਤ ਚੰਗੇ ਬੁਣੀਦੇ ਹਨ, ਅਤੇ ਬੁਪਾਰੀ ਉੱਥੋਂ ਦੇਸ ਦੇਸ ਨੂੰ ਲੈ ਜਾਂਦੇ ਹਨ ॥

### Laṭúhá.

ਲਟੂਹਾ ਇਕ ਵਡਾ ਮਸਹੂਰ ਸੰਧੂ ਜਟਾਂ ਦਾ ਪਿੰਡ ਹੈ, ਉਸ

ਵਿਚ ਸਭ ਪੰਜਕੁ ਸੈ ਘਰ ਬਸਦਾ ਹੋਊ; ਮਹਾਰਾਜੇ ਰਣਜੀਤ-ਸਿੰਘੁ ਨੈ ਲਹੌਰ ਫਤਾ ਕਰਕੇ, ਇਹ ਪਿੰਡ ਵਡੀ ਲੜਾਈ ਨਾਲ਼ ਮਾਰਿਆ ਸੀ ॥

Paṭṭí.

ਕਸਬਾ ਪੱਟੀ ਮਾਂਝੇ ਦੇ ਮੁਲਖ ਵਿਚ ਇਕ ਮਸਹੂਰ ਜਾਗਾ ਹੈ, ਉਥੇ ਦੇ ਬਜਾਰ ਦੀਆਂ ਢਾਈਕੁ ਸੈ ਹੱਟਾਂ ਹਨ, ਅਤੇ ਅੰਬਾਰਤ ਬਹੁਤੀਆਂ ਜਾਗਾਂ ਤੇ ਪੱਕੀ, ਅਤੇ ਕਿਧਰੇ ਕਿਧਰੇ ਤੇ ਕੱਚੀ ਹੈ; ਪਰ ਸਹਿਰਪਨਾਹ ਹੁਣ ਕਈਆਂ ਜਾਗਾਂ ਤੇ ਢੈਹਿ ਗਈ ਹੈ; ਅਗੇ ਪਾਤਸਾਹਾਂ ਦੇ ਵੇਲੇ ਇਹ ਸਹਿਰ ਹਾਕਮ ਸਥਾਨ ਸੀ ॥

ਸਹਿਰ ਤੇ ਅੰਦਰਵਾਰ ਦੇ ਖੂਹਾਂ ਦਾ ਪਾਣੀ ਖਾਰਾ, ਅਤੇ ਬਾਹਰਲਿਆਂ ਦਾ ਮਿੱਠਾ ਹੈ, ਅਤੇ ਪੱਛਮ ਦੀ ਵਲ ਇਕ ਪੱਕਾ ਕਿਲਾ ਹੈ, ਪਰ ਖਾਈ ਕੱਚੀ ਹੈ ॥

Naushahirá.

ਨੌਸਹਿਰਾ ਪੱਟੀ ਤੇ ਛੇ ਕੋਹ ਹੈ; ਉਹ ਦੀ ਬਸੋਂ, ਸੱਤ ਸੈ ਘਰ, ਅਰ ਪੰਜਾਹਕੁ ਹੱਟੀਆਂ ਹਨ; ਉਥੇ ਦੀ ਜਿਮੀਦਾਰੀ, ਪੰਨੂ ਗੋਤੇ ਜੱਟਾਂ ਦੀ ਹੈ ॥

Khaḍúr.

ਖਡੂਰ ਇਕ ਪਿੰਡ ਹੈ, ਜੋ ਮਾਂਝੇ ਦੇਸ ਦੇ ਪੂਰਬ ਰੁਕ ਦੇ ਕੰਢੇ ਪੁਰ, ਦਰਿਆਉ ਬਿਆਹ ਤੇ ਸੱਤ ਕੋਹ ਹੈ, ਉਸ ਵਿਚ ਸੌਕੁ ਘਰ ਬਸਦਾ ਹੋਊਗਾ; ਅਤੇ ਗੁਹੁਰੇ ਗੋਤੇ ਜੱਟ ਉਥੇ ਦੇ ਵਾਰਸ ਹਨ ॥

ਉਸ ਪਿੰਡੋਂ ਬਾਹਰ ਉੱਤਰ ਦੇ ਰੁਕ, ਗੁਰੂ ਅੰਗਦ ਦਾ ਦੇਹਰਾ ਹੈ, ਜੋ ਬਾਬੇ ਨਾਨਕ ਦਾ ਪਹਿਲਾ ਅਤੇ ਵਡਾ ਚੇਲਾ ਸਾ; ਉਸ ਦੀ ਵ੍ਰਿਥਿਆ ਗੁਰੂਆਂ ਦੇ ਦਫਤਰ ਵਿਚ ਬਿਆਨ ਕੀਤੀ ਜਾਵੇਗੀ ॥

ਇਹ ਦੇਹਰਾ ਬਹੁਤ ਸੁੰਦਰ ਅਤੇ ਪੱਕਾ ਹੁਣ ਹੀ ਦਾ ਬਣਾਇਆ ਹੋਇਆ ਹੈ, ਉਹ ਦੇ ਗੁੰਮਜਾਂ ਵਿਚ ਸਾਰਾ ਸੁਨਹਿਰੀ ਕੰਮ

ਕੀਤਾ ਹੋਇਆ, ਅਤੇ ਉਹ ਦੇ ਦੁਆਲੇ ਬਾਗ ਵਾਂਙੂ ਇਕ ਪੱਕੀ ਕੰਧ ਖਿੱਚੀ ਹੋਈ, ਅਤੇ ਉਸ ਵਿਚ ਚੰਗੀਆਂ ਬੈਠਕਾਂ ਬਣਾਈਆਂ ਹੋਈਆਂ ਹਨ, ਅਤੇ ਉਸ ਬਾਗ ਦੇ ਕੋਲ ਦੇ ਤਿੰਨ ਪੱਕੀਆਂ ਹਵੇਲੀਆਂ ਵੈਰੋਵਾਲੀਆਂ ਬਾਵਿਆਂ ਦੀਆਂ ਬਣਾਈਆਂ ਹੋਈਆਂ ਹਨ॥

### Naurangábád.

ਨੌਰੰਗਾਬਾਦ ਦੀ ਸਰਾਂ ਸਾਹਜਹਾਂ ਪਾਤਸਾਹ ਦੀ ਬਣਾਈ ਹੋਈ ਹੈ; ਉਹ ਦੇ ਚੜ੍ਹਦੇ ਪਾਸੇ ਇਕ ਮੁਨਾਰਾ ਹੈ, ਅਤੇ ਹੁਣ ਉਸ ਸਰਾਂ ਵਿਚ ਹਿੰਦੂ ਜੱਟ ਰਹਿੰਦੇ ਹਨ॥

ਅਤੇ ਉਹ ਦੇ ਲਾਗ ਤੀਰ ਦੀ ਮਾਰ ਪੁਰ ਇਕ ਪੱਕਾ ਤਲਾਉ ਹੈ, ਜੋ ਹੁਣ ਕਈਆਂ ਜਾਗਾਂ ਤੇ ਢੈਹਿ ਗਿਆ ਹੈ। ਅਤੇ ਇਸ ਸਰਾਂ ਤੇ ਢਾਈਆਂ ਕੋਹਾਂ ਦੀ ਵਿੱਥ ਉਪੁਰ ਇਕ ਤਲਾਉ ਹੈ, ਜਿਹ ਨੂੰ ਤਰਨਤਾਰਨ ਕਰਕੇ ਆਖਦੇ ਹਨ, ਅਤੇ ਇਹ ਤਲਾਉ ਗੁਰੂ ਅਰਜਣ ਦਾ ਪੱਟਿਆ ਹੋਇਆ ਹੈ, ਜੋ ਬਾਬੇ ਨਾਨਕ ਦਾ ਚੌਥਾ ਚੇਲਾ ਸਾ; ਅਤੇ ਸਿੱਖ ਲੋਕ ਇਸ ਤਲਾਉ ਨੂੰ ਅਮਰਿਤਸਰ ਜਿਹਾ ਮੱਥਾ ਟੇਕਣ ਦੀ ਜਾਗਾ ਸਮਝਦੇ ਹਨ, ਅਤੇ ਭਾਦੋਂ ਦੀ ਅਮਾਉਸ ਦੇ ਦਿਨ ਉਥੇ ਕਠੇ ਹੋਕੇ ਅਸਨਾਨ ਕਰਦੇ ਹਨ॥

ਹੁਣ ਮਹਾਰਾਜੇ ਰਣਜੀਤਸਿੰਘੁ ਨੈ ਇਸ ਤਲਾਉ ਨੂੰ ਨਵੇਂ ਸਿਰੇ ਬਣਵਾਕੇ, ਅਤੇ ਬਹੁਤ ਪੈਸਾ ਖਰਚਕੇ, ਉਹ ਦੇ ਕਿਨਾਰੇ ਅਕਾਲੀਆਂ ਲਈ ਵਡੀਆਂ ਸੁੰਦਰ ਬੈਠਕਾਂ ਬਣਵਾਈਆਂ ਹਨ। ਹੁਣ ਉਹ ਦੇ ਗਿਰਦੇ ਸਿੱਖਾਂ ਦਾ ਇਕ ਪਿੰਡ ਬਸ ਗਿਆ ਹੈ, ਅਤੇ ਪੰਜਾਹਕੁ ਹੱਟਾਂ ਬੀ ਹੋ ਗਈਆਂ ਹਨ। ਉਥੇ ਸਦਾ ਅੰਬਾਰਤ ਦਾ ਕੰਮ ਛਿੜਿਆ ਰਹਿੰਦਾ, ਅਤੇ ਬਸੋਂ ਵਧਦੀ ਜਾਂਦੀ ਹੈ; ਅਤੇ ਉਸ ਤਲਾਉ ਦਾ ਲੰਬਾਉ ਚੁੜਾਉ, ਹਰ ਪਾਸੇ ਤੇ ਦੋ ਦੋ ਸੈ ਕਰਮਾਂ ਹੈ॥

Amritsar.

ਅਮਰਿਤਸਰ ਇਕ ਵਡਾ ਸਹਿਰ ਨਵਾਂ ਬਸਿਆ ਹੋਇਆ ਹੈ; ਅਤੇ ਅਮਰਿਤਸਰ ਤਲਾਉ ਦਾ ਨਾਉਁ ਹੈ, ਜੋ ਗੁਰੂ ਰਾਮ-ਦਾਸ, ਬਾਬੇ ਨਾਨਕ ਦੇ ਤੀਜੇ ਚੇਲੇ ਦਾ ਪੱਟਿਆ ਹੋਇਆ ਹੈ, ਕਿ ਜਿਨ ਇਹ ਤਲਾਉ ਪੱਟਕੇ ਉਹ ਦੇ ਗੱਭੇ ਆਪਣੇ ਲਈ ਇਕ ਬੈਠਕ ਬਣਾਈ, ਅਤੇ ਇਹ ਸਹਿਰ ਉਸੀ ਤਲਾਉ ਦੇ ਨਾਉਁ ਪੁਰ ਮਸਹੂਰ ਹੋ ਗਿਆ॥

ਜਾਂ ਅਕਬਰ ਪਾਤਸਾਹ ਨੈ ਗੁਰੂ ਰਾਮਦਾਸ ਦੀ ਖਾਤਰ ਇਸ ਗਿਰਦੇ ਦਿਆਂ ਪਿੰਡਾਂ ਵਿਚੋਂ ਥੁਹੁੜੀ ਜਿਹੀ ਭੋਂ ਕੱਟਕੇ ਚੱਕ ਬੰਨ੍ਹਿਆ, ਤਾਂ ਉਸ ਵੇਲੇ ਇਸ ਪਿੰਡ ਦਾ ਨਾਉਁ ਰਾਮਦਾਸ ਦਾ ਚੱਕ ਪੈ ਗਿਆ॥

ਅਤੇ ਰਾਮਦਾਸ ਨੈ ਸੁਣਿਆ ਥਾ, ਜੋ ਇਸ ਜਾਗਾ ਬਾਬਾ ਨਾ-ਨਕ ਕੁਛ ਚਿਰ ਬੈਠ ਚੁੱਕਾ ਹੈ; ਇਸ ਕਰਕੇ ਉਨ ਤਲਾਉ ਪੱਟਕੇ ਇਸ ਜਾਗਾ ਦੇ ਬਸਾਉਣ ਦਾ ਉੱਦਮ ਚੱਕਿਆ; ਪਰ ਉਸ ਵੇਲੇ ਕੁਛ ਐਡੀ ਅੰਬਾਰਤ ਨਸੇ, ਨਿਰੇ ਮਾਂਝੇ ਦੇ ਗੁਆਰ, ਜੋ ਬਾਬੇ ਨਾਨਕ ਅਤੇ ਉਸ ਦੇ ਗੱਦੀਨਸੀਨਾਂ ਉੱਪੁਰ ਭਰੋਸਾ ਧਰਦੇ ਸਨ, ਉਸ ਜਾਗਾ ਨੂੰ ਮੱਥਾ ਟੇਕਦੇ, ਅਤੇ ਆਪਣੇ ਤਿਹਾਰ ਅਰ ਗ੍ਰਹਿਣ ਦੇ ਦਿਨ ਉਸ ਤਲਾਉ ਵਿਚ ਅਸਨਾਨ ਕਰਦੇ ਸੇ॥

ਜਾਂ ਸਿੱਖਾਂ ਦੀ ਮੰਡਲੀ ਪੈਦਾ ਹੋਈ, ਤਾਂ ਇਸ ਤਲਾਉ ਦੀ ਪੂਜਾ ਪਾਠ ਬਹੁਤ ਹੋਣ ਲੱਗੀ, ਅਤੇ ਸਿੱਖ ਲੋਕ ਬਹੁਤ ਚਾਹੁੰਦੇ ਸੇ, ਜੋ ਕੋਈ ਮੰਡਲੀਸਥਾਨ ਪੱਕਾ ਕਰਕੇ, ਤਲਾਉ ਦੀ ਜਾਗਾ ਨੂੰ ਅਬਾਦ ਕਰਣੇ; ਪਰ ਅਹਿਮਦਸਾਹ ਦੁਰਾਨੀ ਦੇ ਡਰ ਦੇ ਮਾਰੇ ਨਹੀਂ ਕਰ ਸਕਦੇ ਸੇ; ਛਿਆਂ ਮਹੀਨਿਆਂ ਪਿਛੋਂ ਕੁੱਛਾਂ ਅਰ ਬੇ-

ਲਿਆਂ ਵਿਚੋਂ ਨਿੱਕਲਕੇ ਇਕ ਦਿਨ ਆਣ ਕਠੇ ਹੁੰਦੇ, ਅਰ ਅਸਨਾਨ ਕਰਕੇ ਫੇਰ ਖਿੰਡ ਫੁਟ ਜਾਂਦੇ ਸਨ॥.

ਉੱਤੀ ਸਮੇ ਵਿਖੇ ਅਜਿਹਾ ਹੋਇਆ, ਜੋ ਅਹਿਮਦਸਾਹ ਦੇ ਹੁਕਮ ਨਾਲ ਉਸ ਤਲਾਉ ਦੀਆਂ ਪੌੜੀਆਂ ਸਣੇ ਘਰ, ਸੁਰੰਗ ਭਰਕੇ ਉਡਾ ਦਿੱਤੀਆਂ, ਬਲਕ ਖੁਰਖੋਜ ਬੀ ਨਾ ਰਹਿਣ ਦਿੱਤਾ॥

ਜਾਂ ਅਹਿਮਦਸਾਹ ਮਰ ਗਿਆ, ਅਤੇ ਪਠਾਣ ਇਸ ਦੇਸ ਵਿਚ ਆਉਣ ਜੋਗੇ ਨਾ ਰਹੇ, ਅਤੇ ਦਿੱਲੀ ਦੇ ਪਾਤਸਾਹਾਂ ਵਿਚੋਂ ਬੀ ਕੋਈ ਨਾ ਰਿਹਾ, ਅਤੇ ਇਹ ਮੁਲਖ ਸਿੱਖਾਂ ਦੇ ਕਾਬੂ ਚੜ੍ਹ ਗਿਆ, ਤਾਂ ਇਨ੍ਹਾਂ ਸਿੱਖਾਂ ਨੈ ਸਭ ਤੇ ਪਹਿਲੇ ਇਸ ਘਰ ਅਰ ਤਲਾਉ ਦੇ ਬਣਾਉਣ ਪੁਰ ਲੱਕ ਬੱਧਾ, ਅਤੇ ਇਸ ਤਲਾਉ ਦੀ ਅੰਬਾਰਤ ਡਾਢੀ ਪੱਕੀ ਅਰ ਸੁੰਦਰ ਚੂਨੇ ਗੱਚ ਬਣਾਈ, ਅਤੇ ਇਸ ਘਰ ਵਿਚ ਸੋਇਨੇ ਚਾਂਦੀ ਦਾ ਕੰਮ ਕਰਾਕੇ ਇਹ ਦਾ ਹਰਮੰ-ਦਰ ਨਾਉਂ ਧਰਿਆ; ਅਤੇ ਉਹ ਪੋਥੀ, ਜੋ ਬਾਬੇ ਨਾਨਕ ਅਤੇ ਉਹ ਦੇ ਚੇਲਿਆਂ ਦੀ ਹਿੰਦੀ ਅਰ ਪੰਜਾਬੀ ਬੋਲੀ ਵਿਚ ਰਚੀ ਹੋਈ ਹੈ, ਉਹ ਦਾ ਗਰੰਥ ਨਾਉਂ ਧਰਕੇ, ਇਸ ਹਰਮੰਦਰ ਵਿਚ ਰੱਖੀ; ਅਤੇ ਉਸ ਗਰੰਥ ਦਾ ਵਡਾ ਅਦਬ ਅਰ ਮਨੌਤ ਕਰਦੇ ਹਨ। ਅਤੇ ਜਾਂ ਗਰੰਥੀ ਉਸ ਨੂੰ ਪੜ੍ਹਨ ਲਗਦਾ ਹੈ, ਤਾਂ ਸਿੱਖ ਲੋਕ ਵਡੀ ਅਧੀਨਗੀ ਨਾਲ ਸਿਰ ਝੁਕਾਕੇ ਸੁਣਦੇ ਰਹਿੰਦੇ ਹਨ। ਅਤੇ ਜੋ ਜੋ ਇਸ ਕੋਮ ਦੇ ਸਰਦਾਰ ਸੇ, ਉਸ ਵੇਲੇ ਠਾਕੇਮਾਰ ਹੋ ਗਏ, ਅਰ ਇਕ ਦੂਜੇ ਦੀ ਤਾਬੇਦਾਰੀ ਨਾ ਕਰਦੇ ਸੇ; ਉਨ੍ਹੀਂ ਇਸ ਤਲਾਉ ਦੇ ਗਿਰਦੇ ਗਿਰਦੇ ਘਰ ਬਣਾਕੇ, ਉਨ੍ਹਾਂ ਦਾ ਨਾਉਂ ਬੁੰਗਾ ਚੱਕ ਰਖਿਆ, ਅਤੇ ਹਰੇਕ ਬੁੰਗਾ ਆਪਣੇ ਬਣਾਉਣਵਾਲੇ ਦੇ ਨਾਉਂ ਪੁਰ ਮਸਹੂਰ ਹੋ ਗਿਆ। ਅਤੇ ਜਿਹੜਾ ਬੁੰਗਾ ਅਕਾ-ਲੀਆਂ ਲਈ, ਜੋ ਉਸ ਤਲਾਉ ਦੇ ਪੁਜਾਰੀ ਹਨ, ਬਣਾਇਆ ਸੀ, ਉਹ ਨੂੰ ਅਕਾਲ ਬੁੰਗਾ ਆਖਦੇ ਹਨ॥

ਅਤੇ ਸਭਨਾਂ ਸਰਦਾਰਾਂ ਨੈ ਆਪੋ ਆਪਣੀ ਜੁਦੀ ਜੁਦੀ ਬਸੋਂ ਬਸਾਕੇ, ਅਤੇ ਉਹ ਦੇ ਦੁਆਲੇ ਛਾਰਦੁਆਲੀ ਬਣਾਕੇ, ਸਿਰੇ ਪੁਰ ਇਕ ਦਰਵਜਾ ਲਾ ਦਿੱਤਾ, ਅਰ ਉਸ ਬਸੋਂ ਦਾ ਨਾਉਂ ਕਟੜਾ ਬਣਾ ਧਰਿਆ; ਅਤੇ ਹਰ ਕਟੜਾ ਆਪਣੇ ਬਣਾਉਣ-ਵਾਲੇ ਦੇ ਨਾਉਂ ਪੁਰ ਮਸਹੂਰ ਹੋ ਗਿਆ; ਜਿਹਾਕੁ ਫਜੁੱਲਾਪੁਰੀ-ਆਂ ਦਾ ਕਟੜਾ, ਕਨਈਆਂ ਦਾ ਕਟੜਾ, ਰਾਮਗੜੀਆਂ ਦਾ ਕਟੜਾ, ਅਤੇ ਆਹਲੂਵਾਲੀਆਂ ਦਾ ਕਟੜਾ॥

ਅਤੇ ਇਨਾਂ ਸਰਦਾਰਾਂ ਵਿਚੋਂ ਕੋਈ ਦੂਜੇ ਮਕਾਨ ਯਾ ਕਟੜੇ ਪੁਰ ਕਾਬੂ ਨਹੀਂ ਪਾ ਸਕਦਾ ਸੀ; ਇਸ ਕਰਕੇ ਹਰ ਪਰਕਾਰ ਦੇ ਬੁਪਾਰੀ ਅਤੇ ਕਾਰਖਾਨਦਾਰ ਲੋਕ, ਪੰਜਾਬ ਦੇ ਸਹਿਰਾਂ ਤੇ ਉਜੜੇ ਹੋਏ ਇਸ ਜਾਗਾ ਆਕੇ ਬਸਦੇ ਜਾਣ ਲਗੇ; ਤਾਂ ਥੁਹੁੜੇ ਜਿਹੇ ਚਿਰ ਵਿਚ ਵਡਾ ਸਹਿਰ ਬਸ ਗਿਆ, ਅਤੇ ਧਨਮਾਨ ਮਹਾ-ਜਨਾਂ ਨੈ ਵਡੀਆਂ ਵਡੀਆਂ ਹਵੇਲੀਆਂ ਪਾ ਲਈਆਂ॥

ਉਸ ਸਮੇ ਵਿਚ ਜੇ ਕੋਈ ਆਦਮੀ ਇਕ ਕਟੜੇ ਤੇ ਭਜਕੇ ਦੂਜੇ ਕਟੜੇ ਜਾ ਵੜਦਾ, ਭਾਵੇਂ ਉਹ ਕਿਹਾ ਹੀ ਗੁਨਾਹੀ ਯਾ ਖੂ-ਨੀ ਹੁੰਦਾ, ਤਾਂ ਭੀ ਕਟੜੇ ਦਾ ਸਰਦਾਰ ਉਹ ਨੂੰ ਬੰਨਕੇ ਨਹੀਂ ਦਿੰਦਾ ਸੀ; ਇਸ ਕਰਕੇ ਇਹ ਸਹਿਰ ਦਿਨ ਬਦਿਨ ਵਧਦਾ ਜਾਂ-ਦਾ ਸਾ। ਜਾਂ ਮਹਾਰਾਜੇ ਰਣਜੀਤਸਿੰਘ ਨੈ ਲਹੌਰ ਲੈ ਲਿ-ਆ, ਅਤੇ ਸਾਰੇ ਸਿੱਖਾਂ ਸਰਦਾਰਾਂ ਨੂੰ ਬੰਨ ਮਾਰ ਲੀਤਾ, ਅਤੇ ਸਾਰਾ ਮੁਲਖ ਉਨਾਂ ਤੇ ਖੁਹ ਲਿਆ, ਤਾਂ ਅਮਰਿਤਸਰ ਬੀ ਉਸੇ ਦੇ ਹੱਥ ਆ ਗਿਆ, ਅਤੇ ਆਹਲੂਵਾਲੀਏ ਬਿਨਾ ਹੋਰ ਕਿਸੇ ਕਟੜੇਵਾਲੇ ਦਾ ਆਪਣੀ ਜਾਗਾ ਪੁਰ ਕੁਛ ਇਖਤਿਆਰ ਨਾ ਰਿਹਾ॥

ਮਹਾਰਾਜੇ ਨੈ ਇਸ ਸਹਿਰ ਦੇ ਬਸਾਉਣ ਵਿਚ ਵਡਾ ਜੋਰ ਲਾਇਆ, ਅਤੇ ਇਸ ਤਲਾਉ ਅਰ ਮੰਦਰ ਉੱਤੇ ਬਹੁਤ ਪੈਸਾ

ਖਰਚਿਆ। ਅਤੇ ਉਹ ਦੇ ਸਰਦਾਰਾਂ ਅਰ ਮੁਸਾਹਬਾਂ ਨੈ ਬੀ ਆਪੋ ਆਪਣੇ ਨਾਉਂ ਦਾ ਕਟੜਾ ਬਸਾਇਆ; ਜਿਹਾਕੁ ਹਕੀਮਾਂ ਦਾ ਕਟੜਾ, ਖਜਾਨੇ ਦਾ ਕਟੜਾ, ਜੋ ਹਕੀਮ ਅਜੀਜਦੀਨ ਅਤੇ ਖਜਾਨੇ ਤੋਪਾਂਵਾਲੇ ਦੇ ਬਸਾਏ ਹੋਏ ਹਨ; ਇਸੀ ਤਰਾਂ ਉਹ ਦੀ ਬਸੋਂ ਤਾ ਦਿਨੋਦਿਨ ਵਧਦੀ ਗਈ, ਪਰੰ ਸਹਿਰਪਨਾਹ ਨਾ ਬਣੀ॥

ਬਾਰਾਂ ਸੈ ਸੈਂਤੀ ਸਨ ਹਿਜਰੀ ਵਿਚ ਮਹਾਰਾਜ ਨੈ ਕੱਚੀ ਸਹਿਰਪਨਾਹ ਬਣਵਾਉਣੀ ਸੁਰੂ ਕੀਤੀ, ਅਤੇ ਸਾਰੇ ਕਟੜੇ, ਬਹੁਤ ਜਿਮੀਨ ਵਧਾਕੇ ਉਸ ਬਗਲ਼ ਦੇ ਅੰਦਰ ਲੈ ਲੀਤੇ, ਅਤੇ ਉਹ ਦੇ ਗਿਰਦੇ ਵਡੀ ਡੂੰਘੀ ਖਾਈ ਪੱਟਕੇ ਉਸ ਬਗਲ਼ ਉਪੁਰ ਦਰਵੱਜੇ ਲਾਏ, ਅਤੇ ਬਹੁਤ ਮਜਬੂਤ ਪੱਕੀਆਂ ਡੇਉਢੀਆਂ ਅਰ ਧੂੜਕੋਟ ਬਣਵਾਏ। ਅਤੇ ਇਸ ਕਰਕੇ ਜੋ ਉਸ ਜਿਲੇ ਦੀ ਮਿੱਟੀ ਰੇਤਲੀ ਹੈ, ਮੀਂਹ ਅਗੇ ਨਹੀਂ ਅਟਕ ਸਕਦੀ, ਇਕ ਪਾਸਿਓਂ ਬਣਾਉਂਦੇ ਜਾਂਦੇ ਹਨ, ਦੂਏ ਪਾਸਿਓਂ ਢੈਂਦੀ ਜਾਂਦੀ ਹੈ; ਗੱਲ ਕੀ, ਸਭ ਲੱਗਾ ਲਗਾਇਆ ਮਿੱਟੀ ਵਿਚ ਰਲ਼ ਜਾਂਦਾ ਹੈ। ਜਿਤਨਾ ਪੈਸਾ ਇਸ ਪਾਲੀ ਅਰ ਮਿੱਟੀ ਪੁਰ ਲਾਕੇ ਗਵਾਇਆ ਹੈ, ਜੇ ਕਦੇ ਇਤਨਾ ਪੈਸਾ ਖਰਚਕੇ ਇਕ ਚਾਰ ਗਜ ਚੌੜੀ ਦਸ ਗਜ ਉੱਚੀ ਪੱਕੀ ਚੂਨੇ ਗੱਚ ਸਫੀਲ ਬਣਵਾ ਛਡਦਾ, ਤਾਂ ਕਈ ਪੁਰਸਾਰਾਂ ਤੀਕੁ ਰਹਿੰਦੀ; ਅਤੇ ਇਹ ਰੇਤਲੀ ਮਿੱਟੀ ਦੀ ਕੰਧ ਇਕ ਬਰਸਾਤ ਵਿਚ ਜਿਮੀਨ ਨਾਲ਼ ਬਰੋਬਰ ਹੋ ਜਾਵੇਗੀ। ਉਸ ਸਫੀਲ ਦਾ ਚੁੜਾਉ ਇੱਕੋ ਹੱਥ, ਅਤੇ ਉਚਾਣ ਕਿਧਰਿਓਂ ਅੱਠ, ਅਰ ਕਿਧਰਿਓਂ ਦਸ ਹੱਥ ਹੈ; ਅਤੇ ਸਫੀਲੋਂ ਬਾਹਰਲੇ ਪਾਸੇ, ਚਾਲੀ ਚਾਲੀ ਹੱਥ ਜਿਮੀਨ ਛੱਡਕੇ, ਇਕ ਕੱਚਾ ਕਮਰਕੋਟ ਦਸ ਹੱਥ ਚੌੜਾ ਬਣਾਇਆ ਹੈ, ਅਤੇ ਉਸ ਤੇ ਬਾਹਰਦਿਓਂ ਖਾਈ ਪਟਵਾਈ ਹੈ। ਅਤੇ ਸਹਿਰਪਨਾਹ ਦੀ ਇਹ ਅਲੰਗ,

ਨਾ ਤਾ ਚੌਰਸ ਹੈ ਨਾ ਗੋਲ, ਨਾ ਛੇ ਪਹਿਲੂ ਹੈ, ਤੇ ਨਾ ਅੱਠ ਪਹਿਲੂ; ਐਵੇਂ ਕੁਡੌਲ ਅਤੇ ਖਿੰਗੀਤੜਿੰਗੀ ਜਿਹੀ ਹੈ; ਅਤੇ ਉਸ ਕੰਧ ਦਾ ਗਿਰਦਾ, ਸਾਰਾ ਇਕ ਸੌ ਪੰਜ ਹਜਾਰ ਕਰਮਾਂ ਹੈ ॥

ਇਸ ਦੇਸ ਵਿਚ ਤੇਰਾਂ ਸੈ ਸੱਠਾਂ ਕਰਮਾਂ ਦਾ ਕੋਹ ਹੈ, ਅਤੇ ਤਿੰਨਾਂ ਹੱਥਾਂ ਦੀ ਇਕ ਕਰਮ, ਅਤੇ ਦੂਹੁੰ ਗਿੱਠਾਂ ਦਾ ਇਕ ਹੱਥ ॥

ਪਰੰਤੂ, ਤਲਾਉ ਤੇ ਲਹਿੰਦੇ ਹੱਥ ਭੰਗੀਆਂ ਦਾ ਕਿਲਾ ਹੈ, ਜੋ ਓਹ ਬੀ ਸਿੱਖਾਂ ਹੀ ਦੇ ਪੰਥ ਵਿਚੋਂ ਸਨ, ਅਤੇ ਇਹ ਸਹਿਰ ਉਨ੍ਹਾਂ ਦੇ ਹੁਕਮ ਵਿਚ ਸੀ, ਅਤੇ ਉਨ੍ਹਾਂ ਨੈ ਇਕ ਕੱਚਾ ਕਿਲਾ ਉਸਾਰਕੇ, ਉਹ ਦਾ ਦਰਵੱਜਾ ਅਰ ਡੇਉੜ੍ਹੀ ਵਡੇ ਪੱਕੇ ਅਤੇ ਡਾਢੇ ਅਰ ਉੱਚੇ ਬਲਾਏ ਹੋਏ ਸਨ; ਸੋ ਹੁਣ ਉਹ ਕਿਲਾ ਸਹਿਰ ਦੀ ਬਸੋਂ ਦੇ ਵਿਚ ਆ ਗਿਆ ਹੈ, ਅਤੇ ਕੰਧਾਂ ਕਿਧਰੇਂ ਕਿਧਰੇ ਤੇ ਢੈਹਿ ਪਈਆਂ ਹਨ, ਅਤੇ ਉਸ ਵਿਚ ਰਈਜਤ ਦੇ ਲੋਕ ਬਸਦੇ ਹਨ। ਅਤੇ ਉਸ ਬਗਲ ਤੇ ਬਾਹਰ ਪੱਛਮ ਦੇ ਰੁਕ ਇਕ ਡਾਢਾ ਕਿਲਾ ਹੈ, ਜੋ ਮਹਾਰਾਜੇ ਰਣਜੀਤਸਿੰਘੁ ਨੈ ਬਨਵਾਇਆ, ਅਤੇ ਉਹ ਦੇ ਗਿਰਦੇ ਇਕ ਵਡੀ ਡੂੰਘੀ ਪੱਕੀ ਖਾਈ ਖੁਦਵਾਕੇ, ਹਰ ਬੁਰਜ ਪੁਰ ਵਡੀਆਂ ਵਡੀਆਂ ਭਾਰੀ ਤੋਪਾਂ ਝੜ੍ਹਾਈਆਂ ਹੋਈਆਂ ਹਨ; ਅਤੇ ਮਹਾਰਾਜੇ ਰਣਜੀਤਸਿੰਘੁ ਦਾ ਸਾਰਾ ਖਜਾਨਾ ਉਸੀ ਕਿਲੇ ਵਿਚ ਦੱਬਿਆ ਹੋਇਆ ਹੈ; ਇਸੇ ਕਰਕੇ ਦੋ ਤਿੰਨ ਹਜਾਰ ਫੌਜ ਉਸ ਕਿਲੇ ਦੇ ਅੰਦਰ ਬਾਹਰ ਰਹਿੰਦੀ, ਅਤੇ ਵਡੀ ਚੌਕਸੀ ਅਰ ਤਕੜ੍ਹਾਈ ਰਖਦੀ ਹੈ, ਅਤੇ ਉਸ ਕਿਲੇ ਦਾ ਗੋਬਿੰਦਗੜ੍ਹ ਨਾਉਂ ਹੈ ॥

ਅਸਲ ਵਿਚ ਤਾ ਇਹ ਕਿਲਾ ਬੀ ਭੰਗੀਆਂ ਹੀ ਦਾ ਬਲਾਇਆ ਹੋਇਆ ਹੈ, ਪਰ ਉਸ ਵੇਲੇ ਕੱਚਾ ਅਤੇ ਛੋਟਾ ਜਿਹਾ ਥਾ ॥

ਸਹਿਰੋਂ ਬਾਹਰ ਉੱਤਰ ਦੇ ਰੁਕ ਇਕ ਵਡਾ ਸੁੰਦਰ ਅਤੇ ਪੱਕਾ ਬਾਗ ਹੈ, ਜੋ ੧੨੩੫ ਸਨ ਹਿਜਰੀ ਵਿਚ, ਮਹਾਰਾਜੇ ਰਣਜੀਤ-


ਸਿੰਘੁ ਨੈ ਬਲਵਾਇਆ, ਅਤੇ ਉਹ ਦਾ ਨਾਉਂ ਰਾਮਬਾਗ ਰਖਿਆ, ਅਤੇ ਅਲੀਮਰਦਾਂਖਾਂ ਦੀ ਨਹਿਰ ਵਿਚੋਂ, ਕਸਬੇ ਮਜੀਠੇ ਦੇ ਕੋਲੋਂ ਇਕ ਕੂਹਲ ਕਟਕੇ, ਉਸ ਬਾਗ ਦੇ ਦੱਖਣ ਰੁਕ ਦੇ ਦਰਵੱਜੇ ਦੇ ਅਗੇ ਤੇ ਲੰਘਾਈ ਹੈ, ਅਤੇ ਇਹ ਕੂਹਲ ਬਾਗ ਵਿਚ ਆਕੇ, ਹੌਦਾਂ ਅਰ ਫੁਆਰਿਆਂ ਨੂੰ ਪਾਣੀ ਦਿੰਦੀ ਹੈ ॥

ਲਹੌਰ ਇਸ ਸਹਿਰ ਥੀਂ ਪੱਛਮ ਦੇ ਰੁਕ ਚੌਬੀ ਕੋਹ ਹੈ, ਅਤੇ ਬਿਆਹ ਨਦੀ ਦਾ ਵੈਰੋਵਾਲਵਾਲਾ ਘਾਟ ਪੂਰਬ ਦੇ ਰੁਕ ਅਠਾਰਾਂ ਕੋਹ, ਅਤੇ ਰਾਵੀ ਦਾ ਕੱਕੜਾਂਵਾਲਾ ਘਾਟ ਉੱਤਰ ਦੇ ਪਾਸੇ ਪੰਦਰਾਂ ਕੋਹ ਹੈ, ਅਤੇ ਇਸੀ ਸਹਿਰ ਤੇ ਮਾਂਝਾ ਦੇਸ ਸੁਰੂ ਹੁੰਦਾ ਹੈ ॥

Rámtírth.

ਰਾਮਤੀਰਥ ਇਕ ਤਲਾਉ ਹੈ, ਜੋ ਅਮਰਿਤਸਰ ਤੇ ਛੇ ਕੋਹ, ਅਤੇ ਹਿੰਦੂਆਂ ਦੇ ਤੀਰਥ ਦੀ ਜਾਗਾ ਹੈ। ਆਹੰਦੇ ਹਨ, ਜੋ ਉਹ ਤਲਾਉ ਜਸਰਤ ਦੇ ਪੁੱਤ ਰਾਮਚੰਦਰ ਦਾ ਲਵਾਇਆ ਹੋਇਆ ਹੈ। ਇਸ ਥੀਂ ਅਗੇ ਇਹ ਤਲਾਉ ਕੱਚਾ ਸੀ; ਫੇਰ ਅਕਬਰ ਪਾਤਸਾਹ ਦੇ ਸਮੇ ਵਿਚ ਕਿਸੇ ਹਿੰਦੂ ਨੈ ਪੱਕਾ ਬਲਾਇਆ, ਤਿਸ ਤੇ ਪਿਛੇ ਨਬਾਬ ਖਾਨਬਹਾਦਰ ਲਹੌਰ ਦੇ ਸੂਬੇ ਦੇ ਦਿਵਾਨ ਲਖਪਤਰਾਇ ਨੈ ਬੀ ਟੁੱਟੇ ਭੱਜੇ ਦੀ ਮੁਰੰਮਤ ਕਰਵਾਈ ॥

ਅਤੇ ਇਹ ਤਲਾਉ ਗੋਲ ਅਤੇ ਚੌਨੁਕਰਾ ਨਹੀਂ, ਬਲਕ ਇਸ ਡੌਲ ਪੁਰ ਹੈ ॥



Rájá sánhsí.

ਰਾਜਾ ਸਾਂਹਸੀ ਜੱਟਾਂ ਦਾ ਪਿੰਡ ਹੈ, ਜੋ ਮਹਾਰਾਜੇ ਰਣਜੀਤਸਿੰਘੁ ਦੀ ਗੋਤ ਦੇ ਹਨ ॥

ਮਹਾਰਾਜੇ ਰਣਜੀਤਸਿੰਘੁ ਦੇ ਮੁਸਾਹਬ ਸਰਦਾਰ ਬੁਧਸਿੰਘੁ ਨੈ ਇਹ ਪਿੰਡ ਬਹੁਤ ਬਸਾਇਆ ਸੀ; ਨਹੀਂ ਤਾਂ ਪਹਿਲਾਂ, ਇਹ ਇਕ ਛੋਟਾ ਜਿਹਾ ਪਿੰਡੋਰਾ ਸਾ; ਹੁਣ ਉਸ ਸਰਦਾਰ ਦੇ ਆਹਰ ਨਾਲ਼ ਇਕ ਸਹਿਰ ਬਣ ਗਿਆ ਹੈ; ਅਤੇ ਉਸ ਸਰਦਾਰ ਦੀਆਂ ਵਡੀਆਂ ਵਡੀਆਂ ਪੱਕੀਆਂ ਹਵੇਲੀਆਂ ਉਥੇ ਬਣੀਆਂ ਹੋਈ-ਆਂ ਹਨ ॥

Fajullápur.

ਫਜੁੱਲਾਪੁਰ ਮਾਂਝੇ ਵਿਚ ਇਕ ਪਿੰਡ ਹੈ, ਜੋ ਨਬਾਬ ਕਪੂਰ-ਸਿੰਘੁ ਅਤੇ ਹੋਰ ਫਜੁੱਲਾਪੁਰੀਏ ਸਿੱਖ ਉਸੇ ਜਾਗਾ ਦੇ ਹਨ। ਅਤੇ ਸਿੱਖ ਲੋਕ ਰਿੱਕਸ ਨਾਲ਼ ਉਹ ਨੂੰ ਸਿੰਘਪੁਰਾ ਕਹਿੰਦੇ ਹਨ। ਅਸਲ ਵਿਚ ਇਹ ਪਿੰਡ ਮੁਗਲਾਂ ਦਾ ਸੀ, ਪਰ ਹੁਣ ਉਨ੍ਹਾਂ ਦਾ ਖੁਰਖੋਜ ਬੀ ਨਹੀਂ ਰਿਹਾ ॥

Sukrchakk.

ਸੁਕਰਚੱਕ ਮਾਂਝੇ ਵਿਚ ਇਕ ਪਿੰਡ ਹੈ, ਜੋ ਮਹਾਰਾਜੇ ਰਣ-ਜੀਤਸਿੰਘੁ ਦਾ ਦਾਦਾ ਸਰਦਾਰ ਚੜ੍ਹਤਸਿੰਘੁ ਇਸੇ ਪਿੰਡ ਦਾ ਸਾ; ਇਸ ਕਰਕੇ ਉਨ੍ਹਾਂ ਨੂੰ ਸੁਕਰਚੱਕੀਏ ਆਹੰਦੇ ਹਨ; ਹੁਣ ਉਹ ਪਿੰਡ ਉੱਜੜ ਪਿਆ ਹੈ; ਨਿਰਾ ਕੱਚਾ ਕਿਲਾ ਇਕ ਥੇਹ ਪੁਰ ਹੈ ॥

Kánh.

ਕਾਨ੍ਹ ਮਾਂਝੇ ਵਿਚ ਇਕ ਪਿੰਡ ਹੈ, ਜਿਥੇ ਚਾਰਕੁ ਸੌ ਘਰ ਬਸ-ਦਾ ਹੈ; ਕਨ੍ਹਈਆਂ ਸਿੱਖਾਂ ਦਾ ਅਸਲੀ ਬਤਨ ਉਹੋ ਹੈ; ਅਰ-ਥਾਤ ਸਰਦਾਰ ਜੈਸਿੰਘੁ ਕਨ੍ਹਈਏ ਦਾ ਬਾਪ ਉਸੇ ਪਿੰਡ ਦਾ ਸੀ; ਇਸੇ ਕਰਕੇ ਉਨ੍ਹਾਂ ਨੂੰ ਕਨ੍ਹਈਏ ਆਖਦੇ ਹਨ, ਅਰਥਾਤ ਕਾਨ੍ਹ ਦੇ ਵਸਕੀਣ; ਪਰ ਉਨ੍ਹਾਂ ਦੀ ਗੋਤ ਸੰਧੂ ਜੱਟ ਹੈ ॥

ਉਸ ਜਿਲ੍ਹੇ ਵਿਚ ਜੰਡ ਕਰੀਰ ਅਤੇ ਹੋਰ ਕੰਡਿਆਲ਼ੇ ਰੁੱਖ ਬਹੁਤ ਹਨ; ਗੱਲ ਕਾਹ ਦੀ, ਰਸਤੇ ਛੁੱਟ ਹੋਰ ਕੋਈ ਜਾਗਾ ਬਿਹ-

ਲੀ ਨਹੀਂ; ਸਾਰੇ ਮਾਂਝੇ ਦੇਸ ਵਿਚ ਇਸੀ ਤਰਾਂ ਦੇ ਰੁੱਖ, ਅਤੇ ਪਲਾਹ ਛੱਛਰਾ* ਬਹੁਤ ਹੈ। ਉਸ ਬੇਲੇ ਵਿਚ ਹਰ ਪਰਕਾਰ ਦੇ ਜੰਗਲੀ ਮਿਰਗ ਬਹੁਤ ਚਰਦੇ ਚੁਗਦੇ, ਅਤੇ ਬਾਘ, ਬਘੇਲੇ, ਸੀਂਹ ਅਰ ਬਘਿਆੜ ਬਸੇਰਾ ਕਰਦੇ, ਅਤੇ ਮਾਰਾਂ ਮਾਰਦੇ ਫਿਰਦੇ ਹਨ। ਅਤੇ ਉਸ ਬੇਲੇ ਵਿਖੇ ਜੰਗਲੀ ਬੈਲ ਅਤੇ ਨੀਲਗਾਉ ਬੀ ਅੱਤ ਸੁੰਦਰ ਘੋੜੇ ਨਾਲੋਂ ਉੱਚੇ, ਅਰ ਘੋੜੇ ਨਾਲੋਂ ਨੀਚੇ ਪੈਦਾ ਹੁੰਦੇ ਹਨ॥

### Lahaur (*English*, Lahore.)

ਪਾਰਸੀ ਕਤੇਬਾਂ ਅਤੇ ਪੁਰਾਣੀਆਂ ਤਬਾਰੀਖਾਂ ਵਿਚ ਲਹਾਵਰ ਅਤੇ ਲਾਹਨੂਰ ਕਰਕੇ ਬੀ ਲਿਖਿਆ ਹੈ; ਜਿਹਾਕੁ ਮੀਰਖੁਸਰੋ ਦਿੱਲੀਵਾਲੇ ਨੈ ਆਪਣੀ ਕਤੇਬ ਵਿਚ ਲਾਹਨੂਰ ਕਰਕੇ ਲਿਖਿਆ ਹੈ। ਉਸ ਦੇ ਸੂਬਾ ਦਾ ਚੁੜਾਉ ਪੂਰਬ ਪੱਛਮ ਇਕੱਤੀ ਦਰਜੇ ਅਰ ਪੰਜਾਹ ਦਕੀਕੇ, ਅਤੇ ਲੰਬਾਉ ਇਕ ਸੌ ਨੌਂ ਦਰਜੇ ਅਤੇ ਬਾਈ ਦਕੀਕੇ ਹੈ॥

ਲਹੌਰ ਵਡਾ ਪੁਰਾਣਾ ਸਹਿਰ ਹੈ, ਜੋ ਰਾਜੇ ਰਾਮਚੰਦਰ ਦੇ ਪੁੱਤ ਲਊ ਦਾ ਬਸਾਇਆ ਹੋਇਆ ਹੈ; ਅਤੇ ਉਹ ਸਾਰੇ ਪੰਜਾਬ ਦੇਸ ਦੇ ਸਿੰਘਾਸਣ ਦੀ ਜਾਗਾ ਹੈ। ਪਾਂਡੂਆਂ ਦੇ ਸਮੇ ਤੇ ਪਿਛੇ ਕਦੇ ਦਿੱਲੀ ਦੇ ਤਾਬੇ ਹੋ ਜਾਂਦਾ ਸਾ, ਅਤੇ ਕਦੇ ਰਾਜਧਾਨੀ ਬਣ ਜਾਂਦਾ ਸਾ॥

ਅਤੇ ਸੁਲਤਾਨ ਨਾਸਰੁੱਦੀਨ ਸਬੁਕਤਗੀਨ, ਅਤੇ ਉਹ ਦੇ ਪੁੱਤ ਸੁਲਤਾਨ ਮਮੂਦ ਗਜਨਵੀ ਦੇ ਸਮੇ ਵਿਖੇ ਜੈਪਾਲ ਬ੍ਰਹਿਮਣ ਉਥੇ ਦਾ ਰਾਜਾ ਸੀ। ਜਾਂ ਮਮੂਦ ਗਜਨਵੀ ਨੈ ਪੰਜਾਬ ਦਾ ਮੁਲਖ ਲੈ ਲਿਆ, ਤਾਂ ਉਨ ਆਪਣੇ ਦਾਸ ਮਲਕ ਅਯਾਜ ਨੂੰ ਉਸ ਜਾਗਾ ਦਾ ਹਾਕਮ ਬਣਾਇਆ। ਅਤੇ ਓਨ ਉਸ ਸਹਿਰ ਦੀ ਅਬਾਦੀ ਵਿਚ ਵਡੀ ਮਿਹਨਤ ਕਰਕੇ ਉਹ ਦੇ ਗਿਰਦੇ

ਪੱਕੀ ਅਲੰਗ ਖਿਚਵਾ ਦਿੱਤੀ; ਅਤੇ ਉਹ ਦੀ ਕਬਰ ਉਸੇ ਸਹਿਰ ਦੇ ਅੰਦਰਵਾਰ ਹੈ, ਅਤੇ ਲੋਕ ਉਹ ਦੇ ਦਰਸਨ ਨੂੰ ਜਾਂਦੇ ਹਨ॥

ਜਦ ਮਮੂਦ ਗਜਨਬੀ ਦੀ ਉਲਾਦ ਗੋਰ ਦੇ ਪਾਤਸਾਹਾਂ ਅਗੇ ਹੀਣੀ ਹੋ ਗਈ, ਅਤੇ ਗਜਨੀ ਉਨ੍ਹਾਂ ਦੇ ਹਥੋਂ ਜਾਂਦੀ ਲੱਗੀ, ਤਾਂ ਖੁਸਰੋਸਾਹ, ਅਰ ਉਹ ਦੇ ਪੁੱਤ ਖੁਸਰੋ-ਮਲਕ ਨੈ ਇਸ ਸਹਿਰ ਨੂੰ ਆਪਣਾ ਸਿੰਘਾਸਣ ਬਣਾਇਆ। ਅਤੇ ਸੁਲਤਾਨ ਮਮੂਦ ਦੀ ਉਲਾਦ ਨੈ ਉਸ ਸਹਿਰ ਵਿਚ ਅਠੱਤੀ ਬਰਸਾਂ ਰਾਜ ਕੀਤਾ; ਅਤੇ ਕਈ ਫੇਰੀਂ ਇਨ੍ਹਾਂ ਦੀ, ਅਤੇ ਸੁਲਤਾਨ ਸਹਾਬਦੀਨ ਗੋਰੀ ਦੀ ਲੜਾਈ ਹੋਈ; ਓੜਕ ਸਹਾਬਦੀਨ ਗੋਰੀ ਨੈ ਲਹੌਰ ਲੈ ਲਿਆ; ਅਤੇ ਆਪਣੇ ਦਾਸ ਮਲਕ ਕੁਤਬਦੀਨ ਨੂੰ, ਜੋ ਲਖ-ਬਖਸ ਅਖਾਉਂਦਾ ਸੀ, ਉਸ ਮੁਲਖ ਵਿਚ ਛਡ ਗਿਆ; ਅਤੇ ਓਨ ਦਿੱਲੀ ਅਤੇ ਗਿਰਦੇ ਦਾ ਸਾਰਾ ਮੁਲਖ ਫਤੇ ਕਰਕੇ ਉਸ ਸਹਿਰ ਨੂੰ ਆਪਣਾ ਰਾਜਧਾਨੀ ਠਰਾਇਆ, ਅਤੇ ਉਥੇ ਹੀ ਘੋ-ੜਿਓਂ ਡਿਗਕੇ ਮਰ ਗਿਆ; ਅਤੇ ਉਥੇ ਹੀ ਉਹ ਦੀ ਕਬਰ ਬੀ ਹੈ। ਉਸ ਦਿਨ ਤੇ ਪਿਛੇ ਫੇਰ ਉਸ ਸਹਿਰ ਨੈ ਰੌਣਕ ਨਾ ਫੜੀ; ਕਿੰ-ਉਕਿ ਜਾਂ ਚੰਗੇਜਖਾਂ ਸੁਲਤਾਨ ਜਲਾਲਦੀਨ ਮੁਹੰਮਦਸਾਹ ਖੁਆਰਜਮ ਦੇ ਪੁੱਤ ਨੂੰ ਭਜਾਕੇ ਆਪ ਦਰਿਆਉ ਸਿੰਧ ਦੇ ਗਿਰ-ਦੇ ਪਹੁਤਾ, ਪਿਛੋ ਤੁਰਕਾਂ ਦੀਆਂ ਫੌਜਾਂ ਪੰਜਾਬ ਦੇ ਮੁਲਖ ਨੂੰ ਲੁੱਟਣ ਲਗ ਪਈਆਂ; ਅਤੇ ਦੂਜਾ ਇਹ, ਕਿ ਜਾਂ ਹਲਾਕੂਖਾਂ ਨੈ ਖੁਰਾਸਾਨ ਮਾਰ ਲਈ, ਤਾਂ ਮੁਗਲਾਂ ਦੇ ਲਸਕਰ ਸਦਾ ਝੜਾਈ ਕਰਕੇ, ਮੁਲਤਾਨ ਅਤੇ ਲਹੌਰ ਦੇ ਆਸਿਓਂ ਪਾਸਿਓਂ ਲੁਟ ਪੁੱਟ ਲੈ ਜਾਂਦੇ ਸਨ, ਅਤੇ ਸੁਲਤਾਨ ਨਾਸਰਦੀਨ ਅਰ ਗਿਆਸਦੀਨ ਸਦਾ ਤਿਨ੍ਹਾਂ ਦੇ ਲਸਕਰ ਨੂੰ ਹਟਾਉਂਦੇ ਰਹਿੰਦੇ ਸੇ; ਅਤੇ ਤੀਜਾ ਇਸ ਕਰਕੇ ਪੰਜਾਬ ਅਤੇ ਲਹੌਰ ਬੈਰਾਨ ਹੋਏ, ਜੋ ਇਸ ਮੁਲਖ ਵਿਚ, ਮੁਗਲਾਂ ਅਰ ਦਿੱਲੀ ਦੀਆਂ ਫੌਜਾਂ ਦੀ ਕਈ ਬਾਰ ਲ-

ਫ਼ਾਣੀ ਹੋ ਹਟੀ; ਇਸੀ ਤਰਾਂ ਕਦੇ ਵੈਰਾਨ ਕਦੇ ਅਬਾਦ ਹੋ ਜਾਂਦੀ ਸੀ। ਅਤੇ ਸੁਲਤਾਨ ਬਹਿਲੋਲ ਲੋਦੀ ਦੇ ਸਰਦਾਰ ਤਤਾਰਖਾਂ ਨੈ ਬੀ ਇਸ ਸਹਿਰ ਦੀ ਅਬਾਦੀ ਵਿਚ ਕੋਸਸ ਕੀਤੀ॥

ਅਤੇ ਬਾਬਰ ਪਾਤਸਾਹ ਦੇ ਪੁੱਤ ਮਿਰਜਾ ਕਾਮਰਾਨ ਦੇ ਸਮੇ ਵਿਖੇ, ਬਹੁਤ ਹੀ ਰੌਲਕ ਹੋ ਗਈ ਸੀ; ਕਿੰਉਕਿ ਉਨ ਇਕ ਵਡਾ ਸੁੰਦਰ ਅਤੇ ਅਨੂਪ ਬਾਗ ਬਲਵਾਇਆ ਸਾ, ਕਿ ਜਿਹ ਨੂੰ ਦੇਖ-ਕੇ ਮਨ ਬਾਗ ਬਾਗ ਹੋ ਜਾਂਦਾ ਹੈ॥

ਪਰੰਤੂ ਅਕਬਰਸਾਹ ਹਿੰਦੁਸਥਾਨ ਦਾ ਪਾਤਸਾਹ ਹੋਇਆ; ਉਸ ਨੈ ਖੁਰਾਸਾਨ ਅਰ ਤੁਰਕਸਤਾਨ ਦੇ ਲਸਕਰ ਦਾ ਰਾਹ ਰੋ-ਕਲ ਲਈ, ਦਰਿਆਉ ਸਿੰਧ ਦੇ ਕੰਢੇ, ਅਟਕ ਦਾ ਕਿਲਾ ਬਲਾ-ਇਆ, ਅਤੇ ਲਹੌਰ ਦੇ ਬਸਾਉਲ ਦੇ ਆਹਰ ਵਿਚ ਹੋਇਆ; ਅਤੇ ਉਥੇ ਬਹੁਤ ਚਿਰ ਰਿਹਾ ਕਰਦਾ; ਅਤੇ ਜਿਥੋਂ ਜਿਥੋਂ ਸਹਿਰਪਨਾਹ ਢਠੀ ਹੋਈ ਸੀ, ਸਭ ਨਵੇਂ ਸਿਰੇ ਤੇ ਬਲਵਾ ਦਿੱਤੀ। ਅਤੇ ਉੱਤਰ ਦੇ ਰੁਕ ਦਰਿਆਉ ਰਾਵੀ ਦੀ ਵਲ ਇਕ ਪਾਤ-ਸਾਹੀ ਦੌਲਤਖਾਨੇ ਦੀ ਨੀਉਂ ਧਰੀ; ਅਤੇ ਉਮਰਾਵਾਂ ਨੈ ਬੀ ਪਾਤਸਾਹ ਵਲ ਦੇਖਕੇ ਆਪੋ ਆਪਲੇ ਲਈ ਵਡੇ ਵਡੇ ਮਹਿਲ ਅਤੇ ਸੁੰਦਰ ਬੈਠਕਾਂ ਬਲਵਾਈਆਂ, ਅਤੇ ਹਰ ਪਰਕਾਰ ਦੇ ਲੋਕ, ਅਰਥਾਤ ਇਰਾਨੀ, ਤੁਰਾਨੀ, ਅਤੇ ਅਨੇਕ ਪਰਕਾਰ ਦੇ ਕਾਰਖਾਨਦਾਰ ਅਰ ਬਿੱਦਿਆਮਾਨ ਉਥੇ ਆ ਠਹਿਰੇ, ਅਤੇ ਬਹੁਤ ਅਬਾਦੀ ਹੋ ਗਈ; ਅਤੇ ਸਹਿਰਪਨਾਹ ਤੇ ਬਾਹਰ ਬੀ ਬਸੋਂ ਹੋ ਗਈ॥

ਅਤੇ ਜਹਾਂਗੀਰ ਪਾਤਸਾਹ ਨੈ ਤਖਤ ਉਤੇ ਬੈਠਲ ਥੀਂ ਚੌਦਾਂ ਬਰਸ ਪਿਛੇ ਦਿਵਾਨ ਆਮ, ਅਤੇ ਹੋਰ ਬੀ ਕਈ ਅੰਬਾਰਤਾਂ

ਬਲਵਾਈਆਂ, ਪਰ ਛਤ੍ਰੇ ਦੌਲਤਖਾਨੇ ਉਪੁਰ ਅੱਠ ਲੱਖ ਰੁਪਈ-ਆ ਖਰਚਿਆ॥

ਅਤੇ ਆਲਮਗੀਰ ਪਾਤਸਾਹ ਦੇ ਵਾਰੇ, ਦਰਿਆਉ ਰਾਵੀ, ਜਾਂ ਦੌਲਤਖਾਨੇ ਦੇ ਮੂੰਹ ਪਹੁੰਚਿਆ, ਤਾਂ ਪਾਤਸਾਹ ਦੇ ਹੁਕਮ ਮੂਜਬ, ਦੌਲਤਖ਼ਾਨੇ ਦੇ ਪਾਹ ਵਹੁੰ ਕੋਹਾਂ ਤੀਕੁਰ ਵਡਾ ਤਕੜਾ ਬੰਨ ਮਾਰਿਆ। ਅਤੇ ੧੨੦੮ ਸਨ ਹਿਜਰੀ ਵਿਖੇ ਦਰਿਆਉ ਉਸ ਬੰਨ ਨੂੰ ਤੋੜਕੇ ਕਿਲੇ ਦੀ ਕੰਧ ਹੇਠ ਆਨ ਪੁੱਜਾ; ਅਤੇ ਬਾਗ ਅਰ ਅੰਬਾਰਤਾਂ, ਜੋ ਕਿਲੇ ਅਰ ਮਸੀਤ ਦੀ ਅਲੰਗ ਦੇ ਮੂੰਹ ਸਨ, ਸਭ ਖਰਾਬ ਹੋ ਗਈਆਂ; ਉਸ ਵੇਲੇ ਬੇੜੀ ਮਸੀਤ ਦੀ ਅਲੰਗ ਦੇ ਹੇਠ ਆਨਕੇ ਲਗਦੀ ਸੀ॥

ਫੇਰ ੧੨੩੧ ਸਨ ਹਿਜਰੀ ਵਿਚ, ਦਰਿਆਉ, ਉਥੋਂ ਮੁੜਕੇ, ਜਹਾਂਗੀਰਸਾਹ ਦੇ ਮਕਬਰੇ ਦੇ ਬਾਗ ਦੀ ਕੰਧ ਦੇ ਮੂੰਹ ਜਾ ਵਗਿ-ਆ; ਅਤੇ ਬਾਗ ਦੇ ਪੂਰਬੀ ਅਰ ਦੱਖਨੀ ਲੋਟ ਦੇ ਬੁਰਜ, ਬਹੁਤੀ ਜਿਹੀ ਪੂਰਬ ਲੋਟ ਦੀ ਕੰਧ ਸਣੇ ਢਾਹਕੇ ਫੇਰ ਮੁੜ ਪਿਆ। ਜਿਹਾ ਦਰਿਆਉ ਲਹੌਰ ਅਰ ਸਾਹਦਰੇ ਦੇ ਗੱਭੇ ਚੱਲਨ ਲਗ ਪਿਆ, ਤਿਹਾ ਹੀ ਸਹਿਰ ਦਿਨੋਦਿਨ ਬਸਦਾ ਜਾਨ ਲੱਗਾ; ਅ-ਤੇ ਐਡਾ ਬਸਿਆ, ਕਹਿੰਦੇ ਹਨ ਜੋ ਉਹ ਦਾ ਗਿਰਦਾ ਮਿਣਤੀ ਵਿਚ ਬਾਰਾਂ ਕੋਹ ਉਤਰਿਆ॥

ਜਾਂ ਨਾਦਰਸਾਹ ਇਰਾਨੀ ਸਨ ੧੧੫੧ ਹਿਜਰੀ ਵਿਚ, ਹਿੰਦੁ-ਸਥਾਨ ਪੁਰ ਚੜ੍ਹਿ ਆਇਆ, ਅਤੇ ਲਹੌਰ ਆਨ ਅੱਪੜਿਆ, ਅਤੇ ਉਹ ਦੀ ਫੌਜ ਦੇ ਕਜ਼ਲਬਾਸ ਲੁਟ ਵਿਚ ਪੈ ਗਏ, ਅਤੇ ਬੇਗਮਪੁਰਾ ਉਸ ਦੇ ਇਰਦੇ ਗਿਰਦੇ ਸਣੇ ਸਭ ਲੁਟ ਲੀਤਾ, ਤਾਂ ਖਾਨਬਹਾਦਰ ਨੈ, ਜੋ ਲਹੌਰ ਦਾ ਸੂਬਾ ਸੀ, ਨਾਦਰਸਾਹ ਅੱਗੇ ਜਾਕੇ, ਅਮਾਨ ਮੰਗੀ; ਇਸ ਕਰਕੇ ਬਾਕੀ ਦਾ ਸਹਿਰ ਬਚ ਰਿ-ਹਾ, ਅਤੇ ਪਾਤਸਾਹ ਦਿੱਲੀ ਨੂੰ ਕੂਚ ਕਰਿ ਆਇਆ॥

ਤਿਸ ਪਿਛੇ ਅਹਿਮਦਸਾਹ ਪਠਾਣ ਆਇਆ, ਅਤੇ ਉਨ ਆਉਂਦੇ ਹੀ ਕਮਰਦੀਨਖਾਂ ਦੇ ਪੁੱਤ ਨਬਾਬ ਮੁਈਨੁਲਮੁਲਖ ਨੂੰ ਲਹੌਰ ਵਿਚ ਘੇਰਕੇ ਪਕੜ ਲਿਆ, ਅਤੇ ਬਾਹਰਲਾ ਸਹਿਰ ਅੱਧਿਓਂ ਬਹੁਤ ਲੁਟ ਗਿਆ, ਅਤੇ ਬੁੱਧੂ ਦੇ ਆਵੇ ਪੁਰ ਤੋਪ ਝੜਾਕੇ ਸਹਿਰ ਵਿਚ ਗੋਲੇ ਮਾਰਨੇ ਸੁਰੂ ਕੀਤੇ, ਤਾਂ ਸੁਲਾ ਦਾ ਦਰਵੱਜਾ ਖੁਲਿਆ, ਅਰਥਾਤ ਸੁਲਾ ਹੋ ਗਈ॥

ਉਪਰੰਦ ਜਾਂ ਨਬਾਬ ਮੁਈਨੁਲਮੁਲਖ ਮਰ ਗਿਆ, ਤਾਂ ਸਿੱਖਾਂ ਨੈ ਸਿਰ ਚਕਿਆ, ਅਤੇ ਲਹੌਰ ਨੂੰ ਲੁਟ ਪੁੱਟਕੇ ਫੂਕ ਦਿੱਤਾ। ਉਤ ਵੇਲੇ ਲਹੌਰ ਸਲਮੁੰਢਾ ਉੱਜੜ ਹੋ ਗਿਆ; ਬ੍ਰਹੁੜੀ ਜਿਹੀ ਅੰਦਰਲੀ ਬਸੋਂ ਛੁਟ, ਸਹਿਰ ਦੀ ਬਾਹਰਲੀ ਬਸੋਂ ਵਿਚ ਇਕ ਘਰ ਬੀ ਬਸਦਾ ਨਹੀਂ ਛੱਡਿਆ ਸੀ; ਜਿਹਾਕੁ ਇਹ ਸਾਰਾ ਝੇੜਾ, ਰਾਜਿਆਂ ਅਤੇ ਪਾਤਸਾਹਾਂ ਦੀ ਵਿਥਿਆ ਵਿਖੇ, ਆਪੋ ਆਪਣੀ ਜਾਗਾ ਸਿਰ ਲਿਖਿਆ ਜਾਊ॥

ਗੱਲ ਕਾਹਦੀ, ਜਾਂ ਮਹਾਰਾਜ ਰਣਜੀਤਸਿੰਘੁ ਨੈ ਭੰਗੀ ਸਿੱਖਾਂ ਕੋਲੋਂ ਮੁਲਖ ਖੁਹੁ ਲਿਆ, ਤਾਂ ਇਹ ਸਹਿਰ ਬੀ ਉਹ ਦੇ ਹੇਠ ਆ ਗਿਆ। ਉਨ ਇਸ ਸਹਿਰ ਨੂੰ ਆਪਣੇ ਸਿੰਘਾਸਣ ਦੀ ਜਾਗਾ ਠਰਾਕੇ, ਅਤੇ ਸਹਿਰਪਨਾਹ ਦੀ ਸਫੀਲ ਦੀ ਮੁਰੰਮਤ ਕਰਾਕੇ ਉਹ ਦੇ ਦੁਆਲੇ ਪੱਕੀ ਚੂਨੇ ਗੱਚ ਖਾਈ ਬਣਵਾਈ, ਅਤੇ ਹਰ ਦਰਵੱਜੇ ਅਗੇ ਇਕ ਇਕ ਦਮਦਮਾ ਬਣਾਕੇ ਉਸ ਉੱਤੇ ਲੋਹੇ ਦੇ ਦਰਵੱਜੇ ਝੜਾਏ। ਅਤੇ ਉਸ ਸਹਿਰ ਦੇ ਬਾਰਾਂ ਦਰਵੱਜੇ ਅਤੇ ਇਕ ਮੋਰੀ ਹੈ, ਅਤੇ ਹਰ ਦਰਵੱਜੇ ਦਾ ਜੁਦਾ ਜੁਦਾ ਨਾਉਂ ਹੈ। ਅਤੇ ਅੰਬਾਰਤਾਂ ਅਰ ਮਸੀਤਾਂ ਅਰ ਮਕਬਰੇ ਅਰ ਗੁੰਮਜ, ਜੋ ਸਹਿਰਪਨਾਹ ਦੇ ਨੇੜੇ ਸਨ, ਸਭ ਮੁੱਢੋਂ ਢਾਹ ਸਿੱਟੇ, ਅਤੇ ਜਿਮੀਨ ਨਾਲ ਬਰੋਬਰ ਕਰ ਦਿਤੇ, ਅਤੇ ਕਈ ਉਜੜ ਮਕਾਨ ਜੋ ਸਹਿਰੋਂ ਬਾਹਰ ਸੇ, ਢਾਹ ਫੂਹਕੇ ਬਰੋਬਰ ਕਰ ਦਿਤੇ॥

ਅਤੇ ਸਹਿਰ ਤੇ ਅੰਦਰ ਭਾਵੇਂ ਸਾਰਾ ਅਬਾਦ ਨਹੀਂ ਹੋਇ-ਆ, ਪਰ ਤਾਂ ਭੀ ਅਗੇ ਨਾਲੋਂ ਅਛੀ ਰੌਲਕ ਹੋ.ਗਈ ਹੈ। ਅ-ਤੇ ਪਾਤਸਾਹੀ ਦੌਲਤਖਾਨਾ, ਜੋ ਢੱਠਾ ਪਿਆ ਸਾ, ਮਹਾਰਾਜੇ ਰਲਜੀਤਸਿੰਘ ਦੇ ਹੁਕਮ ਨਾਲ, ਫੇਰ ਮੁਰੰਮਤ ਹੋ ਗਿਆ ਹੈ। ਅਤੇ ਪਾਤਸਾਹੀ ਜੁਮਾ ਮਸੀਤ, ਜੋ ਔਰੰਗਜੇਬ ਪਾਤਸਾਹ ਦੀ ਬਲਾਈ ਹੋਈ, ਅਤੇ ਵਡੀ ਖੁੱਲੀ ਅਰ ਮਜਬੂਤ ਸੀ, ਸੋ ਹੁਲ ਸਿੰਘਾਂ ਦੇ ਉਤਾਰੇ, ਅਤੇ ਘੋੜਿਆਂ ਦੇ ਤਬੇਲੇ ਦੀ ਜਾਗਾ ਹੋ ਗਈ ਹੈ॥

ਅਤੇ ਪਾਤਸਾਹੀ ਸਰਾਂ ਵਿਚ, ਜੋ ਦੌਲਤਖਾਨੇ ਅਰ ਜੁਮਾ ਮਸੀਤ ਦੇ ਗੱਭੇ ਹੈ, ਇਕ ਬਾਗ ਲਵਾਕੇ ਹਜੂਰੀ ਬਾਗ ਨਾਉਂ ਧ-ਰਿਆ, ਅਤੇ ਉਹ ਦੇ ਵਿਚਕਾਰੇ ਸੰਗ ਮਰਮਰ ਦੀ ਇਕ ਬਾਰਾਂ-ਦਰੀ ਬਲਵਾਈ ਹੈ॥

ਇਸ ਸਹਿਰ ਵਿਚ ਮਸੀਤਾਂ ਅੱਤ ਸੁੰਦਰ ਸਨ, ਪਰ ਸਭ ਦੀਆਂ ਸਭ ਬੈਰਾਨ ਪਈਆਂ ਹਨ; ਹੁਲ, ਨਿਰੀ ਬਜੀਰਖਾਂ ਦੀ ਮਸੀਤ, (ਜੋ ਦਿੱਲੀ ਦਰਵਜੇ ਤੇ ਅੰਦਰਲੇ ਪਾਸੇ ਅੱਤ ਅਨੂਪ ਚੀਨੀ ਦੀ ਬਲੀ ਹੋਈ ਹੈ,) ਅਬਾਦ ਹੈ। ਉਹ ਦੇ ਸਹਿਨ ਦੇ ਭੋਰੇ ਦੇ ਹੇਠ, ਮੀਰਾਂ ਸੈਦ ਇਸਹਾਕ ਗਾਜੀ ਦੀ ਕਬਰ ਹੈ, ਅਤੇ ਲੋਕ ਉਹ ਦੇ ਦਰਸਲ ਨੂੰ ਜਾਂਦੇ ਹਨ॥

ਅਤੇ ਇਕ ਭਿਖਾਰੀਖਾਂ ਦੀ ਮਸੀਤ ਹੈ, ਜੋ ਉਹ ਦੇ ਗੁੰਮਜ ਸਾਰੇ ਸੁਨਹਿਰੀ ਹਨ। ਇਸੀ ਤਰਾਂ ਸਹਿਰਪਨਾਹ ਦੇ ਅੰਦਰ ਹੁਲ ਬੀ ਨਿੱਕੀਆਂ ਮੋਟੀਆਂ ਸੈਕੁ ਮਸੀਤਾਂ ਅਬਾਦ ਹੋਲਗੀਆਂ॥

ਅਤੇ ਜਰਬਖਾਨੇ ਦੇ ਕੋਲ ਮਲਕ ਅਯਾਜ ਦੀ ਕਬਰ ਹੈ; ਬਹੁਤ ਲੋਕ ਉਥੇ ਦਰਸਲ ਲਈ ਜਾਂਦੇ ਹਨ। ਸਹਿਰਪਨਾਹੋਂ ਬਾਹਰ, ਦੱਖਲ ਅਰ ਪੱਛਮ ਦੇ ਗਭਲੇ ਕੂਲੇ ਵਲ, ਉਸਮਾਨ ਹੁਬੈਰੀ ਜੀਲਾਨੀ ਦੇ ਪੁੱਤ ਸੇਖ ਅਲੀ ਦੀ ਕਬਰ ਹੈ, ਕਿ ਜਿਨਾਂ

ਨੂੰ ਗੰਜਬਖਸ ਕਰਕੇ ਆਖਦੇ ਹਨ, ਅਤੇ ਲਹੌਰ ਦੇ ਲੋਕਾਂ ਦੀ ਉਨ੍ਹਾਂ ਪੁਰ ਵਡੀ ਪਤੀਜ ਹੈ, ਅਤੇ ਉਨ੍ਹਾਂ ਦੇ ਮਰਨੇ ਦੀ ਤਰੀਕ ਸਰਦਾਰ ਦੇ ਅੱਖਰਾਂ ਵਿਚੋਂ ਨਿੱਕਲ਼ ਆਉਂਦੀ ਹੈ; ਅਰਥਾਤ ਜਿਸ ਸਮੇ ਉਹ ਪੁਰਸ ਮੋਇਆ, ਉਸ ਵੇਲ਼ੇ ਸਨ ਹਿਜਰੀ ੪੬੫ ਬੀਤੇ ਸਨ। ਅਤੇ ਕਤੇਬ ਕਸਫੁਲਹੁਜੂਬ, ਬੇਦਾਂਤ ਦੇ ਮਤ ਵਿਚ, ਉਸੇ ਮਹਾਪੁਰਸ ਦੀ ਬਲਾਈ ਹੋਈ ਹੈ। ਅਤੇ ਸਹਿਰਪਨਾਹੋਂ ਇਕ ਕੋਹ ਬਾਹਰ ਘੋਲ਼ਿਆਂ ਵਿਚ ਮਹਿਰੰਗ ਨਾਮੇ ਇਕ ਪਿੰਡ ਹੈ, ਉਹ ਦੇ ਕੋਲ਼ ਦੱਖਲ ਦੀ ਲੋਟੇ ਦੁਹੁੰ ਕੋਹਾਂ ਦੇ ਲੰਬਾਉ ਚੁੜ੍ਹਾ-ਉ ਵਿਚ ਇਕ ਵਡਾ ਕਬਰਸਥਾਨ ਹੈ, ਉਹ ਦੇ ਵਿਚ ਹਜਰਤ ਸੇਖ ਬੰਦਗੀ ਮੁਹੰਮਦ ਤਾਹਰ ਕਾਦਰੀ ਲਹੌਰੀ ਦੀ ਖਾਨਗਾਹ ਹੈ, ਅਤੇ ਉਹ ਦੇ ਲਾਗ ਹੀ ਦੂਜੇ ਚੌਂਤੜ੍ਹੇ ਪੁਰ ਉਹ ਦੇ ਚੇਲੇ ਸੇਖ ਅਬੂ ਮੁਹੰਮਦ ਦੀ ਕਬਰ ਹੈ; ਅਤੇ ਉਸ ਦੀਆਂ ਕਰਾਮਾਤਾਂ, ਜਿਹਾ ਕਹਿੰਦੇ ਹਨ, ਬਹੁਤਾ ਉੱਘੀਆਂ ਹਨ ॥

ਅਤੇ ਸਹਿਰੋਂ ਤਿੰਨ ਕੋਹ ਪੂਰਬ ਦੇ ਰੁਕ ਇਕ ਪਾਤਸਾਹੀ ਬਾਗ ਹੈ, ਜਿਹ ਨੂੰ ਸਾਲਾਮਾਰ ਆਖਦੇ ਹਨ; ਅਤੇ ਉਹ ਬਾਗ ਅਲੀ-ਮਰਦਾਂਖਾਂ ਦੇ ਹੱਥੀਂ, ਸਾਹਜਹਾਂ ਪਾਤਸਾਹ ਦਾ ਬਲ਼ਵਾਇਆ ਹੋਇਆ ਹੈ। ਉਹ ਬਾਗ ਸੁਰਗ ਦਾ ਨਮੂਨਾ ਜਿਹਾ ਹੈ; ਕਿੰ-ਉਕਿ ਉਹ ਦੇ ਹੌਦਾਂ ਅਰ ਫੁਆਰਿਆਂ ਅਰ ਬੈਠਕਾਂ ਦੀ ਸੁੰਦਰ-ਤਾਈ ਦਾ ਬਿਆਨ ਲਿਖਤ ਵਿਚ ਨਹੀਂ ਆ ਸਕਦਾ ॥

ਕੀ ਜਾਲਯੇਂ ਇਹ ਪਾਰਸੀ ਦੀ ਬੈਤ ਕਿਸੇ ਨੈ ਇਸੇ ਬਾਗ ਦੀ ਉਸਤੁਤ ਵਿਖੇ ਆਖੀ ਹੈ,

اگر فردوس بر روئے زمین است
ہمین است و ہمین است و ہمین است

ਇਹ ਦਾ ਅਰਥ ਇਹ ਹੈ, ਕਿ ਜੇ ਕੋਈ ਕਹੇ, ਜੋ ਸੁਰਗ ਧਰਤੀ ਪੁਰ ਹੈ, ਤਾਂ ਇਹੋ ਹੈ॥

ਇਹ ਬਾਗ ਸੱਤਰ ਵਰਿਹਾਂ ਤੀਕੁ ਉੱਜੜ ਪਿਆ ਰਿਹਾ; ਲੋਕ ਇਹ ਦੇ ਛੁਆਰੇ ਅਤੇ ਪੱਥਰ ਉਖੇੜਕੇ ਕਿਧਰੇ ਕਿਧਰੇ ਲੈ ਗਏ। ਅਤੇ ਕਈ ਅੰਬਾਰਤਾਂ ਖਰਾਬ ਹੋ ਗਈਆਂ ਹੋਈਆਂ ਸਨ, ਕਿ ਮਹਾਰਾਜੇ ਰਣਜੀਤਸਿੰਘੁ ਨੈ ਲਹੌਰ ਲੈ ਲਿਆ, ਅਤੇ ਗਭਲੇ ਬਾਗ ਦੀ ਅੰਬਾਰਤ, ਜੋ ਫੁੱਟੀ ਟੁੱਟੀ ਹੋਈ ਸੀ, ਸਭ ਬਣਵਾ ਦਿ-ਤੀ; ਅਤੇ ਸਾਹ ਨਹਿਰ ਜੋ ਅਲੀਮਰਦਾਂਖਾਂ ਨੈ ਪਹਾੜੋਂ ਕੱਟਕੇ ਇਸ ਬਾਗ ਵਿਚ ਲਿਆਂਦੀ ਸੀ, ਅਤੇ ਰਾਜਰੌਲੇ ਵਿਚ ਸੁੱਕ ਗਈ ਸੀ, ਹੁਣ ਮਹਾਰਾਜੇ ਰਣਜੀਤਸਿੰਘੁ ਦੇ ਹੁਕਮ ਨਾਲ ਫੇਰ ਇਸ ਬਾਗ ਵਿਚ ਚਲਾਈ ਗਈ॥

ਇਸ ਬਾਗ ਦਾ, ਪੂਰਬ ਪੱਛਮ ਦੇ ਦਾਉ ਚੁੜਾਉ, ਅਤੇ ਉੱਤਰ ਦੱਖਣ ਦੇ ਦਾਉ ਲੰਬਾਉ ਹੈ; ਅਤੇ ਨਹਿਰ ਦੱਖਣ ਵਲੋਂ ਬਾਗ ਵਿਚ ਵੜਕੇ, ਉੱਤਰ ਦੇ ਰੁਕ ਹੋਕੇ, ਬਾਹਰ ਨਿਕਲ ਜਾਂਦੀ ਹੈ॥

ਅਤੇ ਏਹ ਸੱਤ ਬਾਗ ਹਨ, ਕੋਈ ਉਚਾ, ਕੋਈ ਨੀਚਾ; ਅਤੇ ਨਹਿਰ ਦੁਹੁੰ ਬਾਗਾਂ ਵਿਚ ਬਰੋਬਰ ਜਾਕੇ ਤੀਜੇ ਬਾਗ ਵਿਚ ਨੀ-ਚੀ ਜਿਮੀਨ ਪੁਰ ਉੱਤਰ ਆਉਂਦੀ ਹੈ; ਅਤੇ ਉਥੇ ਸੰਗ ਮਰਮਰ ਦੀ ਚਾਦਰ ਸੱਤ ਗਜ ਚੌੜੀ ਲੱਗੀ ਹੋਈ ਹੈ, ਅਤੇ ਉਹ ਦੇ ਹੇਠ ਸੰਗ ਮਰਮਰ ਦਾ ਤਖਤ, ਡੇਢ ਗਜ ਚੌੜਾ, ਤੇ ਚਾਰ ਗਜ ਲੰਬਾ ਬਿਛਾਇਆ ਹੋਇਆ ਹੈ॥

ਇਹ ਤਖਤ ਅਜਿਹੇ ਵਡੇ ਹੌਦ ਦੇ ਕੰਢੇ ਪੁਰ ਰਖਿਆ ਹੋਇਆ ਹੈ, ਜੋ ਜਿਸ ਵਿਚ ਚਾਰ ਸੌ ਫੁਆਰਾ ਛੁਟਦਾ ਹੈ। ਅਤੇ ਇਸ ਹੌਦ ਦੇ ਗੱਭੇ ਇਕ ਲਾਲ ਪੱਥਰ ਦਾ ਚਬੂਤਰਾ ਬਣਿ-ਆ ਹੋਇਆ, ਅਤੇ ਦੋਹੀਂ ਪਾਸੀਂ ਇਕ ਪੁਲ ਬੰਨਿਆ ਹੋਇ-ਆ ਹੈ। ਅਤੇ ਤਲਾਉ ਦੇ ਹੇਠ ਇਕ ਹੋਰ ਛੋਟਾ ਜਿਹਾ ਹੌਦ

ਹੈ, ਜਿਹ ਦੀ ਤੇਹੀਂ ਕੰਧੀਂ ਦੀਵੇ ਰੱਖਣ ਲਈ ਛੋਟੇ ਛੋਟੇ ਆਲੇ ਬਣੇ ਹੋਏ ਹਨ; ਅਤੇ ਇਹ ਹੌਦ ਬੀ ਸੰਗ ਮਰਮਰ ਦਾ ਹੈ। ਗਲ ਕਾਹ ਦੀ, ਜੋ ਪਾਤਸਾਹੀ ਅੰਬਾਰਤਾਂ ਇਸ ਬਾਗ ਵਿਚ ਸੀ-ਆਂ, ਸੋ ਸਾਰੇ ਜਗਤ ਥੀਂ ਸੁੰਦਰ ਅਰ ਅਲੇਖੀਆਂ ਸਨ॥

ਸਹਿਰੋਂ ਇਕ ਕੋਹ ਬਾਹਰ, ਮੁਹੰਮਦ ਮੀਰ ਕਾਦਰੀ, ਅਤੇ ਉਹ ਦੇ ਚੇਲੇ ਮੁੱਲਾਂਸਾਹ ਦੀ ਕਬਰ ਹੈ। ਇਨ੍ਹਾਂ ਦੋਨਾਂ ਕਬਰਾਂ ਦੀ ਅੰਬਾਰਤ ਅੱਤ ਸੁੰਦਰ ਸੀ, ਪਰ ਮੁੱਲਾਂਸਾਹ ਦਾ ਮਕਬਰਾ ਉਖੇੜਕੇ ਰਾਮ ਬਾਗ ਦੀ ਅੰਬਾਰਤ ਪੁਰ ਲਾਇਆ; ਇਕ ਇਸ ਪੁਰ ਕਿਆ ਹੈ! ਬਲਕ ਜਿਥੇ ਕਿਧਰੇ ਨਵੀਂ ਅੰਬਾਰਤ ਵਲ ਦੇਖੀਦਾ ਹੈ, ਸੋ ਲਹੌਰ ਹੀ ਦੀਆਂ ਮਸੀਤਾਂ ਅਰ ਮਕਬਰਿਆਂ ਦੇ ਪੱਥਰਾਂ ਦੀ ਬਣੀ ਹੋਈ ਨਜਰੀ ਆਉਂਦੀ ਹੈ॥

ਸਹਿਰੋਂ ਬਾਹਰ ਉੱਤਰ ਦੀ ਵਲ, ਔਰੰਗਜੇਬ ਆਲਮਗੀਰ ਨੈ ਸਹਿਰ ਦੇ ਬਚਾਉ ਲਈ ਚੌਹੁੰ ਕੋਹਾਂ ਤੀਕੁਰ ਪੱਕਾ ਚੂਨੇ ਗੱਚ ਬੰਨ੍ਹ ਲਵਾਇਆ ਸੀ; ਅਤੇ ਇਹ ਬੰਨ੍ਹ ਪਾਤਸਾਹੀ ਕਿਲੇ ਦੀ ਬਾਹੀ ਤੇ, ਅਤੇ ਜੁਮਾ ਮਸੀਤ ਦੇ ਉੱਤਰ ਦੇ ਪਾਸੇ ਥੀਂ ਲੰਘਕੇ, ਅਨਾਰਕਲੀ ਦੇ ਗੁੰਮਜ ਤੀਕੁਰ ਪਹੁਤਾ ਹੈ; ਪਰ ਹੁਣ ਦਰਿ-ਆਉ ਨੈ ਇਸ ਬੰਨ੍ਹ ਤਾਈਂ ਕਈਆਂ ਜਾਗਾਂ ਤੇ ਤੋੜ ਸਿੱਟਿਆ ਹੈ। ਅਤੇ ਅਨਾਰਕਲੀ ਸਹਿਰੋਂ ਦੱਖਣ ਦੇ ਰੁਕ ਦਰਿਆਉ ਦੇ ਕੰਢੇ ਪੁਰ ਹੈ। ਅਤੇ ਲਹੌਰ ਦੇ ਗਿਰਦੇ ਅਮ੍ਰਿਤਸਰ ਤੀਕੁਰ ਕਈ ਅਜਿਹੀਆਂ ਬਸਤੀਆਂ ਬੀ ਹਨ, ਕਿ ਜਿਨ੍ਹਾਂ ਵਿਚ ਹਜਾਰ ਘਰ ਨਾਲੋਂ ਬੀ ਵਧੀਕ ਬਸਦੇ ਹਨ; ਜਿਹੀ ਪਠਾਣਾਂ ਦੀ ਸੂਰੀ, ਅਤੇ ਚਮਿਆਰੀ, ਅਤੇ ਦੀਨੇਕੇ, ਅਤੇ ਹੋਰ ਬਥੇਰੇ॥

### Bábe Nának dá Dehrá.

ਬਾਬੇ ਨਾਨਕ ਦਾ ਦੇਹਰਾ ਰਾਵੀ ਦੇ ਕੰਢੇ ਪੁਰ ਹੈ, ਅਤੇ ਉਹ ਇਕ ਵਡੀ ਮਸਹੂਰ ਜਾਗਾ ਹੈ; ਉਹ ਸਿੱਖਾਂ ਦੇ ਰਾਜ ਵਿਖੇ ਬਹੁਤ

ਹੀ ਬਸ ਗਿਆ ਹੈ। ਭਾਵੇਂ ਦਰਿਆਉ ਦੀ ਨੇੜ ਕਰਕੇ ਇਸ ਸਹਿਰ ਦੀ ਅੰਬਾਰਤ ਪੱਕੀ ਬਹੁਤੀ ਹੈ, ਪਰ ਿਥੇ ਦੇ ਵਸਕੀਲ, ਜਿਹੜੇ ਬਾਬੇ ਨਾਨਕ ਦੀ ਉਲਾਦ ਵਿਚ ਹਨ, ਵਡੇ ਭਾਗਧਾਰੀ ਹਨ। ਅਤੇ ਉਸ ਜਾਗਾ ਕਈ ਸਰਕਾਰਾਂ ਹਨ; ਇਸ ਕਰਕੇ ਓਹ ਸਦਾ ਆਪਸ ਵਿਚ ਲੜਾਈ ਘੋਲ਼ ਰਖਦੇ ਹਨ॥

ਅਤੇ ਬਾਬੇ ਨਾਨਕ ਦਾ ਦੇਹਰਾ ਪਿੰਡੋਂ ਨੇੜੇ ਦਰਿਆਉ ਦੇ ਕੰਢੇ ਉੱਪਰ ਹੈ; ਉਹ ਦੀ ਅੰਬਾਰਤ ਅੱਤ ਸੁੰਦਰ, ਅਤੇ ਉਸ ਪੁਰ ਸੋਇਨੇ ਅਰ ਲਾਜਵਰਦ ਦਾ ਕੰਮ ਕੀਤਾ ਹੋਇਆ, ਅਤੇ ਬਹੁਤ ਮਾਯਾ ਖਰਚੀ ਹੋਈ ਹੈ; ਅਤੇ ਸਿੱਖਾਂ ਲੋਕਾਂ ਦੇ ਤੀਰਥ ਦੀ ਜਾਗਾ ਹੈ॥

ਮਹਾਰਾਜਾ ਰਨਜੀਤਸਿੰਘੁ ਉਸ ਦੇਹਰੇ ਪੁਰ ਵਡੀ ਮਾਯਾ ਚੜ੍ਹਾਇਆ ਕਰਦਾ, ਅਤੇ ਬਹੁਤ ਪੈਸਾ ਨਜਰਾਨਾ ਘਲਿਆ ਕਰਦਾ ਸੀ; ਇਥੇ ਤੀਕੁਰ ਜੋ ਉਸ ਜਾਗਾ ਦੇ ਖਰਚ ਲਈ ਪੰਜ ਸੈ ਪਿੰਡ ਸਰਕਾਰੋਂ ਦੇ ਛਡਿਆ ਹੋਇਆ ਸਾ। ਪਰਮੇਸੁਰ ਨੂੰ ਭਾਇਆ, ਤਾਂ ਬਾਬੇ ਨਾਨਕ ਦੀ ਵਿਥਿਆ ਗੁਰੂਆਂ ਦੀ ਵਿਥਿਆਂ ਵਿਚ ਬਿਆਨ ਕੀਤੀ ਜਾਵੇਗੀ॥

### Baṭáḷá.

ਕਸਬਾ ਬਟਾਲਾ ਇਕ ਸਹਿਰ ਹੈ, ਜੋ ਰਾਮਦੇਉ ਭੱਟੀ ਰਾਜਪੂਤ ਦਾ ਅਬਾਦ ਕੀਤਾ ਹੋਇਆ ਹੈ, ਅਤੇ ਉਹ ਕਪੂਰਥਲੇ ਦੇ ਰਾਜਪੂਤਾਂ ਵਿਚੋਂ ਸੀ॥

ਅਤੇ ਉਸ ਸਮੇ ਵਿਖੇ, ਕਿ ਜਦ ਤਤਾਰਖਾਂ, ਸੁਲਤਾਨ ਬਹਿਲੋਲ ਲੋਦੀ ਦੇ ਹਥੋਂ ਪੰਜਾਬ ਦਾ ਹਾਕਮ ਸੀ, ਤਦ ਇਹ ਰਾਮਦੇਉ ਮੁਸਲਮਾਨ ਹੋਕੇ, ਤਤਾਰਖਾਂ ਦੀ ਕਚਹਿਰੀ ਵਿਚ ਆਉਣ ਜਾਣ ਲੱਗ ਗਿਆ, ਅਤੇ ਪੰਜਾਬ ਦਾ ਮੁਲਖ ਨੌ ਲੱਖ ਟਕੇ ਪੁਰ ਤਤਾਰਖਾਂ ਥੀਂ ਅਜਾਰੇ ਲੈ ਲਿਆ॥

ਅਤੇ ਸਨ ੮੧੬ ਹਿਜਰੀ, ਅਤੇ ੧੫੧੮ ਬਿੱਕਰਮਾਜੀਤੀ ਵਿਚ ਇਸ ਸਹਿਰ ਦੀ ਨੀਉਂ ਧਰੀ, ਅਤੇ ਉਸ ਰਾਮਦੇਉ ਦੀ ਕਬਰ ਸਹਿਰੋਂ ਬਾਹਰ ਪੂਰਬ ਦੇ ਦਾਉ ਪੱਕੀ ਬਨੀ ਹੋਈ ਹੈ। ਅਤੇ ਆਖਦੇ ਹਨ, ਜੋ ਇਸ ਤੇ ਅੱਗੇ ਬੀ ਇਸ ਜਾਗਾ ਅਬਾਦੀ ਹੋ ਚੁੱਕੀ ਹੈ; ਇਸ ਤਰਾਂ ਨਾਲ, ਜੋ ਕਿਸੇ ਨੈ ਸਰਾਂ ਦੇ ਲਾਗ, ਜੋ ਹਾਕਮ ਦੇ ਰਹਿਲ ਦੀ ਜਾਗਾ ਹੈ, ਇਕ ਖੂਹ ਪੱਟਿਆ ਸਾ; ਪੱਟਦੇ ਪੱਟਦੇ ਜਾਂ ਪਾਨੀ ਦੇ ਨੇੜੇ ਪਹੁਤੇ, ਤਾਂ ਲਿਲਾਰੀ ਦੀ ਹੱਟੀ, ਕੂੰਡਾਂ ਘੜਿਆਂ ਲੋਟਿਆਂ ਬਧਨਿਆਂ ਸਨੇ, ਪਰਗਟ ਹੋਈ ਸੀ; ਇਸ ਤੇ ਮਲੂਮ ਹੋਇਆ, ਜੋ ਇਥੇ ਜਰੂਰ ਕਦੇ ਨ ਕਦੇ ਬਸੋਂ ਹੋ ਹਟੀ ਹੈ॥

ਇਸ ਸਹਿਰ ਦੇ ਗੱਭੇ ਇਕ ਉੱਚੀ ਜਾਗਾ ਪੁਰ ਹਾਕਮ ਦੇ ਰਹਿਲ ਦਾ ਕਿਲਾ ਹੈ; ਪਹਿਲਾਂ ਉਹ ਦੀਆਂ ਕੰਧਾਂ ਕੱਚੀਆਂ ਸਨ; ਜੋ ਕੋਈ ਹਾਕਮ ਆਇਆ, ਉਹੋ ਉਹ ਦੀ ਮੁਰੰਮਤ ਕਰਵਾਉਂਦਾ ਰਿਹਾ; ਉਸ ਤੇ ਪਿਛੇ ਮੁਹੰਮਦਸਾਹ ਪਾਤਸਾਹ ਦਿੱਲੀਵਾਲੇ ਦੇ ਸਮੇ ਵਿਚ ਸਾਰੀਆਂ ਕੰਧਾਂ ਪੱਕੀਆਂ ਬਨ ਗਈਆਂ, ਅਤੇ ਪੂਰਬ ਪਾਸੇ ਦੀ ਕੰਧ ਉੱਪੁਰ ਜੋ ਬਜਾਰ ਵਿਚ ਹੈ, ਇਕ ਵਡੀ ਤਖਤਿਆਂ ਦੀ ਜੋੜੀ ਚੜ੍ਹ ਗਈ॥

ਅੱਗੇ ਇਸ ਸਹਿਰ ਵਿਚ ਕੁਛ ਵਡੀ ਰੌਲਕ ਨਸੋ, ਨਿਰਾ ਇਕ ਭਾਰੇ ਪਿੰਡ ਵਰਗਾ ਸਾ; ਪਰ ਅਕਬਰ ਪਾਤਸਾਹ ਦੇ ਸਮੇ ਵਿਚ, ਜਾਂ ਸਮਸੇਰਖਾਂ ਰਾਜਪੂਤ ਇਸ ਸਹਿਰ ਦਾ ਹਾਕਮ ਹੋਇਆ, ਤਾਂ ਓਨ ਇਹ ਦੀ ਅਬਾਦੀ ਵਿਚ ਅੱਤ ਕੋਸਸ ਕੀਤੀ, ਅਤੇ ਸਹਿਰ ਤੇ ਉੱਤਰ ਅਰ ਪੂਰਬ ਦੇ ਗਭਲੇ ਖੂੰਜੇ ਪੁਰ ਇਕ ਬਾਗ ਦੀ ਨੀਉਂ ਧਰਕੇ, ਉਹ ਦੇ ਗਭੇ ਦੋ ਸੈ ਕਰਮਾਂ ਲੰਬਾ ਅਤੇ ਦੋ ਸੈ ਕਰਮਾਂ ਚੋੜਾ ਇਕ ਵਡਾ ਡੂੰਘਾ ਤਲਾਉ ਲਵਾਇਆ, ਅਤੇ ਤਲਾਉ ਦੇ ਵਿਚਕਾਰੇ ਇਕ ਪੱਕੀ ਮਸੀਤ ਬਨਵਾਈ। ਇਸ

ਤਲਾਉ ਦਾ ਪਾਣੀ ਕਦੇ ਕਾਲ ਸਮੇ ਬੀ ਨਹੀਂ ਸੁਕਿਆ, ਬਲਕ ਉਸ ਮਸੀਤ ਦੇ ਗਿਰਦੇ ਮੁਲਸਾਤ ਭਰ ਨਾਲੋਂ ਵਧੀਕ ਪਾਣੀ ਰਹਿੰਦਾ ਹੈ, ਅਤੇ ਨਹਿਰ ਵਿਚੋਂ, ਜੋ ਇਸ ਤਲਾਉ ਤੇ ਪੂਰਬ ਦੇ ਪਾਸੇ ਹੈ, ਪਾਣੀ ਆਉਣ ਲਈ ਇਕ ਰਾਹ ਬਣਾ ਛਡਿਆ ਹੋਇਆ ਹੈ॥

ਇਹ ਨਹਿਰ ਅੱਗੇ ਸੁਕੀ ਪਈ ਸੀ; ਹੁਣ ਸਨ ੧੨੪੧ ਹਿਜਰੀ ਵਿਚ, ਮਹਾਰਾਜੇ ਰਣਜੀਤਸਿੰਘ ਨੈ ਫੇਰ ਜਾਰੀ ਕਰਵਾਈ ਹੈ॥

ਅਤੇ ਤਲਾਉ ਦੇ ਕੰਢੇ ਦੱਖਣ ਦੇ ਰੁਕ ਸੱਤਰਾਂ ਕਰਮਾਂ ਦੀ ਥਿੱਥ ਪੁਰ, ਸਮਸੇਰਖਾਂ ਦਾ ਮਕਬਰਾ ਪੱਕਾ ਚੂਨੇ ਗੱਚ ਬਣਿਆ ਹੋਇਆ ਹੈ; ਉਸ ਦਾ ਗੁੰਮਜ ਬਹੁਤ ਹੀ ਵਡਾ ਬੈਠਕ ਦੀ ਡੌਲ ਦਾ ਹੈ, ਜੋ ਸਨ ੯੯੯ ਹਿਜਰੀ ਵਿਚ, ਸਮਸੇਰਖਾਂ ਨੈ ਆਪਣੇ ਜਿੰਦ ਜੀਉਂਦਿਆਂ ਹੀ ਬਣਵਾਕੇ, ਉਹ ਦੇ ਦਰਵੱਜੇ ਦੇ ਪੱਥਰ ਪੁਰ, ਉਹ ਦੇ ਬਣ ਚੁਕਣ ਦੀ ਤਰੀਕ ਉਕਰਾ ਛਡੀ ਸੀ॥

ਅਤੇ ਇਸ ਕਰਕੇ, ਜੋ ਸਮਸੇਰਖਾਂ ਪਾਤਸਾਹ ਦੇ ਕੋਲ ਰਹਿਣ-ਵਾਲਿਆਂ ਵਿਚੋਂ ਸਾ, ਉਹ ਦੇ ਆਹਰ ਨਾਲ ਇਹ ਸਹਿਰ ਬਹੁਤ ਹੀ ਅਬਾਦ ਹੋ ਗਿਆ; ਇਥੇ ਤੀਕੁਰ ਜੋ ਉਹ ਦਾ ਗਿਰਦਾ ਹੁਣ ਦੂਹੁੰ ਕੋਹਾਂ ਦਾ ਹੈ; ਅਤੇ ਹਰ ਪਰਕਾਰ ਦੇ ਕਾਰਖਾਨਦਾਰ ਅਰ ਬਿੱਦਿਆਮਾਨ ਅਰ ਪਤਵੰਤੇ ਭਲੇ ਮਾਲਸ ਲੋਕ ਉਥੇ ਆਣ ਬਸੇ; ਜਿਹਾਕੁ ਆਲਮਗੀਰ ਪਾਤਸਾਹ ਦੀ ਪਾਤਸਾਹੀ ਦੇ ਪਿਛ-ਲੇ ਪੱਖ ਵਿਚ ਮੁਹੰਮਦ ਫਾਜਲਦੀਨ ਕਾਦਰੀ ਇਸ ਸਹਿਰ ਵਿਚ ਆਇਆ, ਅਤੇ ਆਉਂਦੇ ਨੈ ਹੀ ਪਾਠਸਾਲਾ ਅਰ ਮਸੀਤਾਂ ਅ-ਤੇ ਹਵੇਲੀਆਂ ਦੀ ਨੀਉਂ ਧਰ ਦਿੱਤੀ। ਉਹ ਮਹਾਪੁਰਸ ਜਾਹਰ ਬਾਤਨ ਦੇ ਇਲਮ ਵਿਚ ਇਕ ਹੀ ਸਾ; ਸਹਿਰ ਵਿਚ ਹੁਣ ਤੀਕੁਰ ਮੀਆਂ ਸਾਹਬ ਦਾ ਮਹੱਲਾ ਮਸਹੂਰ ਹੈ; ਅਰ ਉਹ ਮਹੱਲਾ ਹੁਣ ਦਿਆਂ ਦਮਾਂ ਤੀਕੁ ਉਸੇ ਦੀ ਉਲਾਦ ਦੇ ਕਾਬੂ ਵਿਚ ਹੈ॥

### Kalánaur.

ਕਲਾਨੌਰ ਇਕ ਵਡਾ ਪੁਰਾਣਾ ਸਹਿਰ ਰਾਵੀ ਤੇ ਪੰਜ ਕੋਹ ਹੈ; ਉਹ ਦੇ ਹੇਠ ਉੱਤਰ ਦੇ ਰੁਕ ਇਕ ਨਹਿਰ ਵਗਦੀ ਹੈ, ਜਿਹ ਨੂੰ ਕਰਨ ਕਰਕੇ ਆਖਦੇ ਹਨ। ਬਹਿਰਾਮਪੁਰ ਤੇ ਲਾਕੇ ਕਲਾਨੌਰ ਤੀਕੁਰ ਸਾਰੀ ਧਰਤੀ ਵਿਖੇ ਚੁਸਮੇ ਫੁਟਦੇ ਹਨ, ਅਤੇ ਤਿਨਾਂ ਦਾ ਪਾਣੀ ਕੱਠਾ ਹੋਕੇ ਕਰਨ ਸਦਾਉਂਦਾ ਹੈ; ਅਤੇ ਇਹ ਕਰਨ ਪਾਤਸਾਹੀ ਬਾਗ ਦੇ ਹੇਠ, ਜੋ ਸਹਿ੍ਰੋਂ ਪੂਰਬ ਦੇ ਦਾਉ ਹੈ, ਅਜਿਹੀ ਡੂੰਘੀ ਹੈ, ਜੋ ਕਦੇ ਗਾਹਣ ਨਹੀਂ ਹੁੰਦੀ, ਅਤੇ ਬੇੜ੍ਹੀ ਬਿਨਾ ਉਥੋਂ ਲੰਘਿਆ ਨਹੀਂ ਜਾਂਦਾ॥

ਇਹ ਬਾਗ ਅਕਬਰ ਪਾਤਸਾਹ ਦੇ ਹੁਕਮ ਨਾਲ਼ ਬਣਿਆ ਸਾ; ਕਿੰਉਕਿ ਉਹ ਇਸੀ ਜਾਗਾ ਤਖਤ ਪੁਰ ਬੈਠਾ ਸੀ। ਅਤੇ ਇਸ ਬਾਗ ਦੇ ਚੁਗਿਰਦ ਪੱਕੀ ਅਲੰਗ, ਅਤੇ ਵਡਾ ਸานਦਾਰ ਦਰਵੱਜਾ ਸਾ; ਅਤੇ ਉਹ ਦੇ ਗਭੇ ਇਕ ਫੁਆਰਿਆਂ ਵਾਲ਼ਾ ਹੌਦ, ਅਤੇ ਉਸ ਦੇ ਕੰਢੇ ਪੱਕਾ ਚੂਨੇ ਗੱਚ ਤਖਤ ਸਾ, ਜੋ ਪਾਤਸਾਹ ਦੇ ਬੈਠਣ ਦਾ ਠਿਕਾਣਾ ਸੀ। ਅਤੇ ਬਾਗ ਦੇ ਚੜ੍ਹਦੇ ਰੁਕ ਵਡਾ ਮਜਬੂਤ ਹਮਾਮ, ਅਤੇ ਉੱਤਰ ਦੇ ਪਾਸੇ ਨਹਿਰ ਦੇ ਕੰਢੇ ਇਕ ਵਡੀ ਖੁੱਲੀ ਅਰ ਉੱਚੀ ਚੌਦਰੀ ਬਣੀ ਹੋਈ ਸੀ; ਹੁਣ ਓਹ ਸਭੇ ਅੰਬਾਰਤਾਂ ਬੈਰਾਨ ਪਈਆਂ ਹਨ; ਬਾਗ ਦੇ ਆਇਰਿਆਂ ਛੁੱਟ ਹੋਰ ਕੁਝ ਨਜਰੀਂ ਨਹੀਂ ਆਉਂਦਾ। ਇਸ ਸਹਿਰ ਵਿਖੇ ਅਕਬਰ ਪਾਤਸਾਹ ਦੇ ਰਾਜ ਵਿਚ ਵਡੀ ਰੌਣਕ ਅਰ ਅਬਾਦੀ ਸੀ, ਉਸ ਤੇ ਪਿਛੇ ਬੀ ਚਿਰ ਤੀਕੁਰ ਉਹੋ ਜਿਹੀ ਰਹੀ; ਪੰਰ ਜਾਂ ਸਿੱਖਾਂ ਨੈ ਸਾਰੇ ਪੰਜਾਬ ਨੂੰ ਲੁਟ ਫੂਕ ਸਿੱਟਿਆ, ਤਾਂ ਇਹ ਸਹਿਰ ਬੀ ਬੈਰਾਨ ਹੋ ਗਿਆ। ਤਿਸ ਪਿਛੇ ਜਾਂ ਰਾਮਗੜ੍ਹੀਆਂ ਸਿੱਖਾਂ ਦੇ ਹੱਥ ਆਇਆ, ਤਾਂ ਬ੍ਰਹੁੜ੍ਹਾ ਜਿਹਾ ਬਸਦਾ

ਸੀ; ਅਤੇ ਜਾਂ ਕਨ੍ਹਈਆਂ ਨੈ ਰਾਮਗੜ੍ਹੀਆਂ ਨੂੰ ਲਤਾੜ ਲੀਤਾ, ਤਾਂ ਹਕੀਕਤਸਿੰਘੁ ਕਨ੍ਹਈਆ ਇਸ ਸਹਿਰ ਉੱਤੇ ਭੜਾਈ ਕਰਿ ਆਇਆ, ਅਤੇ ਆਉਂਦੇ ਨੈ ਹੀ ਫੂਕ ਸਿਟਿਆ। ਉਸ ਸਮੇ ਇਹ ਸਹਿਰ ਅਜਿਹਾ ਬੈਰਾਨ ਹੋਇਆ, ਜੋ ਇਸ ਵਿਚ ਸੀਂਹ ਬੁਕਦੇ ਫਿਰਦੇ ਸੇ॥

ਤਿਸ ਪਿਛੋਂ ਹਕੀਕਤਸਿੰਘੁ ਦਾ ਪੁੱਤ ਜੈਮਲਸਿੰਘੁ, ਜਾਂ ਇਸ ਸਹਿਰ ਦੇ ਬਸਾਉਲ ਦੇ ਆਹਰ ਵਿਚ ਹੋਇਆ, ਤਾਂ ਤੀਹਾਂ ਬਰਸਾਂ ਤੀਕੁਰ ਉਸ ਦੇ ਪਾਹ ਰਿਹਾ, ਅਰ ਉਹ ਬਸਾਉਂਦਾ ਹੀ ਰਿਹਾ; ਇਥੇ ਤੀਕੁ ਕਿ ਉਹ ਦੇ ਨਿਆਉਂ ਦੇ ਕਾਰਲ ਤਿੰਨ ਚਾਰ ਸੈ ਹੱਟ, ਅਰ ਤਿੰਨ ਹਜਾਰ ਘਰ ਬਸ ਪਿਆ; ਫੇਰ ਜਾਂ ਜੈਮਲਸਿੰਘੁ ਮਰ ਗਿਆ, ਤਾਂ ਇਹ ਸਹਿਰ ਮਹਾਰਾਜੇ ਰਲਜੀਤਸਿੰਘੁ ਕੋਲ਼ ਆ ਗਿਆ; ਹੁਲ ਤੀਕੁਰ ਉਹ ਉਸੇ ਦੇ ਅਮਲ ਵਿਚ ਹੈ, ਪਰ ਅਗੇ ਵਰਗੀ ਰੌਲਕ ਨਹੀਂ; ਸਗਵਾਂ ਉਜੜਦਾ ਜਾਂਦਾ ਹੈ॥

ਇਸ ਪਰਗਲੇ ਦੀ ਭੋਂ ਕੁਛ ਕਰਨ ਦੇ ਕੰਢੇ, ਕੁਛ ਹਰਟਾਂ ਅਰ ਬਾਰਿਆਂ, ਅਰਥਾਤ ਚੜ੍ਹਸਾਂ ਦੇ ਪਾਲੀ ਪੁਰ, ਕੁਛ ਬਰਖਾ ਦੇ ਪਾਲੀ ਨਾਲ਼ ਹੁੰਦੀ ਹੈ। ਅਤੇ ਸਹਿਰੋਂ ਬਾਹਰ ਦੱਖਲ ਦੇ ਰੁਕ ਦੂਹੁੰ ਤੀਰਾਂ ਦੀ ਮਾਰ ਪੁਰ, ਮੌਜੂਵਾਲ਼ ਨਾਮੇ ਪਿੰਡ ਦੀ ਕੰਧ ਦੇ ਕੋਲ਼, ਸੇਖ ਮੁਹੰਮਦ ਅਫਜਲ ਲਹੌਰੀ, ਅਤੇ ਸਾਹ ਗੁਲਾਮਗੌਂਸ ਬਟਾਲ਼ੀ ਦੀ ਕਬਰ, ਇਕ ਬਗੀਚੇ ਵਿਚ ਇਕੋ ਚੌਂਤੜੇ ਅਰ ਇਕੋ ਬਗਲ਼ ਵਿਚ ਹੈ॥

## Adínánagar.

ਅਦੀਨਾਨਗਰ ਪਹਾੜ ਦੀ ਕੰਢੀ ਤੇ ਨੇੜੇ, ਅਦੀਨਾਬੇਗਖਾਂ ਦਾ ਅਬਾਦ ਕੀਤਾ ਹੋਇਆ ਹੈ, ਜੋ ਉਸ ਸਮੇ ਵਿਖੇ, ਦੁਆਬੇ ਬਾਰੀ ਅਤੇ ਦੁਆਬੇ ਬਿਸਤ ਜਲੰਧਰ ਅਤੇ ਲਹੌਰ ਦਾ ਹਾਕਮ ਸਾ; ਉਸ ਵੇਲੇ ਇਹ ਸਹਿਰ ਬਹੁਤ ਅਬਾਦ ਸੀ, ਅਤੇ ਹਰ

ਪਰਕਾਰ ਦੇ ਹੁਨਰੀ ਅਤੇ ਕਾਰਖਾਨਦਾਰ ਲੋਕ ਉਥੇ ਆਨ ਬਸੇ ਸਨ; ਅਤੇ ਸਹਿਰੋਂ ਚੜ੍ਹਦੇ ਹੱਥ ਇਕ ਬਾਗ ਬਣਾਇਆ ਸੀ, ਕਿ ਉਹ ਸਾਹ ਨਹਿਰ, ਜੋ ਲਹੌਰ ਨੂੰ ਜਾਂਦੀ ਹੈ, ਇਸ ਬਾਗ ਵਿਚਦੋਂ ਹੋਕੇ ਲੰਘਦੀ ਹੈ; ਅਤੇ ਇਸ ਬਾਗ ਵਿਚ ਕਈ ਬੈਠਕਾਂ ਅਰ ਹੌਦ ਬਣੇ ਹੋਏ ਹਨ। ਅਤੇ ਇਸ ਸਹਿਰ ਦੇ ਦੁਆਲੇ ਦੀ ਧਰਤੀ ਵਡੀ ਤਰ ਅਤੇ ਤਾਜੀ ਹੈ, ਅਤੇ ਪਹਾੜ ਦੀ ਨੇੜ ਕਰਕੇ ਹਰਿਆਈ ਅਤੇ ਪਾਣੀ ਦੀਆਂ ਢਾਬਾਂ ਬਹੁਤ ਹਨ, ਅਤੇ ਹਰ ਪਰਕਾਰ ਦਾ ਜੰਗਲੀ ਅਤੇ ਆਬੀ ਸਕਾਰ ਉਸ ਗਿਰਦੇ ਵਿਚ ਹਦੋਂ ਬਾਹਰ ਹੈ॥

ਅਤੇ ਬਹਾਰ ਦੀ ਰੁਤੇ ਉਹ ਧਰਤੀ ਵਡੇ ਮੇਲ ਦੀ ਜਾਗਾ ਹੈ; ਅਤੇ ਤੂਤ, ਅਲੂਚੇ, ਅੰਬ, ਸੰਗਤਰੇ, ਅਤੇ ਹੋਰ ਕਈ ਭਾਂਤ ਦੇ ਮੇਵੇ ਉਸ ਜਿਲੇ ਵਿਚ ਹੁੰਦੇ ਹਨ, ਅਤੇ ਉਥੇ ਦੀ ਹੋਰ ਵਡਿਆਈ ਇਹ ਹੈ, ਜੋ ਸਸਤੇ ਲਭਦੇ ਹਨ। ਅਤੇ ਸਹਿਰ ਅਰ ਪਿੰਡਾਂ ਦੁਆਲੇ ਹਰ ਭਾਂਤ ਦੇ ਬਹੁਤ ਰੁਖ ਹਨ, ਸਭ ਤੇ ਵਧੇਰੇ ਬੇਰੀਆਂ ਦੇ ਬੂਟੇ ਹਨ; ਅਤੇ ਉਨ੍ਹਾਂ ਦੇ ਬੇਰ ਅਜਿਹੇ ਮਿੱਠੇ ਹੁੰਦੇ ਹਨ, ਜੋ ਬਟਾਲੇ ਤੀਕੁ ਲੈ ਜਾਕੇ ਵੇਚਦੇ ਹਨ॥

ਅਤੇ ਸਹਿਰੋਂ ਉੱਤਰ ਦੇ ਰੁਕ ਇਕ ਨਹਿਰ ਹੈ, ਜੋ ਪਹਾੜੋਂ ਉੱਤਰਕੇ ਸਦਾ ਵਗਦੀ ਰਹਿੰਦੀ ਹੈ, ਅਤੇ ਉਸ ਨਹਿਰ ਪੁਰ ਪੁਲ ਬੰਨਕੇ ਸਾਹ ਨਹਿਰ ਉਥੇ ਦਿਓਂ ਲੰਘਾਈ ਹੋਈ ਸੀ॥

ਜਾਂ ਅਦੀਨਾਬੇਗਖਾਂ ਮਰ ਗਿਆ, ਅਤੇ ਸਿੱਖਾਂ ਨੈ ਪੰਜਾਬ ਦਾ ਮੁਲਖ ਲੁੱਟ ਲੀਤਾ, ਤਾਂ ਇਹ ਸਹਿਰ ਬੀ ਉਜੜ ਹੋ ਗਿਆ। ਫੇਰ ਝੰਡਾਸਿੰਘੁ ਖੇੜੀਵਾਲੇ ਦੇ ਰਾਜ ਵਿਚ ਕੁਛ ਬਹੁੜੀ ਜਿਹੀ ਰੌਲਕ ਹੋ ਗਈ ਸੀ; ਅਤੇ ਉਸ ਨੈ ਉਸ ਜਾਗਾ ਤੀਹ ਵਰਿਹਾਂ ਰਾਜ ਕੀਤਾ। ਜਾਂ ਉਹ ਮਰ ਗਿਆ, ਤਾਂ ਉਸ ਦੇ ਪੁੱਤ ਗੁਲਾਬਸਿੰਘੁ ਨੈ ਉਸ ਤੇ ਪਿਛੇ ਉਸ ਜਾਗਾ ਦਾ ਬੀਹ ਬਰਸਾਂ

ਰਾਜ ਕੀਤਾ, ਪਰ ਸਦਾ ਕਨ੍ਹਈਆਂ ਦਾ ਹੀ ਮਲੀਹਦਤ਼ ਰਿਹਾ; ਉਸ ਵੇਲੇ ਤੀਕੁਰ ਕਿ ਜਾਂ ਮਹਾਰਾਜੇ ਰਣਜੀਤਸਿੰਘੁ ਨੈ ਗੁਲਾਬ-ਸਿੰਘੁ ਨੂੰ ਫੜਕੇ ਉਸ ਕੋਲੋਂ ਮੁਲਖ ਖੁਹੁ ਲਿਆ, ਤਦ ਇਹ ਸਹਿਰ ਬੀ ਮਹਾਰਾਜੇ ਦੇ ਹੱਥ ਆ ਗਿਆ, ਅਤੇ ਗੁਲਾਬਸਿੰਘੁ ਨੂੰ ਇਕ ਛੋਟਾ-ਜਿਹਾ ਪਿੰਡੋਰਾ ਜਗੀਰ ਵਿਚ ਦੇ ਦਿੱਤਾ। ਅਤੇ ਸਨ ੧੨੨੧ ਹਿਜਰੀ ਵਿਖੇ ਜਾਂ ਮਹਾਰਾਜੇ ਰਣਜੀਤਸਿੰਘੁ ਦੇ ਮਨ ਵਿਚ ਆਈ, ਕਿ ਇਸ ਸਹਿਰ ਨੂੰ ਅਬਾਦ ਕਰਜੇ, ਤਾਂ ਉਸ ਨੈ ਕਾਰਮਕੇ ਹਰ ਬਰਸਾਤ ਨੂੰ ਫੌਜ ਸਣੇ ਉੱਥੇ ਜਾਕੇ ਰਹਿਣਾ ਸੁਰੂ ਕੀਤਾ, ਅਤੇ ਨਹਿਰ ਦੇ ਕੰਢੇ ਵਡਾ ਅਨੂਪ ਬਾਗ ਲਵਾਕੇ, ਉਸ ਵਿਚ ਅੱਤ ਸੁੰਦਰ ਅੰਬਾਰਤਾਂ ਅਤੇ ਹੌਦ ਅਰ ਫੁਆਰੇ ਬਣਵਾਏ; ਅਤੇ ਤਿਹੇ ਹੀ ਉਸ ਦੇ ਅੰਬੀਰਾਂ ਨੈ ਆਪੋ ਆਪਣੇ ਲਈ ਬਾਗ ਅਰ ਅੰਬਾਰਤਾਂ ਬਣਵਾਈਆਂ; ਇਸ ਕਰਕੇ ਉਸ ਸਹਿਰ ਵਿਚ ਬਹੁਤ ਰੌਣਕ ਹੋ ਗਈ, ਅਤੇ ਹਰ ਭਾਂਤ ਦੇ ਕਾਰ-ਖਾਨਦਾਰ ਅਰ ਸੁਦਾਗਰ ਫੇਰ ਉਥੇ ਜਾ ਰਹੇ, ਅਤੇ ਬਜਾਰ ਚੌਂ-ਪੜ ਦੀ ਕਤਾ ਦਾ ਪੈ ਗਿਆ, ਅਰਥਾਤ ਗਭੇ ਚੌਂਕ, ਅਤੇ ਚੌਹੀਂ ਪਾਸੀਂ ਚਾਰ ਬਜਾਰ, ਪਰ ਹੱਟਾਂ ਤਿੰਨਕੁ ਸੈ ਥੀਂ ਵਧੀਕ ਨਾ ਹੋ-ਈਆਂ। ਉਥੋਂ ਬਿਆਹ ਨਦੀ ਛੇ ਕੋਹ, ਅਤੇ ਦਰਿਆਉ ਰਾ-ਵੀ ਪੰਜ ਕੋਹ ਹੈ॥

Bahirámpur.

ਅਦੀਨਾਨਗਰ ਤੇ ਢਾਈਆਂ ਕੋਹਾਂ ਦੀ ਵਿੱਥ ਪੁਰ ਇਕ ਕਦੀ-ਮੀ ਕਸਬਾ ਹੈ, ਉਹ ਨੂੰ ਬਹਿਰਾਮਪੁਰ ਕਰਕੇ ਕਹਿੰਦੇ ਹਨ, ਉਹ ਦੀਆਂ ਬਹੁਤ ਅੰਬਾਰਤਾਂ ਪੱਕੀਆਂ ਹਨ, ਉਹ ਦੇ ਲਾਗ ਦੂਹੁੰ ਤਿੰਨਾਂ ਕੋਹਾਂ ਦੇ ਲੰਬਾਉ ਚੁੜਾਉ ਵਿਚ ਇਕ ਅਜਿਹਾ ਛੰਭ ਹੈ, ਜੋ ਉਸ ਥੀਂ ਸਦਾ ਪਾਣੀ ਨਿੱਕਲਦਾ ਹੈ; ਅਤੇ ਨਾਪੇ ਅਰ ਕਾਹ ਉਸ ਵਿਚ ਬਹੁਤ ਉਗਦਾ ਹੈ। ਅਤੇ ਲੋਕ ਬੇੜੀਆਂ ਵਿਚ

ਚੜ੍ਹਕੇ ਸਦਾ ਮੁਰਗਾਬੀਆਂ ਅਰ ਮੱਛੀਆਂ ਦਾ ਸਕਾਰ ਖੇਡਦੇ ਹਨ, ਅਤੇ ਇਸ ਛੰਭ ਦਾ ਨਾਉਂ ਨਲ੍ਹ ਹੈ, ਅਤੇ ਨਹਿਰ ਕਿਰਨ ਜੋ ਕਲਾਨੌਰ ਦੇ ਹੇਠ ਵਗਦੀ ਹੈ, ਸੋ ਇਸੇ ਛੰਭ ਵਿਚੋਂ ਨਿੱਕਲੀ ਹੈ। ਅਤੇ ਇਹ ਜਾਗਾ ਅਜਿਹੀ ਚੰਗੀ ਸਕਾਰਗਾਹ ਹੈ, ਜੋ ਦੇਖਣ-ਵਾਲਿਆਂ ਦੇ ਮਨਾਂ ਵਿਚ ਇਸ ਨੂੰ ਦੇਖਕੇ ਖੁਸੀ ਦਾ ਦਰਿਆਉ ਠਾਠਾਂ ਮਾਰਨ ਲੱਗ ਜਾਂਦਾ ਹੈ॥

Paṭhán koṭ.

ਪਠਾਨਕੋਟ ਇਕ ਕਦੀਮੀ ਸਹਿਰ ਹੈ, ਜੋ ਉਹ ਦੀ ਅੰਬਾਰਤ ਬਹੁਤੀ ਪੱਕੀ, ਅਤੇ ਥੁਹੜੀ ਕੱਚੀ ਹੈ। ਉਸ ਤੇ ਚੜ੍ਹਦੇ ਪਾਸੇ ਇਕ ਪੱਕਾ ਚੂਨੇ ਗੱਚ ਕਿਲਾ ਹੈ; ਉਹ ਦੀਆਂ ਅਲੰਗਾਂ ਵਡੀਆਂ ਉੱਚੀਆਂ ਅਤੇ ਡਾਢੀਆਂ ਹਨ। ਇਹ ਕਿਲਾ ਸਾਹਜਹਾਂ ਪਾਤਸਾਹ ਦੇ ਰਾਜ ਵਿਚ ਪਹਾੜ ਦੇ ਬੰਨੇ ਉਪੁਰ ਇਸ ਲਈ ਬਣਿਆ ਸੀ, ਜੋ ਇਸ ਮੁਲਖ ਦਾ ਹਾਕਮ ਇਸ ਵਿਚ ਰਿਹਾ ਕਰੇ। ਕਈ ਚਿਰ ਇਹ ਜਾਗਾ ਕਨਈਆਂ ਸਿੱਖਾਂ ਹੇਠ ਰਹੀ। ਤਾਰਾਸਿੰਘੁ ਕਨਈਆ, ਜੋ ਪਹਾੜ ਦੇ ਰਾਜੇ, ਜਿਹਾਕੁ ਨੂਰਪੁਰੀ-ਆ ਅਤੇ ਹੋਰ ਕਈ ਰਾਜੇ ਉਹ ਦੀ ਤਾਬੇਦਾਰੀ ਵਿਚ ਚਲਦੇ ਸੇ, ਉਥੇ ਦਾ ਹਾਕਮ ਸੀ; ਓਨ ਕਿਲੇ ਦੇ ਅੰਦਰਵਾਰ ਆਪਣੇ ਰਹਿਣ ਲਈ, ਵਡੇ ਸੁੰਦਰ ਅਤੇ ਅਜਿਹੇ ਉਚੇ ਘਰ ਬਣਾਏ ਸਨ, ਜੋ ਕਈਆਂ ਕੋਹਾਂ ਤੇ ਦਿਖਾਲੀ ਦਿੰਦੇ ਸੇ। ਪਰ ਸਨ ੧੧੮੮ ਹਿਜਰੀ ਵਿਚ ਇਕ ਬਾਰੀ ਚੰਦਾਸਿੰਘੁ ਅਤੇ ਗੰਡਾਸਿੰਘੁ ਨੈ, ਜੋ ਭੰਗੀ ਸਰਦਾਰ ਥੇ, ਰਾਮਗੜ੍ਹੀਆਂ ਦੀ ਸਿਖਲਾਉਣ ਪੁਰ, ਇਸ ਕਿਲੇ ਦੇ ਲੈਣ ਦਾ ਦਾਵਾ ਕੀਤਾ ਸਾ; ਜਾਂ ਅਦੀਨਾਨਗਰ ਪਹੁੰਚੇ, ਤਾਂ ਉਨਾਂ ਦੋਹੁੰ ਵਿਚੋਂ ਇਕ ਮਰ ਗਿਆ, ਅਤੇ ਦੂਜਾ ਨਿਰਾਸ ਹੋਕੇ ਪਿਛੇ ਨੂੰ ਹਟ ਗਿਆ, ਅਤੇ ਇਹ ਕਿਲਾ ਉਵੇਂ ਤਾਰਾਸਿੰਘੁ ਦੇ ਕੋਲ੍ਹ ਰਿਹਾ, ਉਸ ਵੇਲੇ ਤੀਕੁਰ ਜੋ ਉਹ ਦੇ ਪੁੱਤ

ਉਸ ਥੀਂ ਆਕੀ ਹੋ ਗਏ, ਅਤੇ ਉਸ ਦੀ ਆਗਿਆ ਵਿਚ ਨਾ ਰਹੇ, ਅਤੇ ਆਪਸ ਵਿਚ ਬੀ ਵੈਰੀ ਬਣ ਗਏ ।* ਪਰੰਤੁ, ਮਹਾਰਾਜੇ ਰਣਜੀਤਸਿੰਘੁ ਨੈ ਇਹ ਗੱਲ ਸੁਣਕੇ, ਜੋ ਉਨ੍ਹਾਂ ਦੇ ਘਰ ਵਿਚ ਫਾਟਕ ਪੈ ਗਿਆ ਹੈ, ਰਾਣੀ ਸਦਾਕੌਰ ਨਾਲ਼ ਮਿਲ਼ਕੇ ਇਸ ਕਿਲੇ ਨੂੰ ਮੋਰਚੇ ਲਾ ਦਿਤੇ, ਅਤੇ ਝੱਟਪੱਟ ਲੈ ਲਿਆ, ਅਤੇ ਤਾਰਾਸਿੰਘੁ ਮਰ ਗਿਆ । ਹੁਣ ਉਹ ਦੇ ਪੁੱਤ, ਮਹਾਰਾਜੇ ਰਣਜੀਤਸਿੰਘੁ ਦੀ ਨੌਕਰੀ ਕਰਕੇ ਖਾਂਦੇ ਹਨ ॥

### Sháhpur.

ਸਾਹਪੁਰ ਦਰਿਆਉ ਰਾਵੀ ਦੇ ਕੰਢੇ ਇਕ ਪਹਾੜ ਤਲ਼ੀ ਦਾ ਸਹਿਰ ਹੈ, ਜੋ ਇਰਮੀਆਂ ਪਹਾੜ ਉਸੀ ਜਾਗਾ ਤੇ ਨਿੱਕਲ਼ਦਾ ਹੈ; ਉਥੇ ਦੀ ਅੰਬਾਰਤ ਕੁਛ ਪੱਥਰਾਂ ਦੀ ਹੈ, ਅਤੇ ਕੁਛ ਛੱਪਰਾਂ ਦੀ; ਅਤੇ ਖੇਤੀ ਮੀਂਹ ਨਾਲ਼ ਹੁੰਦੀ ਹੈ । ਉਹ ਦੇ ਉੱਤਰ ਦੇ ਰੁਕ ਸਹਿਰ ਦੇ ਲਾਗ ਹੀ ਇਕ ਪੱਥਰ ਦਾ ਕਿਲਾ ਅਗਲਿਆਂ ਰਾਜਿਆਂ ਦਾ ਬਣਾਇਆ ਹੋਇਆ ਹੈ, ਉਹ ਦੀ ਉੱਤਰ ਦੇ ਪਾਸੇ ਦੀ ਸਫੀਲ ਉਸ ਘਾਟੀ ਉਪੁਰ ਹੈ, ਜੋ ਦਰਿਆਉ ਰਾਵੀ ਦੇ ਵਿਚ ਹੈ । ਇਹ ਸਹਿਰ ਸਾਹਜਹਾਂ ਦੇ ਵਾਰੇ ਦਾ ਹੈ, ਅਤੇ ਮੁਲਖ ਮੁੱਢੋਂ ਲਾੜੇ ਨੂਰਪੁਰੀਏ ਰਾਜੇ ਦਾ ਸਾ; ਪਰ ਸਾਹਜਹਾਂ ਦੇ ਵਾਰੇ ਵਿਚ, ਰਾਜੇ ਰਾਜਰੂਪ ਦਾ ਭਾਈ ਭਾਗਸਿੰਘੁ, ਉਸ ਨਾਲ਼ ਗੁੱਸੇ ਹੋਕੇ ਦਿੱਲੀ ਨੂੰ ਚਲਾ ਗਿਆ, ਅਤੇ ਉਥੇ ਜਾਕੇ ਮੁਸਲਮਾਨ ਹੋ ਗਿਆ, ਅਤੇ ਪਾਤਸਾਹ ਨੈ ਉਹ ਦਾ ਨਾਉਂ ਮੁਰੀਦਖਾਂ ਧਰਕੇ, ਰਾਜਰੂਪ ਕੋਲੋਂ ਮੁਲਖ ਖੁਹੁਕੇ, ਉਹ ਨੂੰ ਬਖਸ ਦਿੱਤਾ, ਅਤੇ ਗੇਰਬੰਦ ਦੇ ਮੁਲਖ ਦੀ ਠਾਣੇਦਾਰੀ ਬੀ ਉਸੀ ਨੂੰ ਦੇ ਦਿੱਤੀ; ਬਲਕ ਤਿੰਮੋ ਤੀਕੁਰ ਸਾਰਾ ਮੁਲਖ ਉਸੇ ਨੂੰ ਜਗੀਰ ਵਿਚ ਮਿਲਿਆ, ਅਤੇ ਓਨ ਉਸ ਕਿਲੇ ਵਿਚੱ ਆਪਣੀ ਬੈਠਕ ਠਰਾਈ । ਜਾਂ ਮੁਰੀਦਖਾਂ ਮਰ ਗਿਆ, ਤਾਂ ਉਹ ਦੇ ਪਿੱਛੇ ਮ-

ਜੋਦਖਾਂ ਗੱਦੀ ਪੁਰ ਬੈਠਾ, ਅਤੇ ਉਸ ਤੇ ਪਿਛੇ ਵਹੀਦਖਾਂ ਨੂੰ, ਅਰ ਵਹੀਦਖਾਂ ਦੇ ਪਿਛੇ ਸਈਦਖਾਂ ਨੂੰ ਰਾਜ ਮਿਲਿਆ॥

ਜਾਂ ਮੁਸਲਮਾਨਾਂ ਦੀ ਪਾਤਸਾਹੀ ਇਸ ਮੁਲਖੋਂ ਦੂਰ ਹੋ ਗਈ, ਤਾਂ ਰਾਜੇ ਪਿਰਥੀਸਿੰਘੁ ਨੂਰਪੁਰੀਏ ਨੈ ਪੁਰਾਣਾ ਵੈਰ ਨਵਾਂ ਕਰਕੇ, ਸਈਦਖਾਂ ਕੋਲੋਂ ਲੜਕੇ ਮੁਲਖ ਲੈ ਲੀਤਾ, ਅਤੇ ਉਹ ਬਿਚਾਰਾ ਖੇਹ ਛਾਣਕੇ ਮਰ ਗਿਆ। ਹੁਣ ਉਹ ਦਾ ਪੁੱਤ ਸਲਾਬਤਖਾਂ ਮੁਜਾਫਰਪੁਰ ਵਿਚ ਰਹਿੰਦਾ ਹੈ, ਅਤੇ ਮਹਾਰਾਜੇ ਰਣਜੀਤਸਿੰਘੁ ਦੀ ਵਲੋਂ ਇਕ ਪਿੰਡ ਜਗੀਰ ਖਾਂਦਾ ਹੈ। ਅਤੇ ਸਾਹਪੁਰ ਦਾ ਹੋਰ ਸਾਰਾ ਮੁਲਖ, ਹੁਣ ਮਹਾਰਾਜੇ ਦੇ ਅਮਲ ਵਿਚ ਹੈ॥

Núrpur.

ਨੂਰਪੁਰ ਇਕ ਸਹਿਰ ਹੈ, ਜੋ ਪਹਾੜ ਦੀ ਚੋਟੀ ਪੁਰ, ਇਕ ਸੈਲ੍ਹ ਦੇ ਤੱਗ ਉਪੁਰ ਬਸਦਾ ਹੈ; ਉਸ ਸਹਿਰ ਦੀ ਅੰਬਾਰਤ ਸਰਬੱਤ ਪੱਥਰਾਂ ਦੀ ਹੈ, ਅਤੇ ਬਜਾਰ ਦੀਆਂ ਹੱਟਾਂ ਸਭ ਤਿੰਨਕੁ ਸੌ ਹੋਣਗੀਆਂ; ਪਰ ਕਾਰਖਾਨਦਾਰ ਹਰ ਤਰਾਂ ਦੇ ਉਥੇ ਬਸਦੇ ਹਨ। ਅਤੇ ਸੁਦਾਗਰ ਲੋਕ ਸਾਰੇ ਪਹਾੜ ਦੇ ਮਾਲ ਅਰ ਸੁਗਾਤਾਂ, ਚੰਬਿਓਂ, ਕਸਮੀਰੋਂ, ਲਦਾਖੋਂ, ਅਤੇ ਜਾਰਕੰਦੋਂ, ਇਸ ਸਹਿਰ ਵਿਚ ਲਿਆਉਂਦੇ ਹਨ, ਫੇਰ ਉਥੋਂ ਹੋਰਨਾਂ ਮੁਲਖਾਂ ਨੂੰ ਲੈ ਜਾਂਦੇ ਹਨ। ਅਤੇ ਇਹ ਸਹਿਰ ਰਾਜੇ ਪਿਰਥੀਸਿੰਘੁ ਦੇ ਵਾਰੇ ਬਹੁਤ ਹੀ ਅਬਾਦ ਸਾ। ਅਤੇ ਪਥਰੈਲੀ ਧਰਤੀ ਕਰਕੇ ਇਸ ਸਹਿਰ ਵਿਚ ਖੂਹੇ ਬਹੁਤ ਥੁਹੁੜੇ ਹਨ; ਇਸੇ ਲਈ ਲੋਕ ਕਿਲੇ ਹੇਠੋਂ ਬਾਉਲੀ ਵਿਚੋਂ ਪਾਣੀ ਭਰਕੇ ਪੀਂਦੇ ਹਨ, ਅਤੇ ਉਹ ਬਾਉਲੀ ਬਾਰਾਂ ਮਹੀਨੇ ਭਰੀ ਰਹਿੰਦੀ ਹੈ, ਕਦੇ ਉਸ ਵਿਚੋਂ ਪਾਣੀ ਨਹੀਂ ਸੁਕਦਾ॥

ਅਤੇ ਇਸ ਪਹਾੜ ਵਿਚ ਬਾਂਦਰ ਬਹੁਤ ਹਨ; ਬਲਕ ਉਨ੍ਹਾਂ ਦੀ ਬੁਤਾਇਤ ਦੇ ਕਾਰਨ ਸਹਿਰ ਦੇ ਲੋਕ ਬਹੁਤ ਔਖੇ ਰਹਿੰਦੇ ਹਨ; ਕਿੰਉਕਿ ਰੋਟੀ ਖਾਣ ਦੇ ਵੇਲੇ, ਜੇ ਆਦਮੀ ਕਮਾਲ ਜਾ

ਗੁਲੇਲ ਪਾਹ ਲੈਕੇ ਨਾ ਬੈਠੇ, ਤਾਂ ਖਾਣਾ ਦੁੱਭਰ ਕਰ ਦਿੰਦੇ ਹਨ। ਇਸ ਸਹਿਰ ਨੂੰ ਇਕ ਰਸਤੇ ਛੁੱਟ, ਹੋਰ ਕੋਈ ਦੂਜਾ ਰਾਹ ਨਹੀਂ, ਸੋ ਭੀ ਪੱਥਰ ਕੋਰਕੇ ਤਿੰਨ ਸੌ ਥੀਂ ਵਧੀਕ ਪੌੜੀਆਂ ਬਣਾਈਆਂ ਹੋਈਆਂ ਹਨ, ਜੋ ਘੋੜਾ ਟੱਟੂ, ਬੈਲ ਬਧਜਾ, ਅਤੇ ਊਠ ਆਂਠ ਸੁਖਾਲੇ ਲੰਘ ਜਾਣ। ਸਹਿਰੋਂ ਉੱਤਰ ਦੇ ਪਾਸੇ ਦੀ ਖੂੰਜ ਪੁਰ, ਇਕ ਵਡਾ ਡਾਢਾ ਅਤੇ ਉੱਚਾ ਪੱਥਰ ਦਾ ਕਿਲਾ ਪਿਆ ਹੋਇਆ ਹੈ, ਜੋ ਉਥੇ ਦੇ ਰਾਜਿਆਂ ਦੇ ਮਹਿਲ ਬੀ ਉਸੇ ਵਿਚ ਅੱਤ ਸੁੰਦਰ ਬਣੇ ਹੋਏ ਹਨ; ਅਤੇ ਸਹਿਰ ਦੀ ਘਾਟੀ ਤੇ ਨੀਹਣ ਬੀ ਬਸੋਂ ਹੈ, ਪਰ ਜੁਲਾਹਿਆਂ ਦੇ ਘਰ ਸਭ ਤੇ ਬਹੁਤ ਹਨ; ਅਤੇ ਗੱਡੀ ਓੜਕ ਉਸ ਜਾਗਾ ਤੀਕੁਰ ਜਾ ਸਕਦੀ ਹੈ। ਅਤੇ ਸਹਿਰੋਂ ਢਾਈਆਂ ਕੋਹਾਂ ਦੀ ਵਿੱਥ ਉੱਤੇ ਇਕ ਪੱਧਰ ਵਿਚ ਵਡਾ ਖੁੱਲਾ ਬਾਗ ਹੈ, ਜੋ ਹਰ ਭਾਂਤ ਦੇ ਫਲਹਾਰ ਉਸ ਵਿਖੇ ਲੱਗੇ ਹੋਏ, ਅਤੇ ਮਿੱਠ ਪਾਣੀ ਦੀਆਂ ਕੂਹਲਾਂ ਚੱਲ ਰਹੀਆਂ, ਅਤੇ ਸੁੰਦਰ ਬੈਠਕਾਂ ਅਰ ਅੰਬਾਰਤਾਂ ਬਣੀਆਂ ਹੋਈਆਂ ਹਨ॥

ਰਾਜੇ ਪਿਰਥੀਸਿੰਘੁ ਤੇ ਪਿੱਛੇ ਉਹ ਦਾ ਪੋਤਾ ਗੱਦੀ ਪੁਰ ਬੈਠਾ, ਅਤੇ ਕਈ ਬਰਸਾਂ ਰਾਜ ਕਰਕੇ, ਮਹਾਰਾਜੇ ਰਣਜੀਤਸਿੰਘੁ ਦੀ ਫੌਜ ਥੀਂ ਭਾਜ ਖਾਕੇ, ਸਤਲੁਜ ਦੇ ਇਸ ਪਾਰ ਬੈਠ ਰਿਹਾ ਹੈ, ਅਤੇ ਸਹਿਰ ਅਰ ਕਿਲਾ, ਬਲਕ ਸਾਰਾ ਮੁਲਖ ਮਹਾਰਾਜੇ ਰਣਜੀਤਸਿੰਘੁ ਦੇ ਹੇਠ ਆ ਗਿਆ। ਅਤੇ ਇਹ ਸਹਿਰ, ਉਨ੍ਹਾਂ ਦਿਨਾਂ ਦਾ ਨੂਰਜਹਾਂ ਬੇਗਮ ਦੇ ਨਾਉਂ ਪੁਰ ਬਸਾਇਆ ਹੋਇਆ ਹੈ, ਕਿ ਜਿਨ੍ਹੀਂ ਦਿਨੀਂ ਕੋਟਕਾਂਗੜੇ ਦੇ ਫਤਾ ਕਰਨ ਲਈ, ਸਾਹਜਹਾਂ ਪਾਤਸਾਹ ਨੈ ਆਪਣੀ ਫੌਜ ਘੱਲੀ ਸੀ, ਅਤੇ ਇਸ ਜਾਗਾ ਨੂੰ ਅਬਾਦ ਕਰਕੇ ਨੂਰਪੁਰ ਨਾਉਂ ਧਰਿਆ ਸੀ॥

## Kángrá.

ਕਾਂਗੜਾ ਸਵਾਲਕ ਦੇ ਪਹਾੜਾਂ ਵਿਚ ਇਕ ਸਹਿਰ ਹੈ, ਜੋ

ਕਦੀਮ ਤੇ ਅਬਾਦ, ਅਤੇ ਸਭਨਾਂ ਮੁਲਖਾਂ ਵਿਚ ਮਸਹੂਰ ਹੈ। ਉਸ ਸਹਿਰ ਦੀਆਂ ਅੰਬਾਰਤਾਂ ਸਭ ਪੱਥਰ ਦੀਆਂ ਬਣੀਆਂ ਹੋਈਆਂ, ਅਤੇ ਹਰ ਪਰਕਾਰ ਦੇ ਲੋਕ ਉਸ ਵਿਚ ਬਸਦੇ ਹਨ; ਪਰ ਦਿੱਲੀਵਾਲੇ ਪਾਤਸਾਹਾਂ ਦੇ ਸਮੇ ਵਿਚ ਵਡਾ ਅਬਾਦ ਸੀ, ਅਤੇ ਸੱਯਦ, ਮੁਗਲ, ਪਠਾਣ, ਉਥੇ ਆ ਬਸੇ ਸਨ; ਇਸ ਕਰਕੇ ਇਹ ਸਹਿਰ ਉਸ ਸਮੇ ਵਿਚ ਇਕ ਛੋਟੀ ਦਿੱਲੀ ਬਣ ਗਿਆ ਸੀ। ਅਤੇ ਇਕ ਅਚੰਭੇ ਦੀ ਗੱਲ ਇਹ ਹੈ, ਜੋ ਉਸ ਜਾਗਾ ਅਜਿਹੇ ਲੋਕ ਬੀ ਬਸਦੇ ਹਨ, ਜੋ ਵੱਢੇ ਹੋਏ ਨੱਕ ਨੂੰ ਫੇਰ ਲਾ ਦਿੰਦੇ ਹਨ; ਭਾਵੇਂ ਅਸਲੀ ਨੱਕ ਜਿਹਾ ਨਹੀਂ ਲਗਦਾ; ਪਰ ਤਾਂ ਭੀ ਅਜਿਹਾ ਲਾਉਂਦੇ ਹਨ, ਜੋ ਕੁਛ ਬਹੁਤਾ ਹੀ ਫਰਕ ਰਹਿ ਜਾਂਦਾ ਹੈ; ਨਕਟੇ ਲੋਕ ਦੂਰ ਦੂਰ ਤੇ ਉਥੇ ਜਾਂਦੇ ਹਨ, ਅਤੇ ਰੁਪਏ ਖਰਚਕੇ, ਨੱਕ ਲਵਾਕੇ ਫੇਰ ਆਪੋ ਆਪਣੇ ਠਿਕਾਣਿਆਂ ਨੂੰ ਚਲੇ ਜਾਂਦੇ ਹਨ। ਇਸ ਕੰਮ ਦੇ ਕਾਰੀਗਰ, ਇਸ ਸਹਿਰ ਛੁੱਟ ਹੋਰ ਸਾਰੀ ਹਿੰਦੁਸਥਾਨ ਵਿਚ ਕਿਧਰੇ ਹਨ ਨਹੀਂ; ਸੋ ਉਥੇ ਬੀ ਕੁਛ ਬਹੁਤੇ ਹੀ ਘਰ ਹਨ। ਇਸ ਸਹਿਰ ਨੂੰ ਕਦੀਮੀ ਕਤੇਬਾਂ ਵਿਚ ਨਗਰਕੋਟ ਕਰਕੇ ਲਿਖਦੇ ਹਨ; ਅਤੇ ਕਾਂਗੜਾ ਕਿਲੇ ਦਾ ਨਾਉਂ ਹੈ। ਇਸ ਜਿਲੇ ਵਿਚ ਗੰਨੇ ਬਹੁਤ ਚੰਗੇ ਹੁੰਦੇ ਹਨ, ਅਤੇ ਇਥੇ ਦਾ ਗੁੜ ਸਾਰੀ ਪੰਜਾਬ ਵਿਚ ਸੁਗਾਤ ਜਾਣਕੇ ਲੈ ਜਾਂਦੇ ਹਨ, ਅਤੇ ਚਾਉਲ ਤਾ ਬਹੁਤ ਹੀ ਤੇਢਾ ਹੁੰਦੇ ਹਨ, ਨਿੱਜ ਕਰਕੇ ਪਾਲਮ ਦੇ ਪਰਗਣੇ ਦੇ ਚਾਉਲ ਤਾ ਅਜਿਹੇ ਹੁੰਦੇ ਹਨ, ਜੋ ਮੁ-ਲਾਇਮੀ ਅਰ ਰੰਗ ਅਰ ਸਵਾਦ ਵਿਚ ਬਾੜੇ ਦੇ ਚਾਉਲਾਂ ਦੇ ਬਰੋਬਰ, ਅਤੇ ਸੁਗੰਧਤਾਈ ਵਿਚ ਵਧੀਕ ਹਨ॥

ਅਤੇ ਸਹਿਰੋਂ ਦੱਖਣ ਦੇ ਰੁਕ ਵਡਾ ਉੱਚਾ ਅਤੇ ਡਾਢਾ ਕਿਲਾ ਹੈ, ਜਿਹ ਨੂੰ ਕੋਟਕਾਂਗੜਾ ਕਰਕੇ ਆਖਦੇ ਹਨ; ਸਾਰੀ ਪੰਜਾਬ ਵਿਖੇ ਸਵਾਲਕ ਦੇ ਪਹਾੜਾਂ ਵਿਚ ਇਸ ਵਰਗਾ ਕਿਧਰੇ ਕੋਈ

ਕਿਲਾ ਹੈ ਨਹੀਂ। ਇਹ ਕਿਲਾ ਬਹੁਤ ਖੁੱਲਾ ਅਤੇ ਉੱਚਾ ਹੈ, ਅਤੇ ਇਹ ਦੇ ਅੰਦਰਵਾਰ ਵਡੇ ਵਡੇ ਚਸਮੇ ਸਦਾ ਜਾਰੀ ਹਨ, ਅਤੇ ਹੋਰ ਕਈ ਹੌਦ ਅਤੇ ਡੂੰਘੇ ਤਲਾਉ ਬੀ ਹਨ, ਪਰ ਉਨਾਂ ਸਭਨਾਂ ਵਿਚੋਂ ਇਕ ਤਲਾਉ ਬਹੁਤ ਹੀ ਡੂੰਘਾ ਹੈ, ਜੋ ਕਿਸੇ ਨੈ ਉਹ ਦੀ ਥਾਹ ਨਹੀਂ ਲਈ, ਉਸ ਵਿਚੋਂ ਸਦਾ ਪਾਣੀ ਨਿੱਕਲਦਾ ਰਹਿੰਦਾ ਹੈ। ਅਤੇ ਇਹ ਦੀਆਂ ਘੋਹਾਂ ਵਿਚ ਲੰਗੂਰ ਅਰ ਬਾਂਦਰ ਬਹੁਤ ਰਹਿੰਦੇ ਹਨ; ਅਤੇ ਜਦ ਕਦੇ ਏਹ ਆਪਸ ਵਿਚ ਲੜਾਈ ਕਰਦੇ ਹਨ, ਤਾਂ ਲੋਕ ਤਮਾਸਾ ਦੇਖਣ ਜਾਂਦੇ ਹਨ। ਅਤੇ ਕਿਲੇ ਦੇ ਅੰਦਰ ਕਈ ਠਾਕੁਰਦਵਾਰੇ ਅਤੇ ਬੁੱਤ ਬਣੇ ਹੋਏ ਹਨ, ਉਨਾਂ ਸਭਨਾਂ ਵਿਚੋਂ ਵਡੀ ਦੇਵੀ ਪਿੰਡੀ ਕਰਕੇ ਮਸਹੂਰ ਹੈ, ਜੋ ਉਹ ਦੇ ਦਰਸਨ ਅਤੇ ਪੂਜਾ ਲਈ ਹਿੰਦੂ ਲੋਕ ਦੂਰ ਦੂਰ ਤੇ ਆਉਂਦੇ ਹਨ। ਇਸ ਕਿਲੇ ਦੀ ਪਕਿਆਈ ਅਰ ਉਚਿਆਈ ਦੀ ਦੇਖਕੇ ਮਨੁਖ ਦੀ ਅਕਲ ਘਬਰਾ ਜਾਂਦੀ ਹੈ; ਪਰ ਉਸ ਦੇਸ ਦੇ ਲੋਕ ਅਜਿਹਾ ਸਮਝਦੇ ਹਨ, ਜੋ ਇਹ ਕਿਲਾ ਦੇਵਾਂ ਦਾ ਬਣਾਇਆ ਹੋਇਆ ਹੈ, ਅਤੇ ਕਿਲਾ ਪਹਾੜ ਦੇ ਸਿਰ ਪੁਰ ਹੈ, ਅਤੇ ਬਾਣਗੰਗਾ ਦੀ ਖੱਡ ਉਹ ਦੇ ਤਿੰਨੀਂ ਪਾਸੀਂ ਚਲਦੀ ਹੈ। ਜਾਣੀਦੀ ਉਹ ਖੱਡ ਉਸ ਕਿਲੇ ਦੀ ਖਾਈ ਦੀ ਜਾਗਾ ਹੈ। ਆਖਦੇ ਹਨ, ਜੋ ਅਗਲੇ ਸਮੇ ਵਿਚ ਇਸ ਕਿਲੇ ਦਾ ਦਰਵੱਜਾ ਕੁਛ ਪੱਥਰ ਜਿਹਾ ਸਾ; ਪਰ ਉੱਚਾ ਐਡਾ ਸੀ, ਜੋ ਕਮੰਦ ਪਾਏ ਬਿਨਾ ਉਸ ਪੁਰ ਚੜ ਨਹੀਂ ਸੱਕੀਦਾ ਸਾ। ਅਤੇ ਖੁਲਾਸਤੁਲਤਬਾਰੀਖ ਦੇ ਲਿਖੇ ਅਨੁਸਾਰ, ਇਸ ਕਿਲੇ ਦਾ ਗਿਰਦਾ, ਇਕ ਕੋਹ ਪੰਦਰਾਂ ਰੱਸਿਆਂ ਦਾ ਹੈ, ਅਤੇ ਲੰਬਾਉ ਪਾਉ ਕੋਹ ਅਤੇ ਦੋਹੁੰ ਰੱਸਿਆਂ ਦਾ, ਅਤੇ ਚੁੜਾਉ ਬਾਹਣਿਆਂ ਰੱਸਿਆਂ ਦਾ, ਅਤੇ ਉਚਾਣ ਇਕ ਸੌ ਚਾਰ ਹੱਥ ਦਾ ਹੈ, ਅਤੇ ਤੇਈ ਬੁਰਜ ਅਰ ਸੱਤ ਦਰਵੱਜੇ ਹਨ; ਅਤੇ ਇਹ ਕਿਲਾ ਹਿੰਦੂਆਂ ਰਾਜਿਆਂ ਦੇ

ਹੇਠ ਹੀ ਰਹਿੰਦਾ ਰਿਹਾ ਹੈ। ਆਖਦੇ ਹਨ, ਜੋ ਇਹ ਕਿਲਾ ਅਜਿਹਾ ਔਖਾ ਹੈ, ਕਿ ਪੀਹੜ੍ਹੀਓਂ-ਪੀਹੜ੍ਹੀ ਇਕ ਹੀ ਦੇ ਪਾਸ ਰਿਹਾ ਹੈ; ਅਜਿਹਾ ਨਹੀਂ ਹੋਇਆ, ਜੋ ਕਦੇ ਇਸ ਪਾਸ, ਕਦੇ ਉਸ ਪਾਸ ਜਾਵੇ। ਕਈਆਂ ਪੀਹੜ੍ਹੀਆਂ ਤੇ ਲਾਕੇ ਇਹ ਕਿਲਾ ਕਟੋਚਾਂ ਹੀ ਪਾਹ ਚਲਾ ਆਇਆ। ਅਤੇ ਜਦ ਤੇ ਲਾਕੇ ਹਿੰਦ ਵਿਚ ਮੁਸਲਮਾਨਾਂ ਦਾ ਰਾਜ ਹੋਇਆ, ਦਿੱਲੀ ਦੇ ਪਾਤਸਾਹਾਂ ਵਿਚੋਂ ਕਿਨੇ ਇਹ ਕਿਲਾ ਮਾਰਕੇ ਨਾ ਲਿਆ; ਨਿਰਾ ਸੁਲਤਾਨ ਮਮੂਦ ਗਜਨਬੀ ਦੀ ਫੌਜ ਨੈ ਠਾਕੁਰਦਵਾਰੇ ਢਾਹ ਢੂਹਕੇ ਇਸ ਮੁਲਖ ਨੂੰ ਲੁੱਟਿਆ ਸੀ; ਤਬਾਰੀਖ ਫਰਿਸਤੇ ਵਿਚ ਇਸੀ ਤਰਾਂ ਲਿਖਿਆ ਹੋਇਆ ਹੈ। ਅਤੇ ਸੁਲਤਾਨ ਫਰੋਜ-ਸਾਹ ਕਈ ਚਿਰ ਮੋਰਚੇ ਲਾਕੇ, ਓੜਕ ਨੂੰ ਸੁਲਾ ਕਰਕੇ ਮੁੜ ਗਿਆ, ਅਤੇ ਜਾਂਦਾ ਹੋਇਆ ਜਵਾਲਾਮੁਖੀ ਦੇ ਗਿਰਦੇ ਠਾਕੁਰ-ਦਵਾਰੇ ਅਰ ਬੁਤ ਭੰਨ ਤੋੜਕੇ ਦਿੱਲੀ ਜਾ ਵੜਿਆ। ਇਸੀ ਤਰਾਂ ਅਕਬਰ ਪਾਤਸਾਹ ਨੈ ਬੀ ਕਈ ਬਾਰ ਫੌਜ ਭੇਜੀ, ਪਰ ਝਖ ਮਾਰਕੇ ਐਵੇਂ ਮੁੜ ਜਾਂਦੀ ਰਹੀ। ਜਾਂ ਅਕਬਰ ਪਾਤਸਾਹ ਦੇ ਪੁੱਤ ਜਹਾਂਗੀਰ ਨੂੰ, ਤਖਤ ਪੁਰ ਬੈਠੇ ਤੇਰਾਂ ਬਰਸਾਂ ਹੋ-ਈਆਂ, ਤਾਂ ਉਹ ਦੇ ਮਨ ਵਿਚ ਬੀ ਕਾਂਗੜੇ ਦੇ ਲੈਲ ਦਾ ਲਾ-ਲਚ ਦੌੜਿਆ; ਤਦ ਓਨ ਸੇਖ ਫਰੀਦ ਮੁਰਤਜਾਖਾਂ ਅਤੇ ਰਾਜੇ ਸੂਰਜਮੱਲ ਨੂੰ ਹੁਕਮ ਦਿੱਤਾ, ਕਿ ਜਾਓ, ਕੋਟਕਾਂਗੜੇ ਨੂੰ ਸਰ ਕਰੋ। ਜਾਂ ਓਹ ਦੋਵੇਂ ਪਹਾੜ ਦੇ ਨੇੜੇ ਪਹੁੰਚੇ, ਤਾਂ ਰਾਜੇ ਅਰ ਸੇਖ ਦੀ ਕੁਛ ਅਲਬਲਤ ਹੋ ਗਈ, ਅਤੇ ਸੇਖ ਮਰ ਗਿਆ, ਅਤੇ ਰਾਜਾ ਦਿੱਲੀ ਨੂੰ ਮੁੜ ਗਿਆ, ਅਤੇ ਕਾਂਗੜੇ ਦੀ ਮੁਹਿੰਮ ਮਕੂਫ ਰਹੀ। ਜਾਂ ਰਾਜਾ ਦਿੱਲੀ ਆਇਆ, ਤਾਂ ਪਾਤਸਾਹ ਰਾਜੇ ਪੁਰ ਬਹੁਤ ਗੁੱਸੇ ਹੋਇਆ; ਫੇਰ ਉਹ ਨੂੰ ਸਜਾਦੇ ਸਾਹਜਹਾਂ ਨਾਲ ਦੱਖਲ ਦੀ ਮੁਹਿੰਮ ਨੂੰ ਘੱਲ ਦਿੱਤਾ; ਜਾਂ ਉਹ ਉਸ ਮੁਹਿੰਮ

ਨੂੰ ਸਰ ਕਰਕੇ ਆਇਆ, ਤਾਂ ਫੇਰ ਕਾਂਗੜੇ ਦੀ ਮੁਹਿੰਮ ਪੁਰ ਘੱਲਿਆ, ਅਤੇ ਮੁਹੰਮਦਨਕੀ ਸਜਾਦੇ ਦਾ ਬੱਖਸੀ, ਨਾਲ਼ ਕਰ ਦਿੱਤਾ, ਅਤੇ ਰਾਜੇ ਨੈ ਆਪਣੀ ਕਦੀਮੀ ਲਤ ਅਨੁਸਾਰ ਉਸ ਨਾਲ਼ ਬੀ ਵੈਰ ਸਹੇੜ ਲਿਆ। ਪਾਤਸਾਹ ਨੈ ਇਸ ਗੱਲ ਦੀ ਖਬਰ ਪਾਕੇ, ਬਖਸੀ ਨੂੰ ਆਪਣੇ ਕੋਲ਼ ਬੁਲਾ ਲਿਆ, ਅਤੇ ਉਹ ਦੇ ਬਦਲੇ ਰਾਜੇ ਬਿੱਕਰਮਾਜੀਤ ਨੂੰ, ਜੋ ਪਾਤਸਾਹੀ ਅਮਲੇ ਦਾ ਸੀ, ਸੂਰਜਮੱਲ ਦੇ ਸਿੱਧਾ ਕਰਨ, ਅਰ ਕਾਂਗੜੇ ਦੇ ਸਰ ਕਰਨ ਲਈ ਘੱਲਿਆ। ਜਾਂ ਸੂਰਜਮੱਲ ਨੈ ਇਹ ਵਿਥਿਆ ਸੁਣੀ, ਤਾਂ ਉਹ ਅਗੇ ਹੀ ਆਕੀ ਹੋ ਬੈਠਾ, ਅਤੇ ਸਜਾਦੇ ਦੀ ਫੌਜ ਨਾਲ਼ ਲੜਕੇ, ਸੈਦ ਸਫੀ ਨੂੰ ਉਹ ਦੇ ਭਾਈਆਂ ਸਣੇ ਜਾਨੋਂ ਮਾਰ ਸਿੱਟਿਆ, ਅਤੇ ਪਹਾੜਤਲੀ ਦੇ ਪਰਗਣੇ, ਬਟਾਲੇ ਅਤੇ ਕਲਾਨੌਰ ਤੀਕੁਰ ਲੁੱਟਣੇ ਸੁਰੂ ਕੀਤੇ। ਜਾਂ ਬਿੱਕਰਮਾਜੀਤ ਪਾਤਸਾਹੀ ਫੌਜ ਲੈਕੇ ਪਹੁੰਚਿਆ, ਤਾਂ ਸੂਰਜਮੱਲ ਭੱਜਕੇ ਪਹਾੜੀਂ ਜਾ ਵੜਿਆ; ਇਹ ਜਾਣਕੇ, ਜੋ ਇਥੋਂ ਕੋਈ ਮੈ ਨੂੰ ਫੜ ਨਾ ਸਕੇਗਾ। ਤਿਸ ਪਿਛੇ ਪਾਤਸਾਹ ਦੀ ਵਲੋਂ, ਬਾਰਾਂ ਹਜਾਰੀ ਦਾ ਮਨਸਬ, ਅਤੇ ਰਾਜਗੀ ਦਾ ਖਤਾਬ, ਅਤੇ ਉਹ ਦੇ ਬਾਪਦਾਦੇ ਦਾ ਮੁਲਖ, ਉਹ ਦੇ ਛੋਟੇ ਭਰਾਉ ਜਗਤਸਿੰਘੁ ਨੂੰ ਮਿਲ਼ ਗਿਆ। ਅਤੇ ਉਨ੍ਹਾਂ ਹੀ ਦਿਨਾਂ ਵਿਚ, ਪਾਤਸਾਹ ਦੇ ਹੁਕਮ ਨਾਲ਼, ਨੂਰਜਹਾਂ ਬੇਗਮ ਦੇ ਨਾਉਂ ਪੁਰ ਨੂਰਪੁਰ ਸਹਿਰ ਬਸਾਇਆ ਗਿਆ, ਅਤੇ ਰਾਜਾ ਜਗਤਸਿੰਘੁ ਬਿੱਕਰਮਾਜੀਤ ਦੇ ਸੰਗ ਕੋਟਕਾਂਗੜੇ ਨੂੰ ਤੋਰਿਆ ਗਿਆ। ਅਤੇ ਬਿੱਕਰਮਾਜੀਤ ਨੈ ਕਿਲੇ ਦੇ ਸਰ ਕਰਨੇ ਵਿਚ ਬਹੁਤ ਹੀ ਕੋਸਸ ਕੀਤੀ; ਇਸ ਤਰਾਂ ਨਾਲ਼, ਜੋ ਤਿਨ੍ਹਾਂ ਦੀ ਰਸਤ ਦੇ ਆਉਣੇ ਜਾਣੇ ਦਾ ਰਸਤਾ ਬੰਦ ਕਰ ਦਿੱਤਾ, ਅਤੇ ਅੰਦਰਲੇ ਬਹੁਤ ਔਖੇ ਹੋ ਗਏ, ਅਤੇ ਪਰਮੇਸੁਰ ਦੀ ਸਹਾਇਤਾ ਨਾਲ਼, ਤਿਨ੍ਹਾਂ ਦੇ ਅੰਨ ਜਲ

ਵਿਚ ਕੀੜੇ ਪੈ ਗਏ। ਅਤੇ ਰਾਜੇ ਤ੍ਰਲੋਕਚੰਦ ਦੀ ਫੌਜ, ਜੋ ਕਿਲੇ ਦੇ ਅੰਦਰ ਸੀ, ਕਈ ਦਿਨ ਰੁਖ ਭਰੂਹ ਭਰੂਹਕੇ ਖਾਂਦੀ ਰਹੀ; ਓੜਕ ਨੂੰ, ਜਾਂ ਭੁਖ ਦੀ ਮਾਰੀ ਮਰਨ ਲੱਗੀ, ਤਾਂ ਰਾਜੇ ਨੈ ਲਚਾਰ ਹੋਕੇ ਕਿਲੇ ਦੀਆਂ ਕੁੰਜੀਆਂ ਬਿੱਕਰਮਾਜੀਤ ਕੋਲ਼ ਘੱਲ ਦਿੱਤੀਆਂ, ਅਤੇ ਕਿਲਿਓਂ ਬਾਹਰ ਨਿੱਕਲ਼ਕੇ, ਜਗਤਸਿੰਘੁ ਦੇ ਰਾਹੀਂ ਬਿੱਕਰਮਾਜੀਤ ਨੂੰ ਆ ਮਿਲ਼ਿਆ। ਅਤੇ ਉਹ ਕਿਲਾ, ਦਹਿਆਂ ਦੀ ਪਹਿਲੀ ਤਰੀਕੇ, ਸਨ ੧੫ ਪਾਤਸਾਹੀ, ਅਤੇ ੧੦੩੧ ਹਿਜਰੀ ਵਿਖੇ, ਛਨਿੱਛਰਵਾਰ ਦੇ ਦਿਨ, ਫਤੇ ਹੋ ਗਿਆ। ਅਤੇ ਜਹਾਂਗੀਰ ਇਹ ਖਬਰ ਸੁਣਕੇ ਬਹੁਤ ਪਰਸਿੰਨ ਹੋਇਆ, ਅਤੇ ਕਿਲੇ ਦੇ ਦੇਖਣ ਲਈ ਆਇਆ, ਅਤੇ ਲੋਹੇ ਦਾ ਵਡਾ ਦਰਵੱਜਾ ਉਸ ਕਿਲੇ ਉਪੁਰ ਝੜਾਇਆ, ਅਤੇ ਇਕ ਮਸੀਤ ਪੱਕੀ ਬਣਵਾਈ, ਅਤੇ ਬੁਤਾਂ ਅਰ ਠਾਕੁਰਦਵਾਰਿਆਂ ਨੂੰ ਖਰਾਬ ਕਰਕੇ, ਪਹਾੜਾਂ ਦਾ ਸੈਲ ਅਰ ਸਕਾਰ ਕਰਦਾ, ਉਸੀ ਰਸਤੇ ਕਸਮੀਰ ਨੂੰ ਚਲਾ ਗਿਆ। ਜਿਸ ਦਿਨ ਤੇ ਇਹ ਕਿਲਾ ਦਿ-ਲੀਵਾਲ਼ੇ ਪਾਤਸਾਹਾਂ ਦੇ ਅਮਲ ਵਿਚ ਆਇਆ, ਉਸ ਦਿਨ ਤੇ ਲੈਕੇ ਸਾਰੇ ਪਹਾੜ ਦੇ ਜਿਮੀਦਾਰ ਅਰ ਰਾਜੇ ਬਾਬੂ, ਉਨ੍ਹਾਂ ਦੇ ਆਗਿਆਕਾਰ ਅਤੇ ਹਾਂਸਲ ਭਰਨਵਾਲ਼ੇ ਬਣ ਗਏ। ਇਸ ਕਿਲੇ ਪੁਰ ਸਦਾ ਦਿੱਲੀ ਤੇ ਹਾਕਮ ਆਉਂਦਾ; ਲਹੌਰ ਦੇ ਸੂਬੇ-ਦਾਰ ਦਾ ਕਦੇ ਤਾਬੇਦਾਰ ਨਹੀਂ ਹੁੰਦਾ ਸੀ; ਸਾਰੇ ਪਹਾੜ ਦੇ ਰਾ-ਜੇ ਉਹ ਦੇ ਸਲਾਮ ਨੂੰ ਆਇਆ ਕਰਦੇ ਸੇ; ਅਤੇ ਇਹ ਗੱਲ ਸੈਫਲੀਖਾਂ ਦੀ ਠਾਣੇਦਾਰੀ ਤੀਕੁਰ ਰਹੀ। ਅਤੇ ਇਹ ਸੈਫ-ਲੀਖਾਂ ਵਡਾ ਸੂਰਮਾ, ਅਤੇ ਘੋੜੇ ਚੜ੍ਹਨ ਦੀ ਬਿੱਦਿਆ ਵਿਚ ਅੱਤ ਨਾਮੀ, ਅਤੇ ਸਪਾਹਪੁਣੇ ਦਾ ਹੁਨਰ ਬੀ ਚੰਗਾ ਜਾਣਦਾ ਸਾ, ਅਤੇ ਦਰਬਾਰ ਖਾਸ ਦੇ ਪਾਹਰੂਆਂ ਵਿਚ ਨੌਕਰ ਸੀ॥

ਇਕ ਦਿਹਾੜੇ ਪਾਤਸਾਹ ਦੇ ਕੋਕੇ ਨੈ ਸਰਾਬ ਪੀਕੇ ਸੈਫਲੀ-

ਖਾਂ ਦੇ ਭਾਲਜੇ ਨੂੰ ਮਾਰ ਸਿੱਟਿਆ, ਅਤੇ ਉਸੀ ਤਰ੍ਹਾਂ ਲਹੂ ਭਰੇ ਨੇਜ਼ੇ ਸਣੇ ਪਾਤਸਾਹੀ ਮਹਿਲ ਨੂੰ ਚਲਿਆ। ਅਤੇ ਸੈਫਲੀਖਾਂ ਇਹ ਖਬਰ ਸੁਣਕੇ ਅੱਗੇ ਹੀ ਘੋੜੇ ਪੁਰ ਚੜ੍ਹਕੇ ਤਿਸ ਦਾ ਰਾਹ ਦੇਖ ਰਿਹਾ ਸੀ; ਜਿਹਾ ਹੀ ਕੋਕਾ ਕਿਲੇ ਦੇ ਅੰਦਰ ਘੁਸਿਆ, ਤਿਹਾ ਹੀ ਇਸ ਨੈ ਤਰਵਾਰ ਸੂਤਕੇ ਉਹ ਦੇ ਪਿਛੇ ਘੋੜਾ ਸਿੱਟਿਆ, ਅਤੇ ਦਰਬਾਰ ਆਮ ਦੇ ਵਿਚ ਪਾਤਸਾਹ ਦੇ ਸਾਹਮਣੇ ਦੋ ਟੁਕੜੇ ਕਰ ਦਿਤਾ, ਅਤੇ ਛੇਤੀ ਨਾਲ ਉਹ ਦਾ ਸਿਰ ਕੱਟਕੇ ਹੰਨੇ ਨਾਲ ਲਟਕਾ ਲਿਆ, ਅਤੇ ਘੋੜਾ ਦੁੜਾਕੇ ਦਰਬਾਰ ਤੇਂ ਬਾਹਰ ਨਿੱਕਲ ਗਿਆ। ਮੁਹੰਮਦਸਾਹ ਉਹ ਦੀ ਸੂਰਮਗਤੀ ਅਤੇ ਚਲਾਕੀ ਦੇਖਕੇ ਦੰਗ ਹੋ ਗਿਆ, ਅਤੇ ਦਰਬਾਰ ਵਿਚੋਂ ਉਠ ਖੜਾ ਹੋਇਆ, ਅਤੇ ਸਪਾਹ ਨੂੰ ਹੁਕਮ ਦਿੱਤਾ, ਜੋ ਸੈਫਲੀਖਾਂ ਨੂੰ ਪਕੜ ਲਿਆਓ। ਅਤੇ ਉੱਧਰ ਸੈਫਲੀਖਾਂ ਆਪਣੇ ਜਾਰਾਂ ਮਿਤ੍ਰਾਂ ਅਤੇ ਨੌਕਰਾਂ ਚਾਕਰਾਂ ਨੂੰ ਸੰਗ ਲੈਕੇ, ਆਪਣੀ ਹਵੇਲੀ ਵਿਚ ਆਕੀ ਹੋ ਬੈਠਾ, ਅਤੇ ਲੜਾਈ ਪੁਰ ਲੱਕ ਬੰਨ ਲੀਤਾ; ਪਰ ਜਾਂ ਪਾਤਸਾਹ ਨੂੰ ਮਲੂਮ ਹੋਇਆ, ਜੋ ਸੈਫਲੀਖਾਂ ਬੇਦੋਸ ਹੈ, ਤਾਂ ਪਾਤਸਾਹ ਨੈ ਉਹ ਦੀ ਜਾਨ ਬਖਸੀ; ਅਪਰ ਆਪਣੇ ਮਨ ਵਿਚ ਜਾਣ ਲਿਆ, ਜੋ ਇਹ ਆਦਮੀ ਨਿਡਰ ਅਤੇ ਸੂਰਮਾ ਹੈ, ਦਰਬਾਰ ਦੇ ਲਾਇਕ ਨਹੀਂ ਹੈ; ਇਸ ਕਰਕੇ ਇਸ ਨੂੰ ਕਿਸੀ ਔਖੀ ਜਾਗਾ ਭੇਜਿਆ ਚਾਹਜੇ; ਉਸ ਦਿਨ ਤੇ ਸੈਫਲੀਖਾਂ ਨੂੰ ਕੋਟਕਾਂਗੜੇ ਦੀ ਠਾਣੇਦਾਰੀ ਲੱਭ ਗਈ। ਆਖਦੇ ਹਨ, ਜੋ ਇਹ ਸੈਫਲੀਖਾਂ ਫਕੀਰਾਂ ਲੋਕਾਂ ਅੱਗੇ ਬਹੁਤ ਰੁਜੂ ਸਾ, ਅਤੇ ਇਨ੍ਹਾਂ ਲੋਕਾਂ ਦੀ ਵਡੀ ਟਹਿਲ ਕਰਿਆ ਕਰਦਾ ਸੀ; ਇਕ ਦਿਹਾੜੇ ਅਜਿਹਾ ਹੋਇਆ, ਜੋ ਦੁਪਹਿਰ ਦੇ ਵੇਲੇ ਦਰਬਾਰੋਂ ਮੁੜਕੇ ਘਰ ਨੂੰ ਜਾਂਦਾ ਸੀ, ਅਚਾਣਕ ਇਕ ਫਕੀਰ ਸਿਰੋਂ ਪੈਰੋਂ ਨੰਗਾ ਵਡੀ ਧੁੱਪ ਵਿਚ ਸੁਆਹ ਪੁਰ ਸੁੱਤਾ ਪਿਆ ਨਜਰੀ ਆ ਗਿ-

ਆ; ਉਹ ਉਸੀ ਵੇਲੇ ਘੋੜੇ ਤੇ ਉੱਤਰਕੇ, ਫਕੀਰ ਦੇ ਸਿਰ ਪੁਰ ਆਪਣੀ ਚਾਦਰ ਦੀ ਛਾਉਂ ਕਰਕੇ, ਚਿਰ ਤੀਕੁਰ ਖੜਾ ਹੋ ਰਿਹਾ; ਜਾਂ ਫਕੀਰ ਨੈ ਅੱਖ ਪੱਟੀ, ਤਾਂ ਇਸ ਦੀ ਵਲ ਡਿੱਠਾ, ਅਤੇ ਕਾਗਤ ਅਰ ਕਲਮ ਦੀ ਮੰਨਤ ਕੀਤੀ; ਸੈਫਲੀਖਾਂ ਨੈਂ ਤਾਬੜਤੋੜ ਕਲਮ ਅਰ ਕਾਗਤ ਫਕੀਰ ਦੇ ਅੱਗੇ ਧਰ ਦਿੱਤਾ, ਅਤੇ ਫਕੀਰ ਨੈ ਇਹ ਹੁਕਮ ਲਿਖਿਆ, ਜੋ "ਕੋਟਕਾਂਗੜੇ ਦੇ, ਹੁਣ ਦੇ ਅਤੇ ਅਗਲੇ ਹਾਕਮ ਮਲੂਮ ਕਰਨ, ਜੋ ਕੋਟਕਾਂਗੜੇ ਦੀ ਠਾਣੇਦਾਰੀ ਸਾਰੀ ਉਮਰ ਤੀਕੁਰ ਸੈਫਲੀਖਾਂ ਨੂੰ ਸੌਂਪੀਂ ਗਈ; ਚਾਹੀਦਾ ਹੈ, ਜੋ ਉਸ ਨੂੰ ਉਹ ਦੀ ਉਮਰ ਭਰ ਤੀਕੁਰ ਉਥੇ ਦਾ ਹਾਕਮ ਜਾਣੇਗੇ"। ਅਤੇ ਉਹ ਕਾਗਤ ਸੈਫਲੀਖਾਂ ਦੇ ਹੱਥ ਫੜਾ ਦਿੱਤਾ, ਅਤੇ ਆਪ ਫੇਰ ਉਸੀ ਤਰਾਂ ਲੰਬੇ ਪੈਕੇ, ਅੱਖਾਂ ਮੀਟ ਲਈਆਂ। ਇਸ ਲਿਖੇ ਤੇ ਥੁਹੜੇ ਚਿਰ ਪਿੱਛੋਂ, ਸੈਫਲੀਖਾਂ ਕਾਂਗੜੇ ਦਾ ਹਾਕਮ ਹੋ ਗਿਆ, ਅਤੇ ਚਾਲ੍ਹੀ ਬਰਸ ਕਾਂਗੜੇ ਦੇ ਜਿਲੇ ਦਾ ਰਾਜ ਕਰਦਾ ਰਿਹਾ। ਅਤੇ ਜਾਂ ਦਿੱਲੀ ਦੀ ਪਾਤਸਾਹੀ ਵਿਚ ਰਾਜ ਰੌਲਾ ਪੈ ਗਿਆ, ਤਾਂ ਸੈਫਲੀਖਾਂ ਕੁਲਕੁਲਾਂ ਆਪੇ ਆਪ ਮੁਖਤਿਆਰ ਹੋ ਬੈਠਾ; ਪਰ ਲਹੌਰ ਦੇ ਸੂਬੇਦਾਰ, ਅਰਥਾਤ ਅਦੀਨਾਬੇਗਖਾਂ ਦੀ, ਕੁਛ ਤਾਬੇਦਾਰੀ ਕਰ ਛਡਦਾ ਸੀ॥

ਪਰੰਤੁ ਜਾਂ ਸਿੱਖਾਂ ਨੈ ਸਿਰ ਚੱਕਿਆ, ਅਤੇ ਪਹਾੜੀ ਰਾਜਿਆਂ ਨੈ ਬੀ ਚਾਹਿਆ, ਜੋ ਮੁਲਖ ਘੇਰ ਲੱਜੇ, ਤਾਂ ਰਾਜਾ ਟੇਕਚੰਦ ਕਟੋਚ, ਕਾਂਗੜੇ ਦੇ ਸਰ ਕਰਨ ਦੇ ਆਹਰ ਵਿਚ ਹੋਇਆ। ਉਨੀਂ ਦਿਨੀਂ ਸੈਫਲੀਖਾਂ ਬਹੁਤ ਬੁੱਢਾ ਅਤੇ ਬਲਹੀਣ ਹੋ ਗਿਆ ਹੋਇਆ ਸੀ; ਬਲਕ ਕੰਮਕਾਜ ਤੇ ਬੀ ਰਹਿ ਚੁੱਕਾ ਹੋਇਆ ਸਾ। ਅਤੇ ਮਿਰਜ਼ਾ ਜੀਉਲ ਉਹ ਦਾ ਪੁੱਤ੍ਰ ਨਾਲਾਇਕ ਅਤੇ ਲੁੱਚਾ ਸੀ; ਉਸ ਨੈ ਕੰਜਰੀਆਂ, ਡੂਮਾਂ, ਭਗਤੀਆਂ, ਅਤੇ ਮਸਕਰਿਆਂ ਦੇ ਮੂਹੁੰ, ਪਿਉ ਦੀ ਸਾਰੀ ਦੌਲਤ ਅਗੇ ਹੀ ਉਡਾ ਪੁਡਾ

ਛਡੋ ਸੀ; ਅਤੇ ਕਿਲੇ ਦੇ ਪੂਰਬੀਏ, ਜੋ ਹਜਾਰੀ, ਕਰਕੇ ਮਸ਼ਹੂਰ ਹਨ, ਸਭਨਾਂ ਕੰਮਾਂ ਵਿਚ ਕਾਬੂ ਪਾ ਗਏ ਹੋਏ ਸਨ; ਤਦ ਰਾਜੇ ਟੇਕਚੰਦ ਨੈ ਹੋਰਨਾਂ ਰਾਜਿਆਂ ਨਾਲ਼ ਕੱਠ ਕਰਕੇ ਕਿਲੇ ਦੇ ਗਿਰਦੇ ਘੇਰਾ ਆ ਪਾਇਆ । ਥੁਹੁੜੇ ਚਿਰ ਪਿਛੇ ਸੈਫਲੀਖਾਂ ਮਰ ਗਿਆ, ਅਤੇ ਅੰਦਰਲੇ ਤੰਗ ਹੋ ਗਏ, ਅਤੇ ਉਸੇ ਦਿਨ ਕਿਲਾ ਛੁਟ ਗਿਆ, ਅਤੇ ਮਿਰਜਾ ਜੀਉਲ ਆਪਣੇ ਬਾਲ ਬੱਚੇ ਨੂੰ ਲੈਕੇ, ਬਾਹਰ ਨਿਕਲਿ ਆਇਆ, ਅਤੇ ਖੇਹਖੁਆਰੀ ਨਾਲ਼ ਦਿਨ ਕਟਦਾ ਰਿਹਾ ॥

ਉਪਰੰਦ ਕਟੋਚਾਂ ਕੋਲੋਂ ਇਹ ਕਿਲਾ ਫੇਰ ਜੈ ਸਿੰਘੁ ਕਨ੍ਹਈਏ ਨੈ ਲੈ ਲਿਆ, ਅਤੇ ਫਕੀਰਾਂ ਦਿਆਂ ਕੋਸਲਿਆਂ ਨਾਲ਼, ਜਾਂ ਮੁਲਖ ਇਨ੍ਹਾਂ ਦੇ ਹਥੋਂ ਜਾਂਦਾ ਲਗਾ, ਤਾਂ ਰਾਜੇ ਸੰਸਾਰਚੰਦ ਕਟੋਚ ਨੈ, ਜੋ ਟੇਕਚੰਦ ਦਾ ਪੁੱਤ ਸੀ, ਫੇਰ ਉਹ ਕਿਲਾ ਲੈ ਲੀਤਾ; ਫੇਰ ਬੀਹਾਂ ਬਰਸਾਂ ਪਿਛੋਂ ਇਹ ਕਿਲਾ ਉਹ ਦੇ ਹਥੋਂ ਖੁੱਸ ਗਿਆ । ਅਤੇ ਇਸ ਕਿਲੇ ਦਾ ਸੰਸਾਰਚੰਦ ਦੇ ਹਥੋਂ ਖੁੱਸ ਜਾਣਾ ਇਸ ਤਰਾਂ ਨਾਲ਼ ਹੋਇਆ, ਜੋ ਸਨ ੧੨੨੦ ਹਿਜਰੀ ਵਿਚ, ਰਾਜਾ ਅਮਰਸਿੰਘੁ ਨਪਾਲ਼ੀਆ ਗੋਰਖੀਆਂ ਦੀ ਫੌਜ ਨਾਲ਼ ਇਸ ਪਹਾੜ ਪੁਰ ਚੜ੍ਹਿ ਆਇਆ, ਅਤੇ ਆਉਂਦੇ ਹੀ ਕੋਟਕਾਂਗੜੇ ਨੂੰ ਮੋਰਚੇ ਲਾ ਦਿਤੇ । ਜਾਂ ਮੋਰਚਿਆਂ ਲੱਗਿਆਂ ਨੂੰ ਚਾਰ ਬਰਸਾਂ ਬੀਤ ਚੁਕੀਆਂ, ਤਾਂ ਰਾਜੇ ਸੰਸਾਰਚੰਦ ਨੈ ਜਾਤਾ, ਜੋ ਮੈਂ ਇਨ੍ਹਾਂ ਗੋਰਖੀਆਂ ਨਾਲ਼ ਲੜਾਈ ਵਿਚ ਪੂਰਾ ਨਹੀਂ ਉੱਤਰਾਂਗਾ, ਸਗੋਂ ਕਿਲਾ ਮੁਫਤ ਹਥੋਂ ਗਵਾ ਬੈਠਾਂਗਾ; ਇਸ ਥੀਂ ਇਹੀ ਅੱਛਾ ਹੈ, ਜੋ ਆਪਣੇ ਮੁਸਾਹਬਾਂ ਨੂੰ ਸੱਦਕੇ, ਇਸ ਗੱਲ ਦਾ ਕੁਛ ਬਾਨ੍ਹਣੂ ਬੰਨ੍ਹਾਂ; ਦੇਖਜੇ, ਓਹ ਕੀ ਸਲਾਹ ਦਿੰਦੇ ਹਨ; ਤਦ ਰਾਜੇ ਸੰਸਾਰਚੰਦ ਨੈ ਆਪਣੇ ਮੁਸਾਹਬਾਂ ਨੂੰ ਬੁਲਾਕੇ ਕਿਹਾ, ਕਿ ਤੁਸੀਂ ਇਸ ਮੁਹਿੰਮ ਦੇ ਬਾਬਤ ਕੀ ਸਲਾਹ ਦਿੰਦੇ ਹੋ ?

ਉਨੀਂ ਸਭਨੀਂ ਆਪਸ ਵਿਚ ਗੁਰਮਤਾ ਕਰਕੇ ਆਖਿਆ, ਹੇ ਮਹਾਰਾਜ, ਜੋ ਇਹ ਕਿਲਾ ਗੋਰਖੀਆਂ ਦੇ ਹੱਥ ਜਾ ਰਿਹਾ, ਤਾਂ ਓਹ ਸਾਰੇ ਪਹਾੜ ਨੂੰ ਦੱਲ ਲੈਲਗੇ, ਅਤੇ ਉਸ ਵੇਲੇ ਇਨਾਂ ਨੂੰ ਕੱਢਲਾ ਬਹੁਤ ਔਖਾ ਹੋਊ; ਸਭ ਤੇ ਇਹ ਸਲਾਹ ਅੱਛੀ ਲਗਦੀ ਹੈ, ਜੋ ਵਖਤ ਟਾਲਨ ਲਈ ਇਹ ਕਿਲਾ ਰਲਜੀਤਸਿੰਘੁ ਨੂੰ ਦੇ ਦੇਜੇ; ਉਹ ਆਪੇ ਆਪਲੇ ਲਾਲਚ ਦਾ ਮਾਰਿਆ ਇਸ ਕੋਮ ਨੂੰ ਮੁਲਖੋਂ ਕੱਢ ਦੇਊ, ਅਤੇ ਸਾਡਾ ਹੋਰ ਮੁਲਖ ਸਾਡੇ ਹੇਠ ਬਚ ਰਹੂ। ਅਤੇ ਇਕ ਹੋਰ ਗੱਲ ਬੀ ਹੈ, ਜੋ ਸਿੱਖ ਲੋਕ ਉਜਿਹੇ ਸੂਰਮੇ ਬੀ ਨਹੀਂ ਹਨ; ਜਿਸ ਵੇਲੇ ਪਹਾੜ ਦੇ ਸਾਰੇ ਰਾਜੇ ਇਕ ਮੁੱਠ ਹੋਕੇ ਡਹੇ, ਉਸੀ ਵੇਲੇ ਇਸ ਕਿਲੇ ਨੂੰ ਸਹਿਜੇ ਛੁਡਾ ਲੈਲਗੇ, ਅਤੇ ਸਿੱਖਾਂ ਨੂੰ ਮਾਰਕੇ ਕੱਢ ਦੇਲਗੇ। ਰਾਜੇ ਨੂੰ ਇਹ ਸਲਾਹ ਪਸਿੰਦ ਆਈ, ਅਤੇ ਬਕੀਲਾਂ ਦੀ ਜਬਾਨੀ ਮਹਾਰਾਜੇ ਰਲਜੀਤਸਿੰਘੁ ਨੂੰ ਕਹਾ ਘੱਲਿਆ, ਜੋ ਆਪ ਆਕੇ ਕਾਂਗੜੇ ਦਾ ਕਿਲਾ ਸਾਂਭ ਲਓ। ਮਹਾਰਾਜਾ ਇਹ ਗੱਲ ਸੁਲਦਾ ਹੀ ਫੌਜ ਲੈਕੇ ਵਾਹੋਦਾਹ ਪਹਾੜ ਨੂੰ ਉਠ ਵਗਿਆ। ਅਤੇ ਗੋਰਖੀਏ, ਇਕ ਤਾ ਅਗੇ ਹੀ ਅੱਕ ਰਹੇ ਹੋਏ ਸੇ, ਅਰ ਦੂਜਾ ਸਿੱਖਾਂ ਅਤੇ ਪਹਾੜੀ ਰਾਜਿਆਂ ਦਾ ਏਕਾ ਦੇਖਕੇ, ਲਚਾਰ ਹੋਕੇ ਭੱਜ ਗਏ, ਅਤੇ ਆਪਲੇ ਦੇਸ ਵਿਚ ਜਾ ਵੜੇ॥

ਆਖਦੇ ਹਨ, ਜੋ ਗੋਰਖੀਏ ਪੈਰਾਂ ਤੇ ਨੰਗੇ, ਅਤੇ ਖੁਖਨੀਆਂ ਨਾਲ ਲੜਦੇ ਸਨ, ਅਰ ਤੀਰ ਬੰਦੂਕ ਚਲਾਉਲੀ ਬਿਲਕੁੱਲ ਨਹੀਂ ਜਾਲਦੇ ਸੇ; ਅਤੇ ਤੀਜਾ ਇਹ, ਜੋ ਉਨਾਂ ਦਾ ਦੇਸ ਉਥੋਂ ਪੰਜ ਸੈ ਕੋਹਾਂ ਪੁਰ ਸੀ। ਗੱਲ ਕਾਹ ਦੀ, ਜਾਂ ਇਹ ਕਿਲਾ ਮਹਾਰਾਜੇ ਰਲਜੀਤਸਿੰਘੁ ਕੋਲ ਆਇਆ, ਤਾਂ ਪਹਾੜ ਦੇ ਸਰਬੱਤ ਰਾਜੇ, ਸਲੇ ਮੁਲਖ, ਉਹ ਦੇ ਤਾਬੇਦਾਰ ਹੋ ਗਏ, ਅਤੇ ਹੁਲ ਤੀਕੁਰ ਟਕੇ ਅਰ ਨੌਕਰੀ ਭਰਦੇ ਹਨ। ਅਤੇ ਕਟੋਚਾਂ ਦਾ

ਉਹ ਕੱਚਾ ਮਨਸੂਬਾ ਵਿਚ ਹੀ ਰਹਿ ਗਿਆ; ਕੁਲ ਮਹਾਰਾਜੇ ਰਣਜੀਤਸਿੰਘ ਨਾਲ਼ ਮਾਹਮਲਾ ਕਰਨ ਦੀ ਤਿਨ੍ਹਾਂ ਵਿਚ ਸਮਰਥਾ ਨਹੀਂ ਹੈ॥

Jwálá Mukhí.

ਜਵਾਲਾਮੁਖੀ, ਹਿੰਦੂਆਂ ਦਾ ਵਡਾ ਦੇਵਸਥਾਨ, ਕੋਟਕਾਂਗੜੇ ਤੇ ਬਾਰਾਂ ਕੋਹ ਹੈ; ਅੱਸੂ ਮਹੀਨੇ ਦੇ ਪਿਛਲੇ ਪੱਖ ਵਿਚ ਬਹੁਤ ਲੁਕਾਈ ਉਥੇ ਕੱਠੀ ਹੁੰਦੀ, ਅਤੇ ਹਜਾਰਾਂ ਰੁਪਇਆਂ ਦੇ ਝੜਾਵੇ ਝੜ੍ਹਾਉਂਦੀ ਹੈ। ਉਸ ਵਿਚੋਂ ਅੱਧਾ ਰਾਜੇ ਦੇ ਭੰਡਾਰ ਪੈਂਦਾ ਹੈ, ਅਤੇ ਅੱਧਾ ਭੋਜਕੀ ਰਖਦੇ ਹਨ। ਅਤੇ ਉਥੇ ਦੇ ਤਿੰਨ ਜਾਗਾਂ ਥੀਂ ਆਪੇ ਆਪ ਅੱਗ ਦੀ ਲਾਟ ਨਿੱਕਲ਼ਦੀ ਹੈ, ਅਤੇ ਹਿੰਦੂ ਉਸ ਨੂੰ ਈਸੁਰੀ ਜੋਤ ਸਮਝਦੇ ਹਨ। ਉਹ ਦੇ ਉਪੁਰ ਇਕ ਗੁੰਮਜ ਜਿਹਾ ਬਣਾਕੇ, ਅੰਦਰਵਾਰ ਇਕ ਟੋਆ ਪੱਟ ਛਡਿਆ ਹੈ; ਸੋ ਉਸ ਵਿਚ ਬਦਾਮ, ਖੋਪਾ, ਗਰੀ, ਤਿਲ਼, ਅਤੇ ਹੋਰ ਮੇਵੇ ਜਿਨ੍ਹਾਂ ਵਿਚ ਤੇਲ ਹੈ, ਪਾਕੇ ਜਾਲ਼ਦੇ, ਅਤੇ ਆਪਣੇ ਮੰਤਰ ਜੰਤਰ ਪੜ੍ਹਦੇ ਹਨ, ਅਤੇ ਇਸ ਕਰਤੱਬ ਨੂੰ ਹੋਮ ਕਰਕੇ ਆਖਦੇ ਹਨ। ਇਸ ਕਰਕੇ ਜੋ ਹਿੰਦੂਆਂ ਵਿਚ ਬੁਤਾਂ ਦੀ ਪੂਜਾ ਦੀ ਵਡੀ ਚਾਲ ਹੈ, ਰੁੱਖਾਂ, ਅਤੇ ਪਾਣੀ ਦੇ ਚੁਸਮਿਆਂ, ਅਰ ਪੱਥਰਾਂ, ਅਤੇ ਅੱਗ ਦੀਆਂ ਲਾਟਾਂ ਨੂੰ ਦੇਵਸਥਾਨ ਠਰਾਕੇ, ਅਜਿਹਾ ਜਾਣਦੇ ਹਨ, ਜੋ ਇਨ੍ਹਾਂ ਸਥਾਨਾਂ ਦੇ ਪੂਜਣ ਥੀਂ ਦੁਹਾਂ ਜਹਾਨਾਂ ਦੇ ਕਾਰਜ ਸੁੱਧ ਹੁੰਦੇ ਹਨ; ਬਲਕ ਓਹ ਜੋ ਅਲਪਗ੍ਯ ਹਨ, ਸੋ ਇਨ੍ਹਾਂ ਸਥਾਨਾਂ ਨੂੰ ਚਾਰੋ ਥੰਨੇ ਕਰਤਾ ਸਮਝਦੇ ਹਨ; ਅਤੇ ਇਨ੍ਹਾਂ ਤੀਰਥਾਂ ਦੀਆਂ ਐਸੀਆਂ ਕਰਾਮਾਤਾਂ ਬਿਆਨ ਕਰਦੇ ਹਨ, ਜੋ ਅਕਲ ਦੰਗ ਹੋ ਜਾਂਦੀ ਹੈ। ਸੇਖ ਅਬੁਲਫਜਲ ਜੋ ਮਹਾ ਚਤਰ, ਅਤੇ ਹਿੰਦੂਆਂ ਦੇ ਦੀਨ ਵਿਚ ਬੀ ਅੱਤ ਖਬਰਦਾਰ ਸਾ, ਬਲਕ ਉਹ ਦੀਆਂ ਕਤੇਬਾਂ ਵਿਚੋਂ ਅਜਿਹੀ ਬੇ

ਆਉਂਦੀ ਹੈ, ਜੋ ਉਹ ਬੀ ਹਿੰਦੂਆਂ ਦੇ ਦੀਨ ਪੁਰ ਨਿਹਚਾ ਰਖਦਾ ਸੀ, ਅਤੇ ਹਿੰਦੂ ਬੀ ਉਹ ਦੇ ਲਿਖੇ ਨੂੰ ਮੰਨਦੇ ਹਨ; ਸੋ ਉਹ ਆ-ਈਨ ਅਕਬਰੀ ਵਿਚ ਉਸ ਜਾਗਾ ਦੀ ਵਾਰਤਾ ਇਸ ਤਰਾਂ ਲਿਖਦਾ ਹੈ, "ਜੋ ਨਗਰਕੋਟ ਪਹਾੜ ਪੁਰ ਇਕ ਸ਼ਹਿਰ ਹੈ, ਉਸ ਜਾਗਾ ਦੇ ਕਿਲੇ ਨੂੰ ਕਾਂਗੜਾ ਕਹਿੰਦੇ ਹਨ, ਉਹ ਦੇ ਪਾਸ ਮਹਾ-ਮਾਈ ਦਾ ਸਥਾਨ ਹੈ, ਜੋ ਲੋਕ ਦੂਰ ਦੂਰ ਤੇ ਉਹ ਦੀ ਜਾਤ੍ਰਾ ਨੂੰ ਆਉਂਦੇ ਹਨ; ਅਤੇ ਇਸ ਮਤ ਦੇ ਸਿਆਲੇ ਲੋਕ ਸਕਤ ਨੂੰ ਮਹਾ-ਮਾਈ ਆਖਦੇ ਹਨ"। ਅਤੇ ਲਿਖਿਆ ਹੈ, ਜੋ ਪਾਰਬਤੀ ਮ-ਲੀਨ ਦ੍ਰਿਸਟ ਦੇ ਕਾਰਨ ਆਪਣੇ ਆਪ ਤੇ ਬਿਖਰ ਗਈ, ਅਤੇ ਉਹ ਦੇ ਚਾਰ ਟੁਕੜੇ ਹੋਕੇ ਚੌਹੁੰ ਜਾਗੀਂ ਜਾ ਪਏ; ਉਹ ਦਾ ਸਿਰ ਅਤੇ ਕੋਈ ਹੋਰ ਅੰਗ, ਜੋ ਕਸਮੀਰ ਦੇ ਪਹਾੜ ਵਿਚ ਕਾਮਰਾਜ ਦੀ ਵਲ ਜਾ ਪਿਆ, ਉਸ ਨੂੰ ਸਿਰਧਾ; ਅਤੇ ਜਿਹੜਾ ਅੰਗ, ਦੱਖਣ ਵਾਲੇ ਬੀਜਾਪੁਰ ਦੇ ਨੇੜੇ ਤੇੜੇ ਜਾ ਪਿਆ, ਤਿਸ ਨੂੰ ਤ-ਲੀ ਭਵਾਨੀ; ਅਤੇ ਉਹ, ਜੋ ਕਾਂਵਰੂ ਦੇਸ ਵਿਚ ਜਾ ਪਿਆ, ਉਹ ਨੂੰ ਕਾਮੱਛਾ ਕਰਕੇ ਆਖਦੇ ਹਨ; ਅਤੇ ਜੋ ਆਪਣੇ ਠਿਕਾਣੇ ਸਿਰ ਰਿਹਾ, ਸੋ ਜਾਲੰਧਰੀ ਕਰਕੇ ਮਸਹੂਰ ਹੋ ਗਿਆ; ਅਤੇ ਉਹ ਜਵਾਲਾਮੁਖੀ ਦੀ ਧਰਤੀ ਹੈ, ਜਿਥੋਂ ਅੱਗ ਦੀਆਂ ਲਾਟਾਂ ਨਿੱਲ-ਦੀਆਂ ਹਨ। ਜਿਹੜੇ ਲੋਕ ਉਥੇ ਦੇਵੀ ਪਰਸਣ ਜਾਂਦੇ ਹਨ, ਸੋ ਜਲਣਹਾਰੀਆਂ ਵਸਤਾਂ ਹੋਮ ਵਿਚ ਪਾਉਂਦੇ ਹਨ, ਅਤੇ ਮੁਰਾਦਾਂ ਪੂਰੀਆਂ ਹੋਣ ਦੀ ਆਸ ਧਰਦੇ ਹਨ। ਅਤੇ ਅਜਿਹਾ ਜਾਣ ਪੈਂ-ਦਾ ਹੈ, ਜੋ ਉਥੇ ਠੀਕ ਗੰਧਕ ਦੀ ਖਾਣ ਹੈ। ਕਈ ਮੁਸਲਮਾਨ ਪਾਤਸਾਹ ਇਸ ਜਾਗਾ ਪਹੁੰਚੇ ਹਨ, ਅਤੇ ਉਨਾਂ ਨੈ ਠਾਕੁਰਦਵਾਰੇ ਢਾਹਕੇ ਇਸ ਜਾਗਾ ਨੂੰ ਮੁੱਢੋਂ ਖਰਾਬ ਕਰ ਸਿਟਿਆ ਹੈ; ਜਿਹਾ-ਕੁ ਮੁਹੰਮਦਸਾਹ ਦੇ ਪਿਛੋਂ ਸੁਲਤਾਨ ਫਰੋਜਸਾਹ, ਜਾਂ ਇਸ ਜਾਗਾ ਆਇਆ, ਤਾਂ ਓਨ ਇਸ ਮੰਦਰ ਨੂੰ ਢਾਹਕੇ ਇਹ

ਹੁਕਮ ਦਿੱਤਾ, ਜੋ ਇਸ ਜਾਗਾ ਦੇ ਉਪਰਦੋਂ ਨਹਿਰ ਚਲਾ ਦਿਓ, ਤਾਂ ਫੇਰ ਲਾਟ ਨਾ ਨਿਕਲੇ; ਅਤੇ ਤਿਹਾ ਹੀ ਹੋਇਆ। ਫੇਰ ਜਹਾਂਗੀਰ ਪਾਤਸਾਹ, ਜਾਂ ਕਾਂਗੜੇ ਦਾ ਕਿਲਾ ਦੇਖਣ ਆਇਆ, ਅਤੇ ਇਸੇ ਰਸਤੇ ਕਸਮੀਰ ਨੂੰ ਚਲਿਆ, ਤਾਂ ਉਨ ਬੀ ਇਨਾਂ ਲਾਟਾਂ ਦੇ ਬੁਝਾਉਣ ਲਈ ਉਹੋ ਨਹਿਰ ਉਸ ਜਾਗਾ ਵਗਾਈ। ਤਿਸ ਪਿਛੇ ਜਾਂ ਹਿੰਦੂ ਉਸ ਮੰਦਰ ਨੂੰ ਫੇਰ ਬਣਾਉਣ ਲੱਗੇ, ਤਾਂ ਉਨਾਂ ਨੈ ਇਸ ਨਹਿਰ ਨੂੰ ਦੂਏ ਪਾਸੇ ਉਲਟਾ ਦਿਤਾ; ਹੁਣ ਤੀਕੁਰ ਉਹ ਨਹਿਰ ਉਸ ਗੁੰਮਜ ਦੇ ਕੋਲ ਵਗਦੀ ਹੈ। ਇਨਾਂ ਦਿਨਾਂ ਵਿਚ ਉਥੇ ਵਡਾ ਸਹਿਰ ਬਸ ਗਿਆ ਹੈ, ਅਤੇ ਵਡੇ ਵਡੇ ਧਨਮਾਨ ਗੁਸਾਈਆਂ ਅਤੇ ਮਹਾਜਨਾਂ ਨੈ ਉਥੇ ਘਰ ਅਰ ਹਟਾਂ ਪਾ ਲਈਆਂ ਹਨ, ਅਤੇ ਹਰ ਪਰਕਾਰ ਦੀਆਂ ਵਸਤਾਂ ਦਾ ਉਥੇ ਬੁਪਾਰ ਹੁੰਦਾ ਹੈ, ਅਤੇ ਇਕ ਬਰਸ ਵਿਚ ਦੋ ਬਾਰ ਵਡਾ ਮੇਲਾ ਲਗਦਾ ਹੈ॥

## Koṭlá.

ਕੋਟਲਾ ਪਹਾੜ ਦੀ ਚੋਟੀ ਉਪਰ ਵਡਾ ਡਾਢਾ ਪੱਥਰ ਦਾ ਬਣਿਆ ਹੋਇਆ ਕਿਲਾ ਹੈ, ਜੋ ਦਿੱਲੀਵਾਲੇ ਪਾਤਸਾਹਾਂ ਦੇ ਵਾਰੇ ਕਾਂਗੜੇ ਵਾਂਙੂ ਹਾਕਮ ਦੇ ਰਹਿਣ ਦੀ ਜਾਗਾ ਸੀ; ਹੁਣ ਮਹਾਰਾਜੇ ਰਣਜੀਤਸਿੰਘੁ ਦੇ ਪਾਸ ਹੈ। ਜੇ ਇਸ ਪਹਾੜ ਦੇ ਪਿੰਡਾਂ ਅਤੇ ਅਚੰਭਕ ਵਸਤਾਂ ਦਾ ਬਿਆਨ ਲਿਖਾਂ, ਤਾਂ ਇਕ ਵਡਾ ਲੰਮਾ ਝੇੜਾ ਹੈ; ਇਸੀ ਵਾਸਤੇ ਉਧਰੋਂ ਮੁੜਕੇ ਪੰਜਾਬ ਦੇ ਸਹਿਰਾਂ ਦਾ ਬਿਆਨ ਕਰਦਾ ਹਾਂ॥

## Sujánpur.

ਸੁਜਾਣਪੁਰ ਇਕ ਨਵਾਂ ਬਸਿਆ ਹੋਇਆ, ਹਿੰਦੂਆਂ ਕਾਨੂਗੋਆਂ ਦੀ ਬਾਰਸੀ ਦਾ ਸਹਿਰ ਹੈ। ਪਹਿਲਾਂ ਇਕ ਛੋਟਾ ਜਿਹਾ ਪਿੰਡ ਸਾ; ਜਾਂ ਅਮਰਸਿੰਘੁ ਥਾਪੇ ਦੇ ਹਥ ਆਇਆ, ਤਾਂ

ਓਨ ਉਹ ਦੇ ਦੁਆਲੇ ਇਕ ਅਜਿਹਾ ਪੱਕਾ ਕਿਲਾ ਉਸਾਰਿਆ, ਜਿਹ ਦੇ ਚਾਰ ਬੁਰਜ ਅਰ ਇਕ ਡੇਉਢੀ ਸੀ। ਅਤੇ ਉਸ ਕਿਲੇ ਵਿਚ ਆਪਣੇ ਰਹਿਣੇ ਲਈ ਵਡੇ ਅਨੂਪ ਪੱਕੇ ਘਰ ਬਣਵਾਏ; ਇਸੇ ਕਰਕੇ ਉਹ ਪਿੰਡ ਦਿਨੋਦਿਨ ਵਧੇਰੇ ਹੀ ਬਸਦਾ ਗਿਆ; ਕਿੰਉਕਿ ਹਰ ਪਾਸਿਓਂ ਭਾਂਤ ਭਾਂਤ ਦੇ ਲੋਕ ਆਕੇ ਉਥੇ ਬਸਦੇ ਗਏ, ਇਸੀ ਤਰਾਂ ਹੁੰਦੇ ਹੁੰਦੇ ਦੋ ਸੈ ਹੱਟਾਂ ਤੀਕੁਰ ਬਸ ਗਿਆ, ਅਤੇ ਕੱਚੀ ਸਹਿਰਪਨਾਹ ਅਰ ਤਿੰਨ ਦਰਵੱਜੇ ਬਣ ਗਏ; ਅਤੇ ਉਸ ਤੇ ਬਾਹਰਵਾਰ ਬੀ ਬਸੋਂ ਹੈ॥

ਸਾਹ ਨਹਿਰ ਉਥੋਂ ਅੱਧ ਕੋਹ ਪੁਰ ਚਲਦੀ ਹੈ, ਸੋ ਅਮਰਸਿੰਘ ਨੈ ਆਪਣੇ ਬਾਗ ਵਿਚਦੋਂ ਲੰਘਾਕੇ, ਉਹ ਦੇ ਕੰਢੇ ਵਡੀ ਸੁੰਦਰ ਅੰਬਾਰਤ ਬਣਵਾਈ। ਅਤੇ ਮਹਾਰਾਜ ਰਣਜੀਤਸਿੰਘ ਨੈ ਬੀ ਇਕ ਵਡੀ ਅਨੂਪ ਬੈਠਕ ਬਣਵਾਕੇ ਉਸ ਨਹਿਰ ਪੁਰ ਪੁਲ ਬਨ-ਵਾ ਦਿੱਤਾ ਹੈ। ਗਰਮੀ ਦੀ ਰੁੱਤ ਵਿਚ ਤਾ ਸੱਚ ਮੁੱਚ ਇਕ ਵਡਾ ਹੀ ਅਨੂਪ ਮਕਾਨ ਹੈ! ਉਸ ਜਿਲੇ ਵਿਚ ਇਸ ਨਹਿਰ ਦਾ ਪਾਣੀ ਬਹੁਤ ਠੰਢਾ ਅਤੇ ਤੇਜ ਵਗਦਾ ਹੈ। ਦਰਿਆਉ ਰਾਵੀ ਸਹਿਰੋਂ ਢਾਈ ਕੋਹ, ਅਤੇ ਬਿਆਹ ਨਦੀ ਗਿਆਰਾਂ ਕੋਹ ਹੈ। ਇਹ ਮੁਲਖ ਪਹਾੜ ਤਲੀ ਦਾ ਹੈ; ਇਸ ਕਰਕੇ ਇਸ ਜਿਲੇ ਵਿਚ ਚਾਉਲ ਵਡੇ ਬਰੀਕ ਅਤੇ ਚੰਗੀ ਬਾਸਨਾਵਾਲੇ ਹੁੰਦੇ ਹਨ, ਅਤੇ ਹਲਦੀ ਅਰ ਕਮਾਦ ਬਹੁਤ ਬੀਜਦੇ ਹਨ; ਇਸ ਜਿਲੇ ਵਿਚ ਖੇਤੀ ਨਹਿਰ ਅਤੇ ਬਰਖਾ ਦੇ ਪਾਣੀ ਨਾਲ ਹੁੰਦੀ ਹੈ, ਅਤੇ ਹਰਟ ਚੜ੍ਹਸ ਹੈ ਨਹੀਂ॥

### Gaṛhoṭá.

ਗੜ੍ਹੋਟਾ ਪਹਾੜ ਤਲੀ ਵਿਚ ਇਕ ਸਹਿਰ ਦੇ ਤਾੜੇ ਦਾ ਪਿੰਡ ਹੈ, ਉਥੇ ਦੇ ਬਾਰਸ ਮੁਸਲਮਾਨ ਰਾਜਪੂਤ ਹਨ, ਅਤੇ ਉਥੋਂ ਨੇੜੇ ਹੀ ਚੰਭਦੇ ਰੁਕ ਇਕ ਖਡ ਹੈ, ਜੋ ਸਦਾ ਬੁਹੁੜਾ ਬੁਹੁੜਾ ਪਾਣੀ

ਉਸ ਵਿਚ ਵਹਿੰਦਾ ਰਹਿੰਦਾ ਹੈ; ਪਰ ਬਰਸਾਤ ਦੀ ਰੁਤੇ, ਜਾਂ ਚੜ੍ਹਦੀ ਹੈ, ਤਾਂ ਇਸ ਦਾ ਪਾੜ੍ਹਾ ਬਹੁਤ ਵਡਾ ਹੋ ਜਾਂਦਾ ਹੈ। ਅਤੇ ਇਹ ਖਡ ਚੰਬੇ ਦੇ ਪਹਾੜੋਂ ਉਤਰਕੇ, ਇਸ ਪਿੰਡ ਤੇ ਚੋਹੁੰ ਕੋਹਾਂ ਦੀ ਵਿੱਥ ਉੱਪੁਰ ਬਿਆਹ ਨਦੀ ਵਿਚ ਆ ਪੈਂਦੀ ਹੈ। ਇਸ ਜਾਗਾ ਦੀ ਧਰਤੀ ਸਾਰੀ ਟਿੱਬੇ ਜਾ ਟੋਏ ਹਨ, ਅਤੇ ਇਹ ਪਿੰਡ ਆਪ ਬੀ ਟਿੱਬੇ ਉੱਪੁਰ ਹੈ। ਦਰਿਆਉ ਬਿਆਹ ਉੱਥੋਂ ਚਾਰ ਕੋਹ, ਅਤੇ ਦਰਿਆਉ ਰਾਵੀ ਅੱਠ ਕੋਹ ਹੈ॥

### Káhnúwáṇ.

ਕਾਹਨੂਵਾਣ ਇਕ ਕਦੀਮੀ ਪਕਾ ਸਹਿਰ, ਬਿਆਹ ਨਦੀ ਦੇ ਉਚੇ ਕੰਢੇ ਪੁਰ ਹੈ; ਸੋ ਹੁਣ ਬਹੁਤ ਜਾਗਾ ਤੇ ਉੱਜੜ ਹੋ ਗਿਆ ਹੈ। ਦਿੱਲੀਵਾਲ੍ਹਿਆਂ ਪਾਤਸਾਹਾਂ ਦੇ ਸਮੇ ਵਿਚ, ਇਹ ਸਹਿਰ ਬਹੁਤ ਉਮਰਾਵਾਂ ਦੇ ਰਹਿਣ ਦੀ ਜਾਗਾ ਹੋ ਗਿਆ ਸਾ; ਕਿੰਉਕਿ ਪਾਤਸਾਹ ਸਕਾਰ ਖੇਡਣ ਲਈ ਇਥੇ ਬਹੁਤ ਆਇਆ ਕਰਦੇ ਸੇ। ਅਤੇ ਇਹ ਧਰਤੀ ਸਿੱਲੀ ਅਤੇ ਨੀਵੀਂ ਹੈ; ਇਸ ਦਾ ਚੁੜਾਉ, ਛਾਇਓਂ ਲੈਕੇ, ਦਰਿਆਉ ਦੇ ਕੰਢੇ ਤੀਕੁਰ, ਪੰਜ ਛੇ ਕੋਹ, ਅਤੇ ਲੰਬਾਉ, ਪੈਂਤੀ ਕੋਹ ਹੈ। ਇਸ ਧਰਤੀ ਵਿਚ ਪਿੰਡ ਬਹੁਤ ਬਸਦੇ ਹਨ, ਅਤੇ ਕਈ ਜਾਗੀਂ ਅਜਿਹਾ ਝੱਲ ਅਤੇ ਬੇਲਾ ਹੈ, ਜੋ ਰੁੱਖਾਂ ਅਰ ਪਾਣੀਆਂ ਦੀ ਬੁਤਾਇਤ ਕਰਕੇ ਅਸਵਾਰ ਪੈਦਲ ਉੱਥੋਂ ਔਖਾ ਲੰਘ ਸਕਦਾ ਹੈ। ਦੂਜਾ ਇਹ, ਕਿ ਉਸ ਜਾਗਾ ਹਰਨ, ਪਾਹੜੇ, ਸੀਂਹ, ਚਿੱਤੇ, ਅਤੇ ਸੂਰ, ਜੋ ਉਨਾਂ ਨੂੰ ਕਾਨੂ ਬੀ ਆਖਦੇ ਹਨ, ਬਹੁਤ ਹੀ ਹਨ; ਇਸ ਕਰਕੇ ਹੋਰ ਲੋਕ ਬੀ ਉਸ ਰਸਤੇ ਜਾਂਦੇ ਡਰਦੇ ਹਨ। ਇਸ ਜਾਗਾ ਅਜਿਹੇ ਬੇਲੇ, ਅਤੇ ਵਡੀਆਂ ਵਡੀਆਂ ਛਾਬਾਂ ਕਈ ਹਨ, ਜੋ ਸਕਾਰੀ ਲੋਕ ਡੋਂਡੀਆਂ ਵਿਚ ਬੈਠਕੇ, ਉਥੇ ਮੱਛੀਆਂ ਅਰ ਮੁਰਗਾਬੀਆਂ ਦਾ ਸਕਾਰ ਖੇਡਦੇ, ਅਤੇ ਸੈਲ ਕਰਦੇ ਹਨ। ਅਤੇ ਮਾਛੀ ਲੋਕ, ਮੱਛੀਆਂ ਅਰ

ਮੁਰਗਾਬੀਆਂ, ਅਤੇ ਨਾਪੇ ਦੇ ਫੁੱਲ, ਅਤੇ ਸੰਘਾੜੇ, ਇਸ ਸਹਿਰੋਂ ਕਲਾਨੌਰ ਅਰ ਬਟਾਲੇ ਤੀਕੁਰ ਲੈ ਜਾਕੇ ਬੇਚਦੇ ਹਨ। ਅਤੇ ਉਸ ਛਾਬ ਵਿਚ, ਜੋ ਸਹਿਰੋਂ ਅੱਧ ਕੋਹ ਹੈ, ਅਕਬਰ ਪਾਤਸਾਹ ਦੀਆਂ ਸੁੰਦਰ ਬੈਠਕਾਂ ਪਾਣੀ ਦੇ ਵਿਚ ਬਣਵਾਈਆਂ ਹੋਈਆਂ ਸਨ, ਸੋ ਹੁਣ ਉਜੜ ਪਈਆਂ ਹਨ, ਅਤੇ ਦੱਭ ਸਰਕੜਾ ਉੱਗਿਆ ਹੋਇਆ ਹੈ; ਉਥੇ ਤੀਕੁਰ ਬੇੜੀ ਵਿਚ ਬੈਠਕੇ ਜਾਈਦਾ ਹੈ। ਗਲ ਕੀ, ਇਸ ਜਾਗਾ ਵਰਗੀ ਸਕਾਰਗਾਹ ਸਾਰੀ ਪੰਜਾਬ ਵਿਚ ਘੱਟ ਹੈ। ਦਿੱਲੀ ਅਤੇ ਕਾਬੁਲ ਦੇ ਪਾਤਸਾਹ, ਜਦ ਕਦੇ ਇਸ ਮੁਲਖ ਵਿਚ ਆਣ ਫਿਰਦੇ ਸੇ, ਤਾਂ ਇਸ ਜਾਗਾ ਦੇ ਸਕਾਰ ਕੀਤੇ ਬਿਨਾ ਮੁੜਕੇ ਨਹੀਂ ਜਾਂਦੇ ਸਨ; ਹੁਣ ਲਹੌਰ ਦਾ ਹਾਕਮ ਬੀ ਕਦੇ ਕਦੇ ਸਕਾਰ ਖੇਡਣ ਲਈ ਇਥੇ ਆ ਫਿਰਦਾ ਹੈ॥

### Rahílá.

ਰਹੀਲਾ ਬਿਆਹ ਦੇ ਟਿੱਬੇ ਦੇ ਕੰਢੇ ਪੁਰ ਇਕ ਸਹਿਰ ਹੈ, ਜੋ ਗੁਰੂ ਅਰਜਣ ਨੈ ਆਪਣੇ ਪੁੱਤ੍ਰ ਹਰਗੋਬਿੰਦ ਦੇ ਨਾਉਂ ਪੁਰ ਬਸਾਕੇ ਹਰਗੋਬਿੰਦਪੁਰਾ ਨਾਉਂ ਧਰਿਆ। ਇਸ ਤੇ ਅੱਗੇ ਇਕ ਛੋਟਾ ਜਿਹਾ ਪਿੰਡੋਰਾ ਸੀ, ਅਤੇ ਇਕ ਗੁੰਮਜਦਾਰ ਚੂਨੇ ਗੱਚ ਮਸੀਤ, ਸਹਿਰ ਦੇ ਗੱਭੇ ਮੁਗਲਾਂ ਦੇ ਮਹੱਲੇ, ਹੁਣ ਤੀਕੁਰ ਅਬਾਦ ਹੈ, ਉਸ ਤੇ ਛੁੱਟ ਸਾਰੇ ਸਹਿਰ ਵਿਚ ਹੋਰ ਕੋਈ ਮਸੀਤ ਹੈ ਨਹੀਂ; ਕਿੰਉਕਿ ਉਹ ਹਿੰਦੂਆਣਾ ਸਹਿਰ ਹੈ। ਇਸ ਤੇ ਅੱਗੇ ਦਰਿਆਉ ਬਿਆਹ, ਸਹਿਰ ਥੀਂ ਦੋਹੁੰ ਜਾ ਤਿੰਨਾਂ ਕੋਹਾਂ ਪੁਰ ਸਾ, ਹੁਣ ਛਾਹੇ ਦੇ ਹਿਠਾੜ ਸਹਿਰ ਤੇ ਤੀਰ ਦੀ ਮਾਰ ਪੁਰ ਚੱਲਦਾ ਹੈ, ਅਤੇ ਉਹੋ ਜਾਗਾ ਘਾਟ ਦੀ ਹੈ। ਅਤੇ ਛਾਹੇ ਦੇ ਸਬਬ, ਕਾਹਨੂਵਾਣ ਤੇ ਲੈਕੇ ਹਰੀਕੇ ਘਾਟ ਤੀਕੁਰ, ਜਿਥੇ ਬਿਆਹ ਅਰ ਸਤਲੁਜ ਕਠੇ ਹੁੰਦੇ ਹਨ, ਖੂਹਾਂ ਦਾ ਪਾਣੀ ਡੂੰਘਾ ਹੈ, ਅਤੇ ਛਾਹੇ ਦੇ ਕੰਢਿਓਂ ਸੱਤਾਂ ਅੱਠਾਂ ਕੋਹਾਂ ਤੀਕੁਰ ਪੱਛਮ ਦੇ ਦਾਉ, ਫਸਲ

ਬਰਖਾ ਨਾਲ ਹੁੰਦੀ ਹੈ। ਅਤੇ ਗਰਾਵਾਂ ਅਰ ਬਸਤੀਆਂ ਵਿਚ ਕਈ ਖੂਹ ਬੀਹ ਗਜ ਡੂੰਘੇ, ਅਤੇ ਟਾਵਾਂ ਟਾਵਾਂ ਤੀਹ ਗਜ ਡੂੰਘਾ, ਅਤੇ ਜਿਹੜੇ ਦਰਿਆਉ ਤੇ ਨੇੜੇ ਢਾਹੇ ਪੁਰ ਹਨ, ਸੋ ਪੰਜਾਹ ਗਜ ਡੂੰਘੇ ਹਨ; ਗੱਲ ਕੀ, ਸੱਭੇ ਚਾਰ ਪੰਜ ਖੂਹੇ ਹੋਣਗੇ॥

Fatiábád.

ਫਤਿਆਬਾਦ ਇਕ ਕਦੀਮੀ ਸਹਿਰ ਜਹਾਂਗੀਰ ਪਾਤਸਾਹ ਦਾ ਬਸਾਇਆ ਹੋਇਆ, ਦਰਿਆਉ ਬਿਆਹ ਦੇ ਢਾਹੇ ਪੁਰ ਹੈ, ਜੋ ਅਦੀਨਾਬੇਗਖਾਂ ਦੇ ਸਮੇ ਵਿਚ, ਫੌਜਾਂ ਦੇ ਉਤਾਰੇ ਦੇ ਸਬਬ ਬਹੁਤ ਅਬਾਦ ਹੋ ਗਿਆ ਸੀ। ਉਹ ਦੀ ਅੰਬਾਰਤ ਬਹੁਤੀ ਪੱਕੀ, ਅਤੇ ਥੁਹੁੜੀ ਕੱਚੀ ਹੈ; ਹੁਣ ਸਰਦਾਰ ਫਤੇਸਿੰਘ ਆਹਲੂਵਾਲੀਏ ਦੇ ਰਾਜ ਵਿਚ, ਇਸ ਕਰਕੇ ਜੋ ਉਹ ਦੇ ਕਰਿੰਦੇ ਅਤੇ ਮੁਨਸੀ ਮੁਸੱਦੀ ਮੁਸਲਮਾਨ ਸੇ, ਕਈਕੁ ਪੱਕੀਆਂ ਮਸੀਤਾਂ ਅਤੇ ਸੁੰਦਰ ਅੰਬਾਰਤਾਂ ਬਣ ਗਈਆਂ ਹਨ॥

Bairowá̤l.

ਬੈਰੋਵਾਲ ਇਕ ਪੁਰਾਣਾ ਸਹਿਰ ਹੈ, ਕਿਧਰੇ ਪੱਕਾ ਕਿਧਰੇ ਕੱਚਾ; ਅਰ ਦਰਿਆਉ ਬਿਆਹ ਦਾ ਰਾਜਘਾਟ ਇਸ ਸਹਿਰ ਦੇ ਹੇਠ ਹੈ॥

Haríke and Boh.

ਹਰੀਕੇ ਅਤੇ ਬੋਹ, ਏਹ ਦੋਵੇਂ ਪਿੰਡ ਇਕ ਦੂਜੇ ਥੀਂ ਤੇਹੁੰ ਚੋਹੁੰ ਕੋਹਾਂ ਦੀ ਵਿਥ ਪੁਰ, ਦਰਿਆਉ ਦੇ ਢਾਹੇ ਉੱਤੇ ਹਨ; ਇਸ ਜਾਗਾ ਬਿਆਹ ਅਰ ਸਤਲੁਜ ਕੱਠੇ ਹੋ ਗਏ ਹਨ। ਇਹ ਮੁਲਖ ਬਹੁਤਾ ਛੱਪਰਬਾਸ ਹੈ, ਅਤੇ ਬੇੜੀਆਂ ਹਰੀਕਿਆਂ ਦੇ ਹੇਠ ਆਣਕੇ ਲਗਦੀਆਂ ਹਨ; ਕਿੰਉਕਿ ਦੋ ਜਾਗਾਂ ਦੇ ਲੰਘਣ ਤੇ ਇਥੇ ਦੋਨੋ ਦਰਿਆਉ ਇਕ ਜਾਗਾ ਲੰਘਣੇ ਪੈਂਦੇ ਹਨ। ਅਤੇ ਦੀਵਾਨਚੰਦ ਤੋਪਖਾਨੇ ਦੇ ਦਰੋਗੇ ਨੇ, ਜੋ ਮਹਾਰਾਜੇ ਰਣਜੀਤਸਿੰਘ

ਦਾ ਨੌਕਰ ਸਾ, ਇਸ ਪਿੰਡ ਦੇ ਕੋਲ, ਇਕ ਕੱਚਾ ਕਿਲਾ, ਜਿਹਦਾ ਦਰਵੱਜਾ ਪੱਕਾ ਸੀ, ਉਸਾਰਿਆ ਥਾ॥

### The 3rd Duába—Rachná.

ਤੀਜਾ ਦੁਆਬਾ ਰਚਨਾ। ਇਹ ਦੁਆਬਾ ਦਰਿਆਉ ਰਾਵੀ ਅਤੇ ਚਨਾਬ ਦੇ ਵਿਚ ਹੈ, ਜਿਹ ਨੂੰ ਪੰਜਾਬੀ ਲੋਕ ਝਨਾਉ ਕਰਕੇ ਆਖਦੇ ਹਨ। ਇਸ ਦੁਆਬੇ ਦਾ ਨਾਉਂ ਰਚਨਾ ਇਸ ਲਈ ਧਰਿਆ, ਜੋ ਰਾਵੀ ਅਰ ਚਨਾਬ ਦੇ ਵਿਚ ਹੈ, ਅਰਥਾਤ ਰ ਰਾਵੀ ਤੇ, ਅਰ ਚਨਾ ਚਨਾਬ ਤੇ ਲੈਕੇਂ, ਜਾਂ ਕੱਠਾ ਕਰਯੇ, ਤਾਂ ਰਚਨਾ ਬਣ ਜਾਂਦਾ ਹੈ। ਇਸ ਦੁਆਬੇ ਦਾ ਲੰਬਾਉ, ਜੰਮੂ ਅਰ ਬਸੰਤਪੁਰ ਦੇ ਬੰਨੇ ਤੇ ਲੈਕੇ, ਜੋ ਰਾਵੀ ਦੇ ਕੰਢੇ ਹੈ, ਫਰੀਦਵਾਲੇ ਅਤੇ ਫਾਜਲਸਾਹ ਦੀ ਬਸੂਹੀ ਤੀਕੁ, ਦੋ ਸੈ ਅੱਸੀ ਕੋਹ ਹੈ; ਅਤੇ ਚੁੜਾਉ, ਕਿਤੇ ਬਹੁਤਾ, ਕਿਤੇ ਥੁਹੁੜਾ; ਜਿਹਾਕੁ ਬਸੰਤਪੁਰ ਤੇ ਜੰਮੂ ਤੀਕੁਰ ਤੀਹ ਕੋਹ, ਅਤੇ ਸਾਹਦਰੇ ਤੇ ਬਜੀਰਾਬਾਦ ਲਗ ਚਾਲੀ ਕੋਹ, ਅਤੇ ਸਾਂਦਰ ਦੀ ਬਾਰ ਵਿਚ ਬੀ ਉਹੋ ਚਾਲੀ ਕੋਹ, ਅਤੇ ਰਾਮਚੌਂਤੜੇ ਦੇ ਗਿਰਦੇ ਸੱਤ ਅੱਠ ਕੋਹ ਹੈ। ਇਹ ਦੁਆਬਾ ਪੰਜਾਬ ਦੇ ਤੋਨੇ ਵਿਚ ਹੈ, ਅਤੇ ਇਸ ਦੁਆਬੇ ਦੇ ਚੌਹਟ ਪਰਗਣੇ ਹਨ; ਉਨ੍ਹਾਂ ਵਿਚੋਂ ਸਤਵੰਜਾ ਲਹੌਰ ਨਾਲ ਲਗਦੇ ਹਨ, ਅਤੇ ਸੱਤ ਮੁਲਤਾਨ ਨਾਲ। ਇਸ ਦੁਆਬੇ ਦਾ ਓੜ੍ਹਕ ਫਾਜਲਸਾਹ ਦਾ ਘਾਟ ਹੈ, ਜੋ ਫਾਜਲਸਾਹ ਦੀ ਬਸਤੀ ਦੇ ਕੋਲ ਹੈ, ਜਿਹੜੀ ਮੁਲਤਾਨ ਨੂੰ ਲਗਦੀ ਹੈ। ਅਤੇ ਝਨਾਉ ਦੇ ਕੰਢੇ ਫਾਜਲਸਾਹ ਦੀ ਬਸਤੀ ਦੇ ਸਾਹਮਣੇ ਫਰੀਦਵਾਲਾ ਇਕ ਪਿੰਡ ਹੈ; ਉਥੇ ਦੋਹਾਂ ਦਰਿਆਵਾਂ ਵਿਚ ਇਕ ਕੋਹ ਦੀ ਵਿੱਥ ਹੈ। ਇਸ ਗਿਰਦੇ ਇਕ ਫਕੀਰ ਦਾ ਮਕਾਨ ਹੈ, ਅਤੇ ਟਾਹਲੀ ਦਾ ਵਡਾ ਪੁਰਾਣਾ ਦਰਖਤ ਹੈ, ਜੋ ਉਹ ਦੇ ਮੁੱਢ ਪੁਰ ਵਡੇ ਵਡੇ ਅੱਠ ਟਹਿਣੇ ਹਨ, ਅਤੇ ਇਹ ਟਾਹਲੀ ਉਸ ਜਿਲੇ

ਵਿਚ ਅੱਤ ਮਸਹੂਰ ਹੈ; ਇਹ ਨੂੰ ਅੱਠ ਮੁੰਢੀ, ਕਰਕੇ ਆਖਦੇ ਹਨ। ਦਰਿਆਉ ਝਨਾਉ ਉਸ ਤੇ ਪੱਛਮ ਦੇ ਰੁਕ ਦੋ ਕੋਹ, ਅਤੇ ਦਰਿਆਉ ਰਾਵੀ ਦੱਖਣ ਦੇ ਦਾਉ ਇਕ ਕੋਹ ਪੁਰ ਹੈ। ਉਤਨੀ ਜੋਅਾ, ਸਭ ਝੱਲ ਅਰ ਬੇਲਾ ਹੀ ਹੈ; ਬਸੋਂ ਬਿਲਕੁੱਲ ਹੈ ਨਹੀਂ॥

Jalálpur Kamláṇá.

ਜਲਾਲਪੁਰ ਕਮਲਾਣਾ ਝਨਾਉ ਦੇ ਕੰਢੇ ਤੱਪੇ ਦੀ ਜਾਗਾ ਸਾ, ਅਤੇ ਇਸ ਕੋਮ ਕਮਲਾਣਿਆਂ ਦੇ, ਇਸ ਗਿਰਦੇ ਵਿਚ ਗਿਆਰਾਂ ਪਿੰਡ ਸੇ; ਅਤੇ ਮੁਜੱਫਰਖਾਂ ਦੇ ਸਮੇ, ਏਹ ਬਹੁਤ ਅਬਾਦ ਸਨ; ਪੁਲ ਸਿੱਖਾਂ ਦੇ ਰਾਜ ਵਿਚ ਸਭ ਬੈਰਾਨ ਹੋ ਗਏ। ਉਨ੍ਹਾਂ ਵਿਚੋਂ, ਇਕ ਦਾਇਮ ਨਾਮੇ ਕਮਲਾਣਾ, ਜਲਾਲਪੁਰ ਦਾ ਚੋਧਰੀ ਸੀ, ਸੋ ਸਿੱਖਾਂ ਦੀ ਤਦੀ ਦਾ ਮਾਰਿਆ, ਉਹ ਬਿਚਾਰਾ ਬੀ ਕਿਧਰੇ ਨੂੰ ਭਜ ਗਿਆ। ਦਰਿਆਉ ਝਨਾਉ ਉਥੋਂ ਪੱਛਮ ਦੇ ਰੁਕ ਤਿੰਨ ਕੋਹ, ਅਤੇ ਰਾਵੀ ਦੱਖਣ ਦੇ ਪਾਸੇ ਪੰਜ ਕੋਹ ਹੈ॥

Sorkoṭ.

ਸੋਰਕੋਟ ਇਕ ਪੁਰਾਣਾ ਅਰ ਮਸਹੂਰ ਸਹਿਰ ਸਿਆਲਾਂ ਦਾ ਹੈ; ਮੁਜੱਫਰਖਾਂ ਦੇ ਵੇਲੇ ਬਹੁਤ ਅਬਾਦ ਸੀ; ਪੁਲ ਬੈਰਾਨ ਹੋ ਗਿਆ ਹੈ। ਪੁਲ ਹਜਾਰਕੁ ਘਰ, ਅਤੇ ਸੌਕੁ ਹੱਟ ਹੋਊ; ਉਥੇ ਦੀ ਅੰਬਾਰਤ ਕੁਛ ਪੱਕੀ, ਕੁਛ ਕੱਚੀ, ਅਤੇ ਸਹਿਰਪਨਾਹ ਹੈ ਨਹੀਂ। ਸਹਿਰੋਂ ਪੱਛਮ ਦੇ ਰੁਕ ਇਕ ਵਡਾ ਉੱਚਾ ਟਿੱਬਾ ਜਿਹਾ ਹੈ; ਸੋ ਆਖਦੇ ਹਨ, ਜੋ ਅਗਲੇ ਸਮੇ ਵਿਚ ਇਸ ਟਿੱਬੇ ਦੀ ਜਾਗਾ ਸਹਿਰ ਬਸਦਾ ਸਾ; ਪੁਲ ਬੀ ਪੁਰਾਣੀ ਬਸੋਂ ਦੇ ਕੋਈ ਕੋਈ ਧੇਜ ਉਥੋਂ ਨਿਕਲਦੇ ਹਨ। ਉਹ ਦੇ ਗਿਰਦੇ ਚੋਹੁੰ ਬੁਰਜਾਂਵਾਲਾ ਇਕ ਕੱਚਾ ਕੋਟ ਹੈ, ਅਤੇ ਉਸ ਟਿੱਬੇ ਦੇ ਉੱਪਰ, ਦੋ ਤਿੰਨ ਉੱਜੜ ਘਰ ਹਨ। ਇਸ ਜਾਗਾ ਥੀਂ ਅੱਗੇ ਬਾਰ ਚਲਦੀ ਹੈ;

ਅਤੇ ਪੰਜਾਬੀ ਭਾਖਿਆ ਵਿਚ, ਬਾਰ ਜੰਗਲ਼ ਅਰ ਦਰਖਤਾਂ ਦੀ ਜਾਗਾ ਨੂੰ ਆਖਦੇ ਹਨ; ਸੋ ਇਸ ਸਹਿਰ ਦੇ ਦੁਆਲ਼ੇ, ਸਾਰੇ ਬਾਰ ਹੀ ਹੈ, ਅਤੇ ਖਜੂਰਾਂ ਅਣਗਿਣਤ ਹਨ; ਅਤੇ ਇਹ ਕਸਬਾ ਜਗਾਤ ਦੀ ਜਾਗਾ ਹੈ। ਅਤੇ ਸਹਿਰੋਂ ਬਾਹਰ ਕਈ ਮਹਾਪੁਰਸਾਂ ਦੀਆਂ ਕਬਰਾਂ ਹਨ। ਉਹ ਜਾਗਾ, ਜਿਥੇ ਦਰਿਆਉ ਝਨਾਉ ਅਤੇ ਜਿਹਲਮ ਮਿਲ਼ਕੇ ਚਲਦੇ ਹਨ, ਇਸ ਸਹਿਰ ਤੇ ਪੱਛਮ ਦੇ ਰੁਕ ਡੂਢ ਕੋਹ ਹੈ, ਅਤੇ ਦਰਿਆਉ ਰਾਵੀ ਦੱਖਣ ਦੇ ਰੁਕ ਪੰਦਰਾਂ ਕੋਹ ॥

### Rámchauntará.

ਰਾਮਚੌਂਤੜਾ ਰਾਵੀ ਦੇ ਕੰਢੇ ਇਕ ਵਡਾ ਮਸਹੂਰ ਹਿੰਦੂਆਂ ਦੀ ਪੂਜਾ ਦਾ ਸਥਾਨ ਹੈ; ਕਹਿੰਦੇ ਹਨ, ਜੋ ਰਾਜਾ ਰਾਮਚੰਦਰ ਰਾਜੇ ਜਸਰਤ ਦਾ ਪੁਤ੍ਰ, ਕਦੇ ਉਸ ਜਾਗਾ ਬੈਠ ਚੁੱਕਾ ਹੈ। ਉਥੇ ਨਿਰੇ ਫਕੀਰਾਂ ਦੇ ਦੋ ਤਿੰਨ ਪੱਕੇ ਘਰ ਬਣੇ ਹੋਏ ਹਨ; ਹੋਰ, ਇਕ ਬੋਹੜ ਅਰ ਇਕ ਪਿੱਪਲ਼ ਅਤੇ ਖਜੂਰਾਂ ਦੇ ਬੂਟਿਆਂ ਬਾਝ ਕੁਛ ਨਹੀਂ। ਅਤੇ ਵਿਸਾਖ ਦੇ ਮਹੀਨੇ ਦੂਰ ਦੂਰ ਤੇ ਬਹੁਤ ਹਿੰਦੂ ਲੋਕ ਉਥੇ ਜਾਂਦੇ ਹਨ, ਅਤੇ ਸਕਰਾਂਦ ਦੇ ਦਿਨ ਵਡਾ ਮੇਲਾ ਲਗਦਾ ਹੈ ॥

### Makháṇá.

ਮਖਾਣਾ ਸਿਆਲਾਂ ਦਾ ਇਕ ਮਸਹੂਰ ਸਹਿਰ ਹੈ, ਕਿ ਜਿਸ ਵਿਚ ਦੋ ਹਜਾਰ ਘਰ, ਅਤੇ ਢਾਈ ਸੈ ਹੱਟ ਬਸਦੀ ਹੈ; ਪਰ ਘਰ ਅਰ ਹੱਟਾਂ ਸਭ ਕੱਚੀਆਂ ਹੀ ਹਨ। ਇਹ ਸਹਿਰ ਅਹਿਮਦਖਾਂ ਦੇ ਵਾਰੇ, ਜੋ ਝੰਗ ਦਾ ਸਰਦਾਰ ਸਾ, ਬਹੁਤ ਅਬਾਦ ਸੀ। ਦਰਿਆਉ ਝਨਾਉ, ਪੱਛਮ ਦੇ ਦਾਉ ਇਕ ਕੋਹ, ਅਤੇ ਰਾਵੀ ਦੱਖਣ ਦੇ ਰੁਕ ਤੀਹ ਕੋਹ ਹੈ। ਅਤੇ ਇਹ ਘਾਟ ਬਹੁਤ ਮਸਹੂਰ ਹੈ; ਇਸ ਲਈ ਜੋ ਸੁਦਾਗਰ ਲੋਕ ਇਸ ਪੱਤਣ ਲੰਘਕੇ ਮੁਲਤਾਨ

ਅਰ ਬਲਾਇਤ ਨੂੰ ਜਾਂਦੇ ਹਨ, ਅਤੇ ਮਸੂਲ ਅਰ ਜਗਾਤ ਦੀ ਜਾਗਾ ਬੀ ਇਹੋ ਹੈ। ਅਤੇ ਇਹ ਮੁਲਖ ਚਰਖੀ ਹੈ, ਅਰਥਾਤ ਹਰਟਾਂ ਪੁਰ ਫਸਲ ਹੁੰਦੀ ਹੈ; ਉਥੇ ਦੇ ਪੋਨੇ ਗੰਨੇ ਅਤੇ ਸੱਕਰ ਬਹੁਤ ਚੰਗੀ ਹੁੰਦੀ ਹੈ, ਉਥੋਂ ਦਰਿਆਉ ਰਾਵੀ ਦੇ ਕੰਢੇ ਤੀਕੁਰ, ਤੀਹਾਂ ਕੋਹਾਂ ਦੇ ਚੁੜਾਉ ਵਿਚ ਸਭ ਬਾਰ ਹੀ ਹੈ॥

Koṭ Kamáliá.

ਕੋਟਕਮਾਲੀਆ ਇਕ ਮਸਹੂਰ ਨਗਰ ਖੁਰਲਾਂ ਦਾ ਹੈ, ਉਸ ਨਾਲ ਬਹੁਤ ਪਰਗਲੇ ਲਗਦੇ ਹਨ; ਸੇਖ ਮੂਸਾ ਦੀ ਪਿੰਡੀ ਤੀਕੁਰ ਸਭ ਇਸੇ ਦੇ ਤਾਬੇ ਹੈ, ਅਤੇ ਦਰਿਆਉ ਰਾਵੀ ਦੇ ਦੋਹੀਂ ਕੰਢੀਂ ਬਾਰ ਹੈ। ਉਹ ਦੀ ਬਸੋਂ ਸੱਤ ਹਜਾਰ ਘਰ, ਅਰ ਢਾਈ ਸੋ ਹੱਟ ਹੈ; ਉਹ ਦੀ ਅੰਬਾਰਤ ਬਹੁਤੀ ਪੱਕੀ, ਅਤੇ ਥ੍ਰਹੁੜੀ ਕੱਚੀ, ਅਤੇ ਇਕ ਪੱਕੀ ਗੁੰਮਜਦਾਰ ਮਸੀਤ ਅਰ ਪੱਕਾ ਹੌਦ ਹੈ, ਅਤੇ ਸਹਿਰ ਦੇ ਗਿਰਦੇ ਕੱਚੀ ਸਫੀਲ ਹੈ, ਸੋ ਭੀ ਕਈ ਜਾਗਾਂ ਤੇ ਢਹਿ ਗਈ ਹੈ। ਸਹਿਰੋਂ ਪੂਰਬ ਦੇ ਹੱਥ ਇਕ ਭਾਰੀ ਜੰਗੀ ਅਤੇ ਪੱਕਾ ਕਿਲਾ ਹੈ; ਉਹ ਦੀ ਖਾਈ ਪੱਕੀ, ਪਰ ਧੂੜਕੋਟ ਕੱਚਾ ਹੈ। ਅਤੇ ਇਹੋ ਨਗਰ ਘਾਟ ਅਰ ਜਗਾਤ ਦੀ ਜਾਗਾ ਹੈ। ਕਹਿੰਦੇ ਹਨ, ਜੋ ਇਕ ਸੋ ਪੰਜੀ ਹਜਾਰ ਚਲਦੇ ਖੂਹ ਕਮਾਲੀਏ ਦੇ ਤਾਬੇ ਹਨ। ਦਰਿਆਉ ਝਨਾਉ ਉਥੋਂ ਤੀਹ ਕੋਹ, ਹੋਰ ਸਭ ਬਾਰ ਅਤੇ ਜੰਗਲ ਹੀ ਹੈ; ਇਸੇ ਕਰਕੇ ਉਥੇ ਦੇ ਲੋਕ ਊਠ ਬਹੁਤ ਰਖਦੇ ਹਨ। ਕਮਾਲੀਏ ਤੇ ਬੀਹ ਕੋਹ ਬਾਰ ਦੇ ਗੱਭੇ ਮੁਲਤਾਨ ਦੇ ਰਾਹ ਦੇ ਸਿਰੇ ਪੁਰ, ਮਹਾਰਾਜੇ ਰਣਜੀਤਸਿੰਘੁ ਨੈ ਇਕ ਬਾਉੜੀ, ਅਰ ਇਕ ਕੱਚਾ ਜੰਗੀ ਕਿਲਾ, ਅਤੇ ਕਿਲੇ ਦੇ ਗੱਭੇ ਇਕ ਪੱਕੀ ਤ੍ਰਿਹਾਸਮੀ ਅਟਾਰੀ ਬਣਵਾ ਰੱਖੀ ਹੈ; ਤਾਂ ਸਪਾਹੀ ਰਸਤੇ ਦੀ ਚੋਕਸੀ ਲਈ ਉਸ ਕਿਲੇ ਵਿਚ ਰਿਹਾ ਕਰਨ। ਅਤੇ ਇਸ ਕਾਰਨ ਜੋ ਕਾਠੀਏ ਅਰ ਜਲ ਉਸ ਜਿਲੇ ਵਿਖੇ ਧਾੜਾ ਮਾਰਦੇ, ਅਤੇ ਰਾਹ ਨਹੀਂ

ਵਗਲ ਵਿੰਦੇ, ਗਾਫਲੇ ਬਦਰੱਕੀਆਂ ਬਿਨਾ ਨਹੀਂ ਚਲ ਸਕਦੇ। ਅਤੇ ਉਸ ਬਾਉੜੀ ਪੁਰ ਲਿਖਿਆ ਹੋਇਆ ਹੈ, ਜੋ ਇਹ ਬਾਉੜੀ ੧੮੭੮ ਸੰਮਤ ਵਿਚ, ਅਕਾਲ ਸਹਾਇ, ਰਣਜੀਤਸਿੰਘ ਦੀ ਬਣਵਾਈ ਹੋਈ ਹੈ॥

Khái mír Sajáde Baloch dí.

ਖਾਈ ਮੀਰ ਸਜਾਦੇ ਬਲੋਚ ਦੀ ਬਾਰ ਵਿਚ ਦਰਿਆਉ ਰਾਵੀ ਦੇ ਕੰਢੇ ਇਕ ਛੋਟਾ ਜਿਹਾ ਪਿੰਡੋਰਾ ਹੈ; ਉਸ ਵਿਚ ਬਹੁਤ ਥੁਹੁੜੇ ਘਰ ਬਸਦੇ ਹਨ; ਪਰ ਮੀਰ ਸਜਾਦੇ ਦੀ ਪੱਕੀ ਗੁੰਮਜਦਾਰ ਕਬਰ ਹੁਣ ਤੀਕੁਰ ਪਿੰਡੋਂ ਬਾਹਰ ਉਦੇਂ ਦੀ ਉਦੇਂ ਬਣੀ ਹੋਈ ਹੈ॥

Shekh Músá dí Pindí.

ਸੇਖ ਮੂਸਾ ਦੀ ਪਿੰਡੀ, ਦਰਿਆਉ ਰਾਵੀ ਦੇ ਕੰਢੇ ਬਾਰ ਵਿਚ, ਵਡੀ ਮਸਹੂਰ ਜਾਗਾ ਹੈ। ਉਸ ਦੀ ਬਸੋਂ ਢਾਈਕੁ ਸੌ ਘਰ, ਅਰ ਚਾਲੀਕੁ ਹੱਟਾਂ ਹੋਣਗੀਆਂ। ਇਥੋਂ ਕੋਟ ਕਮਾਲੀਏ ਤੀਕੁਰ ਜੋ ਪੰਜਾਹ ਕੋਹ ਹੈ, ਸਾਰਾ ਮੁਲਖ ਦਰਿਆਉ ਰਾਵੀ ਦੇ ਦੋਹੀਂ ਪਾਸੀਂ ਬਲੋਚਾਂ ਦਾ ਹੈ; ਪਰ ਜਾਂ ਉਨ੍ਹਾਂ ਵਿਚੋਂ ਕੋਈ ਨਾ ਰਿਹਾ, ਤਾਂ ਹੋਰ ਹੋਰ ਕੌਮਾਂ ਨੈ ਆਕੇ, ਤਿਨ੍ਹਾਂ ਦੀਆਂ ਜਾਗਾਂ ਸਾਂਭ ਲਈਆਂ, ਅਤੇ ਆਪੇ ਜਿਮੀਦਾਰ ਬਣ ਗਈਆਂ। ਅਤੇ ਪਿੰਡ ਤੇ ਪੂਰਬ ਦੇ ਰੁਕ ਇਕ ਪੱਕਾ ਕਿਲਾ ਹੈ, ਉਹ ਦੇ ਗੱਭੇ ਦੇ ਵਡੇ ਵਡੇ ਊਚੇ ਬੁਰਜ ਹਨ; ਅਤੇ ਇਸ ਪਿੰਡ ਦੇ ਗਿਰਦੇ ਸਭ ਬਾਰ ਹੈ; ਅਤੇ ਦਰਖਤਾਂ ਦੀ ਇਤਨੀ ਬੁਤਾਇਤ ਹੈ, ਕਿ ਉਨ੍ਹਾਂ ਰਾਹਾਂ ਬਿਨਾ, ਜੋ ਠਰਾਏ ਗਏ ਹਨ, ਹੋਰ ਰਸਤੇ ਅਸਵਾਰ ਪਿਆਦੇ ਨੂੰ ਲੰਘਣਾ ਔਖਾ ਹੈ; ਬਲਕ ਧਾੜਵੀਆਂ ਦੇ ਡਰ ਦੇ ਮਾਰੇ, ਬਦਰੱਕੀ ਬਿਨਾ ਕੋਈ ਨਹੀਂ ਲੰਘ ਸਕਦਾ॥

Jhámrá.

ਝਾਮਰਾ ਦਰਿਆਉ ਰਾਵੀ ਦੇ ਕੰਢੇ ਐਨ ਬਾਰ ਦੇ ਵਿਚ ਹੈ,

ਅਤੇ ਕਈ ਜੁਦੀਆਂ ਜੁਦੀਆਂ ਬਸੇਆਂ ਹਨ, ਅਤੇ ਇਹ ਬਸੇਂ ਜਲਾਂ ਦੇ ਘਰ ਹਨ, ਜੋ ਕਦੇ ਕਦੇ ਜੰਗਲ ਥੀਂ ਆਕੇ ਉਨ੍ਹਾਂ ਘਰਾਂ ਵਿਚ ਰਹਿੰਦੇ ਹਨ, ਅਤੇ ਉਸੇ ਜਾਗਾ ਘਾਟ ਹੈ; ਉਹ ਨੂੰ ਝਾਮਰੀਆਂ ਦਾ ਘਾਟ ਆਖਦੇ ਹਨ। ਅਤੇ ਇਥੋਂ ਚਾਰ ਕੋਹ ਸਿਆਲ ਨਾਮੇ ਇਕ ਪਿੰਡ ਹੈ; ਉਹ ਦੇ ਹੇਠ ਡੀਕ ਦਾ ਦਰਿਆਉ ਰਾਵੀ ਨਾਲ ਮਿਲ ਜਾਂਦਾ ਹੈ। ਅਤੇ ਇਸੀ ਜਾਗਾ ਤੇ ਸਾਂਧਰ ਦੀ ਬਾਰ ਚੱਲਦੀ ਹੈ॥

Saidwáḷá.

ਸੈਦਵਾਲਾ ਦਰਿਆਉ ਰਾਵੀ ਦੇ ਕੰਢੇ ਬਾਰ ਦੇ ਵਿਚ ਗੀਲਾਨੀ ਸਈਦਾਂ ਦਾ ਸਹਿਰ ਹੈ, ਅਤੇ ਸੈਦ ਮੀਰ ਗੀਲਾਨੀ ਦਾ ਬਸਾਇਆ ਹੋਇਆ ਹੈ, ਅਤੇ ਸਹਿਰ ਦੇ ਗਿਰਦੇ ਕੱਚਾ ਬਗਲ ਘੇਰਿਆ ਹੋਇਆ ਹੈ; ਉਹ ਦੀ ਅੰਬਾਰਤ ਕਿਧਰਿਓਂ ਪੱਕੀ ਹੈ, ਕਿਧਰਿਓਂ ਕੱਚੀ। ਅਤੇ ਪੂਰਬ ਦੀ ਵੱਲ ਇਕ ਕੱਚਾ ਜੰਗੀ ਕਿਲਾ ਹੈ, ਜਿਸ ਵਿਚ ਸਿੱਖਾਂ ਦਾ ਠਾਲਾ ਰਹਿੰਦਾ ਹੈ, ਅਤੇ ਇਸੀ ਜਾਗਾ ਘਾਟ ਹੈ; ਅਤੇ ਸੇਰਗੜ੍ਹ ਅਰ ਮੁਲਤਾਨ ਅਤੇ ਸਤਗੜ੍ਹੇ ਨੂੰ ਬੀ ਰਾਹ ਜਾਂਦਾ ਹੈ। ਅਤੇ ਇਸ ਮੁਲਖ ਵਿਚ ਖੇਤੀ ਘੱਟ ਹੁੰਦੀ ਹੈ, ਹਾੜ੍ਹੀ ਵਿਚ ਕੁਛ ਕਲਕ ਅਰ ਛੋਲੇ ਹੋ ਜਾਂਦੇ ਹਨ; ਉਨ੍ਹਾਂ ਲੋਕਾਂ ਦਾ ਗੁਜਾਰਾ ਨਿਰਾ ਦੁਧ ਦਹੀਂ ਪੁਰ ਹੈ, ਅਨਾਜ ਬ੍ਰਹੁੜਾ ਖਾਂਦੇ ਹਨ, ਅਤੇ ਡੰਗਰ ਅਰ ਊਂਟ ਬਹੁਤ ਰਖਦੇ ਹਨ। ਅਤੇ ਉਸ ਧਰਤੀ ਵਿਚ ਕੱਲਰ ਅਰ ਕਾਹ ਬਹੁਤ ਹੈ; ਇਸ ਲਈ ਉਹ ਧਰਤੀ ਖੇਤੀ ਦੇ ਲਾਇਕ ਨਹੀਂ ਹੈ; ਪਰ ਕਿਧਰੇ ਕਿਧਰੇ ਖੂਹਾਂ ਪੁਰ ਕਲਕ ਬੀਜ ਲੈਂਦੇ ਹਨ। ਅਤੇ ਬਿਸਤ ਜਲੰਧਰ ਦੇ ਦੁਆਬੇ ਛੁੱਟ, ਹੋਰ ਚੋਹਾਂ ਦੁਆਬਿਆਂ ਵਿਚ ਬਾਰਾਂ ਹਨ। ਅਤੇ ਇਹ ਜੋ ਰਾਵੀ ਅਰ ਝਨਾਉ ਦੇ ਵਿਚਕਾਰ ਹੈ, ਇਸ ਨੂੰ ਸਾਂਧਰ ਦੀ ਬਾਰ ਆਖਦੇ ਹਨ। ਉਹ ਦਾ ਮੁੱਢ ਲੰਬਾਉ ਵੱਲੋਂ ਸੇਖੂਪੁਰ ਤੇ

ਚਲਦਾ ਹੈ, ਅਤੇ ਦਰਿਆਉ ਰਾਵੀ ਅਰ ਝਨਾਉ ਦੇ ਮਿਲਾਪ ਦੀ ਜਾਗਾ ਜਾਕੇ; ਮੁਕ ਜਾਂਦੀ ਹੈ। ਉਹ ਦਾ ਲੰਬਾਉ ਇਕ ਸੌ ਸੱਤਰ ਕੋਹ, ਅਤੇ ਚੁੜਾਉ ਦੁਹਾਂ ਦਰਿਆਵਾਂ ਦੇ ਗੱਭੇ, ਕਿਧਰੋਂ ਚਾਲ੍ਹੀ, ਅਰ ਕਿਧਰੋਂ ਤੀਹ ਕੋਹ, ਅਤੇ ਕਿਧਰੋਂ ਇਸ ਤੇ ਭੀ ਘੱਟ ਹੈ। ਇਸ ਬਾਰ ਵਿਚ ਦਰਖਤਾਂ ਦਾ ਵਡਾ ਬਲ ਹੈ, ਅਤੇ ਇਸ ਬਲ ਦੀ ਧਰਤੀ ਉੱਚੀ ਹੈ, ਅਤੇ ਪਾਣੀ ਅਲੱਭ; ਅਪਰ ਜੋ ਕਿਤੇ ਲਭਦਾ ਹੈ, ਤਾਂ ਅੱਸੀਆਂ ਹੱਥਾਂ ਪੁਰ ਹੈ। ਅਤੇ ਜੰਡ, ਕਰੀਰ, ਵਣ, ਅਤੇ ਹੋਰ ਹਰ ਪਰਕਾਰ ਦੇ ਕੰਡਿਆਲੇ ਰੁੱਖ ਬਹੁਤ ਹਨ, ਅਤੇ ਧਰਤੀ ਕੱਲਰਵਾਲੀ ਅਤੇ ਉੱਜੜ; ਅਪਰ ਦਰਿਆਉ ਦੇ ਆਸੀਂ ਪਾਸੀਂ ਥੁਹੁੜੀ ਜਿਹੀ ਬਸੋਂ ਹੈ॥

ਇਸ ਮੁਲਖ ਦੇ ਲੋਕ ਤੁਰਕਾਂ ਵਰਗੇ ਜਾਂਗਲੂ ਹਨ; ਤੰਬੂ ਬਹੁਤ ਰਖਦੇ ਹਨ, ਅਤੇ ਮਹੀਨਾ ਭਰ ਇਕ ਜਾਗਾ ਨਹੀਂ ਠਹਿਰਦੇ; ਅਤੇ ਹਜਾਰ ਘਰ ਤੇ ਵਧੀਕ ਇਕ ਜਾਗਾ ਕੱਠੇ ਨਹੀਂ ਰਹਿੰਦੇ। ਅਤੇ ਉਨ੍ਹਾਂ ਵਿਚ ਹਰ ਤਰਾਂ ਦੇ ਕਾਰੀਗਰ ਰਹਿੰਦੇ ਹਨ। ਓਹ ਲੋਕ ਗਾਈਆਂ ਮਹੀਆਂ ਬਹੁਤ ਰਖਦੇ, ਅਤੇ ਘਿਉ ਬੇਚ ਲੈਂਦੇ, ਅਰ ਦੁਧ ਦਹੀਂ ਪੁਰ ਦਿਨ ਕੱਟਦੇ, ਅਤੇ ਅੰਨ ਥੁਹੁੜਾ ਖਾਂਦੇ ਹਨ; ਪਰ ਵਡੇ ਤਕੜੇ, ਅਰ ਭਾਰੀ ਸੂਰਮੇ ਜੁਆਨ ਹੁੰਦੇ, ਅਤੇ ਰਾਹ ਮਾਰਦੇ ਹਨ। ਅਤੇ ਇਨ੍ਹਾਂ ਲੋਕਾਂ ਦਾ ਭਰਾਵਾ ਸਿੰਧੀਆਂ ਵਰਗਾ ਹੈ; ਸਿਰ ਪੁਰ ਲੰਬੇ ਲੰਬੇ ਬਾਲ੍ਹ ਰਖਦੇ ਹਨ, ਅਰ ਸੁੱਥਣ ਘੱਟ ਪਹਿਨਦੇ ਹਨ, ਅਤੇ ਬੇਲੇ ਅਰ ਉਜਾੜ ਦਾ ਸਬਬ ਕਰਕੇ, ਹਾਕਮ ਕੋਲੋਂ ਸਦਾ ਆਕੀ ਹੁੰਦੇ ਆਏ ਹਨ, ਅਤੇ ਸਰਕਾਰ ਨੂੰ ਪੈਸਾ ਬੀ ਕਦੇ ਹੀ ਕਦੇ ਭਰਦੇ ਸੇ; ਹੁਣ ਮਹਾਰਾਜ ਰਣਜੀਤਸਿੰਘ ਨੂੰ ਚਾਰ ਹਜਾਰ ਰੁਪਈਆ ਦਿੰਦੇ ਹਨ; ਅਤੇ ਇਨ੍ਹਾਂ ਨੂੰ ਜਲ ਕਰਕੇ ਆਖਦੇ ਹਨ; ਅਤੇ ਜਲ ਜਾਂਗਲੂ ਨੂੰ ਕਹਿੰਦੇ ਹਨ॥

ਇਸ ਬਾਰ ਵਿਚ ਦੋ ਕੋਮਾਂ ਰਹਿੰਦੀਆਂ ਹਨ; ਸੋ ਉਨ੍ਹਾਂ ਵਿਚੋਂ

ਇਕ ਕੋਮ ਦਾ ਨਾਉਂ ਕਾਠੀਆ ਹੈ; ਓਹ ਲੋਕ ਦਰਿਆਉ ਝਨਾਉ ਦੇ ਕੰਢੇ ਰਹਿੰਦੇ ਹਨ, ਅਤੇ ਉਨ੍ਹਾਂ ਦੇ ਸਰਦਾਰ ਦਾ'ਨਾਉਂ ਜੋਲਾ ਸੀ। ਅਤੇ ਦੂਜੀ ਕੋਮ ਖਰਲ, ਜੋ ਦਰਿਆਉ ਰਾਵੀ ਦੇ ਕੰਢੇ ਰਹਿੰਦੀ ਹੈ, ਉਨ੍ਹਾਂ ਦੇ ਸਰਦਾਰ ਦਾ ਨਾਉਂ ਅਹਿਮਦਖਾਂ ਖਰਲ ਸਾ ॥

ਏਹ ਦੋਨੋ ਕੋਮਾਂ ਆਪਸ ਵਿਚ ਵੈਰ ਧਰਦੀਆਂ, ਅਤੇ ਇਕ ਦੂਜੇ ਦੇ ਡੰਗਰ ਪਸੂ ਲੁੱਟ ਲੈ ਜਾਂਦੀਆਂ, ਅਤੇ ਧਾੜੇ ਮਾਰਦੀਆਂ ਹਨ; ਅਤੇ ਇਸ ਬਾਰ ਵਿਚ ਇਨ੍ਹਾਂ ਦੋਨਾਂ ਕੋਮਾਂ ਦੇ ਲੋਕ ਲੱਖ ਨਾਲੋਂ ਵਧੀਕ ਹੋਣਗੇ। ਅਤੇ ਏਹ ਦੋਵੇਂ ਸਰਦਾਰ ਗਾਈਆਂ ਮਹੀਆਂ ਬਹੁਤ ਰਖਦੇ ਸਨ, ਅਤੇ ਰਣਜੀਤਸਿੰਘੁ ਦੀ ਤਾਬੇਦਾਰੀ ਕਰਦੇ ਸਨ, ਅਤੇ ਆਪਣੀ ਕੋਮ ਥੀਂ ਮਾਮਲੇ ਦਾ ਪੈਸਾ ਉਗਰਾਹਕੇ, ਖਜਾਨੇ ਵਿਚ ਦਾਖਲ ਕਰਦੇ ਸਨ ॥

### Farídábád.

ਫਰੀਦਾਬਾਦ ਰਾਵੀ ਦੇ ਕੰਢੇ ਇਕ ਕਦੀਮੀ ਸਹਿਰ ਹੈ, ਜੋ ਸੈਦਵਾਲੇ ਤੇ ਡੂਢ ਕੋਹ ਹੈ; ਅਤੇ ਇਹ ਸਹਿਰ ਤੱਪੇ ਦੀ ਜਾਗਾ, ਅਤੇ ਭੱਟੀ ਰਾਜਪੂਤਾਂ ਦਾ ਹੈ; ਕਿਉਂਕਿ ਮਹਿਰਮਖਾਂ ਭੱਟੀ ਦਾ ਬਣਾਇਆ ਹੋਇਆ ਹੈ। ਘਰ ਹਜਾਰਕੁ, ਅਰ ਹੱਟਾਂ ਡੂਢਕੁ ਸੈ ਹੋਣਗੀਆਂ; ਅੱਗੇ ਇਹ ਸਹਿਰ ਸਾਰਾ ਪੱਕਾ ਸਾ; ਸੋ ਉਸ ਨੂੰ ਬੀ ਦਰਿਆਉ ਹੜ੍ਹਾ ਲੈ ਗਿਆ; ਹੁਣ ਫੇਰ ਨਵੇਂ ਸਿਰੇ ਬਸਿਆ ਹੈ; ਸੋਈ ਉਸ ਦੀ ਬਸੋਂ ਥੁਹੁੜੀ ਪੱਕੀ, ਅਤੇ ਬਹੁਤੀ ਕੱਚੀ, ਬਲਕ ਕਿਧਰੇ ਕਿਧਰੇ ਛੱਪਰਬਾਸ ਬੀ ਹੈ। ਇਸ ਮੁਲਖ ਵਿਚ ਸਾਉਣੀ ਨਹੀਂ ਹੁੰਦੀ, ਪਰ ਸਲਗਮ ਇਤਨੇ ਬਹੁਤ ਹੁੰਦੇ ਹਨ, ਜੋ ਢਾਂਡਿਆਂ ਨੂੰ ਚਾਰਦੇ ਹਨ ॥

ਅਤੇ ਲਹੌਰੋਂ ਫਰੀਦਾਬਾਦ ਤੀਕੁਰ, ਪੂਰਬ ਦੀ ਵਲ ਦਾ ਕੰਢਾ ਉੱਚਾ ਹੈ, ਅਤੇ ਉਸ ਤੇ ਨੀਚਲੇ ਪਾਸੇ, ਦੋਵੇਂ ਖੰਢੇ ਬਰੋਬਰ, ਅਤੇ ਪਰ ਪਾਸੇ ਗਿੱਲ ਹੈ, ਅਤੇ ਇਹੋ ਜਾਗਾ ਘਾਟ ਦੀ ਹੈ, ਅਰ

ਇਸ ਘਾਟ ਨੂੰ ਫਰੀਦਾਬਾਦ ਦਾ ਘਾਟ ਆਖਦੇ ਹਨ, ਅਤੇ ਇਸੇ ਘਾਟੋਂ ਕੰਜੀ ਦੀ ਬਾਰ ਨੂੰ, ਜੋ ਰਾਵੀ ਦੇ ਦੁਆਬੇ ਵਿਚ ਹੈ, ਰਾਹ ਜਾਂਦਾ ਹੈ॥

Jhang siál.

ਸਹਿਰ ਝੰਗਸਿਆਲ ਮਸਹੂਰ ਅਤੇ ਕਦੀਮੀ, ਸਿਆਲ ਗੋਤੇ ਜੱਟਾਂ ਦਾ ਹੈ; ਉਹ ਦੀ ਬਸੋਂ ਚਾਰਕੁ ਹਜਾਰ ਘਰ, ਅਤੇ ਤਿੰਨਕੁ ਸੈ ਹੱਟ ਹੋਊ; ਪਰ ਉਹ ਦੀਆਂ ਹੱਟਾਂ ਬਜਾਰਾਂ ਦੀ ਡੌਲ਼ ਪੁਰ ਨਹੀਂ, ਕੁਛ ਖਿੰਡਮੀਆਂ ਫੁਟਮੀਆਂ ਬਸਦੀਆਂ ਹਨ; ਜਿਹਾਕੁ ਦਸ ਕਿਧਰੇ, ਬੀਹ ਕਿਧਰੇ, ਪੰਜਾਹ ਕਿਧਰੇ, ਸੌ ਕਿਧਰੇ, ਅਤੇ ਹੋਰ ਇਸੇ ਤਰਾਂ ਬਸਦੀਆਂ ਹਨ; ਪਰ ਲੋਕ ਹਰ ਪਰਕਾਰ ਦੇ ਉਸ ਵਿਚ ਅਬਾਦ ਹਨ॥

ਅਗੇ ਸਹਿਰ ਦੇ ਗਿਰਦੇ ਕੱਚੀ ਜੰਗੀ ਸਫੀਲ ਸੀ, ਸੋ ਹੁਣ ਬਹੁਤ ਜਾਗਾ ਤੇ ਢੈਹਿ ਗਈ ਹੈ। ਇਹ ਮੁਲਖ ਸਿਆਲਾਂ ਦੇ ਕਾਬੂ ਵਿਚ ਸੀ, ਪਰ ਤਮੂਰਸਾਹ ਦੀ ਉਲਾਦ ਦੀ ਪਾਤਸਾਹੀ ਢੂਰ ਹੋਣ ਤੇ ਪਿਛੇ ਚਾਰੋਂ ਬੰਨੇ ਆਪ ਹੀ ਮਾਲਕ ਬਣ ਬੈਠੇ। ਅਤੇ ਅਹਿਮਦਖਾਂ, ਜੋ ਸਿਆਲਾਂ ਦਾ ਸਰਦਾਰ ਸਾ, ਅਤੇ ਉਸੇ ਸਹਿਰ ਦਾ ਵਸਕੀਣ ਸੀ, ਸੋ ਮਹਾਰਾਜ ਰਣਜੀਤਸਿੰਘੁ ਨੈ ਲੜ੍ਕੇ ਕੈਦ ਕਰ ਲਿਆ, ਅਤੇ ਸਹਿਰ ਖੁਹੁ ਲੀਤਾ, ਅਤੇ ਉਹ ਕਈ ਚਿਰ ਪਿੱਛੇ ਕੈਦ ਵਿਚ ਹੀ ਮਰ ਗਿਆ। ਹੁਣ ਉਹ ਦੇ ਪੁੱਤ ਮਹਾਰਾਜ ਦੀ ਚਾਕਰੀ ਕਰਦੇ ਹਨ, ਅਤੇ ਮੀਰੇਵਾਲ਼ ਕਈਕੁ ਪਿੰਡਾਂ ਸਣੇ, ਸੱਤ ਹਜਾਰ ਰੁਪਏ ਦੀ ਜਗੀਰ ਵਿਚ, ਉਨ੍ਹਾਂ ਨੂੰ ਸਰਕਾਰੋਂ ਮਿਲਿਆ ਹੋਇਆ ਹੈ; ਸੋ ਉਸ ਵਿਚ ਆਪਣੀ ਗੁਜਰਾਨ ਕਰਦੇ ਹਨ। ਇਹ ਸਿਆਲਾਂ ਦਾ ਮੁਲਖ ਅਹਿਮਦਖਾਂ ਦੇ ਰਾਜ ਵਿਚ ਵਡਾ ਅਬਾਦ ਸੀ; ਹੁਣ ਹਾਕਮਾਂ ਦੇ ਜੁਲਮ ਕਰਕੇ ਉੱਜੜ ਹੋਗਿਆ ਹੈ। ਆਖਦੇ ਹਨ, ਜੋ ਇਸ ਮੁਲਖ ਦਾ

ਚੁਕਾਵਾ ਇਕ ਲੱਖ ਪੰਜੀ ਹਜਾਰ ਰੁਪਈਆ ਹੈ। ਦਰਿਆਉ ਝਨਾਉ ਪਛੱਮ ਪਾਸੇ ਉੱਤਰ ਦੇ ਰੁਕ ਡੇਢ ਕੋਹ, ਅਤੇ ਰਾਵੀ ਦੱਖਣ ਦੇ ਰੁਕ ਪੈਂਤੀ ਕੋਹ; ਅਤੇ ਸਹਿਰੋਂ ਬਾਹਰ ਉੱਤਰ ਦੇ ਪਾਸੇ, ਸਹਿਰ ਮਘਾਲੇ ਦੀ ਵਲ ਰੇਤ ਦੇ ਟਿੱਬੇ ਹਨ। ਇਹ ਪਰਗਲਾ ਸਾਰਾ ਚਰਖੀ ਹੈ। ਅਤੇ ਹਰ ਖੂਹ ਉੱਤੇ ਕਰਸਾਲਾਂ ਦੇ ਪੰਜ ਛੇ ਘਰ ਬਸਦੇ ਹਨ; ਅਤੇ ਉਹ ਖੇਤੀ ਜੋ ਬਰਖਾ ਅਰ ਹੜ੍ਹ ਉੱਪਰ ਹੁੰਦੀ ਹੈ, ਸੋ ਘੱਟ ਹੈ। ਇਹ ਸਹਿਰ ਬੀਬੀ ਹੀਰ ਦੀ ਜੰਮਲਭੂਮ ਹੈ, ਅਤੇ ਮਘਾਲੇ ਅਰ ਇਸ ਸਹਿਰ ਦੇ ਵਿਚਕਾਰੇ ਉਹ ਦੀ ਬੈਠਕ ਹੈ, ਅਤੇ ਉਸ ਬੈਠਕ ਦੇ ਉੱਪਰ ਇਕ ਗੁੰਮਜ ਬਲਿਆ ਹੋਇਆ ਹੈ, ਅਤੇ ਸਾਲ ਪਿੱਛੇ ਇਕ ਦਿਨ ਉਥੇ ਤੀਮੀਆਂ ਮਰਦ ਬਹੁਤ ਕੱਠੇ ਹੁੰਦੇ ਹਨ, ਅਤੇ ਉਸ ਦਿਹਾੜੇ ਉਸ ਜਾਗਾ ਮੇਲਾ ਲਗਦਾ ਹੈ। ਅਤੇ ਹੀਰ ਰਾਂਝੇ ਦਾ ਝੇੜਾ ਸਾਰੀ ਪੰਜਾਬ ਵਿਚ ਮਸਹੂਰ ਹੈ; ਅਤੇ ਕਈ ਕਬੀਸਰਾਂ ਨੈ ਪੰਜਾਬੀ ਭਾਖਿਆ ਵਿਚ ਇਨਾਂ ਦਾ ਝੇੜਾ ਕਥਿਆ ਹੈ, ਅਤੇ ਪਿੰਡਾਂ ਦੇ ਡੂਮ ਉਸ ਕਿੱਸੇ ਨੂੰ ਬਹੁਤ ਗਾਉਂਦੇ ਹਨ॥

Khapoh.

ਖਪੋਹ ਦਰਿਆਉ ਝਨਾਉ ਦੇ ਕੰਢੇ ਸਿਆਲਾਂ ਜੱਟਾਂ ਦਾ ਇਕ ਪੁਰਾਲਾ ਸਹਿਰ ਤੱਪੇ ਦੀ ਜਾਗਾ ਹੈ। ਇਸ ਥੀਂ ਅੱਗੇ ਇਹ ਸਹਿਰ ਬਹੁਤ ਅਬਾਦ ਸੀ, ਹੁਣ ਬੈਰਾਨ ਹੁੰਦਾ ਜਾਂਦਾ ਹੈ; ਕਿੰਉ-ਕਿ ਹੁਣ ਅੱਠ ਸੈ ਘਰ, ਅਰ ਚਾਲ੍ਹੀ ਹੱਟਾਂ ਬਸਦੀਆਂ ਹਨ। ਉਸ ਦੀ ਅੰਬਾਰਤ ਸਾਰੀ ਕੱਚੀ, ਪਰ ਦੋਮਜਲੀ ਤਿਮਜਲੀ ਹੈ, ਅਤੇ ਇਹ ਜਾਗਾ ਬਾਰ ਦੇ ਨੱਕੇ ਦੀ ਹੈ, ਅਤੇ ਨੱਕਾ ਕੰਢੇ ਨੂੰ ਆਖਦੇ ਹਨ; ਅਤੇ ਇਹ ਸਹਿਰ ਮਿਰਜੇ ਅਰ ਸਾਹਬਾਂ ਦੀ ਜੰਮਲਭੂਮ ਹੈ, ਜੋ ਤਿਨਾਂ ਦੇ ਨੇਹੁੰ ਦਾ ਝੇੜਾ ਪੰਜਾਬ ਦੇਸ

ਵਿਚ ਅੱਤ ਮਸਹੂਰ ਹੈ, ਅਤੇ ਪਿੰਡਾਂ ਦੇ ਡੂਮ ਇਹ ਨੂੰ ਬੋ ਬਹੁਤ ਗਾਉਂਦੇ ਹਨ॥

Wárá.

ਵਾੜਾ ਦਰਿਆਉ ਝਨਾਉ ਦੇ ਕੰਢੇ ਸਿਆਲਾਂ ਜੱਟਾਂ ਦਾ ਕਦੀਮੀ ਸਹਿਰ ਹੈ, ਅਤੇ ਇਸੇ ਜਾਗਾ ਤੇ ਸਿਆਲਾਂ ਦੀ ਜਿਮੀ-ਦਾਰੀ ਸੁਰੂ ਹੁੰਦੀ ਹੈ, ਅਤੇ ਤੱਪੇ ਦੀ ਜਾਗਾ ਹੈ; ਇਸ ਤੇ ਅੱਗੇ ਉਹ ਬਹੁਤ ਅਬਾਦ ਸੀ, ਹੁਣ ਨਿਰੇ ਦੋਕੁ ਸੈ ਘਰ, ਅਰ ਚਾਲੀ ਹੱਟਾਂ ਹਨ॥

Chaniot.

ਚਨਿਓਟ ਵਡਾ ਪੁਰਾਣਾ ਸਹਿਰ ਹੈ, ਜੋ ਅਗਲੇ ਸਮੇ ਵਿਚ ਇਕ ਘਾਟੀ ਦੇ ਸਿਰ ਪੁਰ ਬਸਦਾ ਸੀ, ਅਤੇ ਇਸ ਸਹਿਰ ਵਿਚ ਖੋਖਰਾਂ ਦੀ ਬਾਰਸੀ ਸੀ; ਜਾਂ ਬਹੁਤ ਚਿਰ ਬੀਤ ਗਿਆ, ਤਾਂ ਉੱਜੜ ਹੋ ਗਿਆ, ਅਤੇ ਇਸ ਜਾਗਾ, ਕਿ ਜਿਥੇ ਹੁਣ ਹੈ, ਆ ਬਸਿਆ, ਅਤੇ ਅਜਿਹਾ ਵਡਾ ਸਹਿਰ ਹੋ ਗਿਆ, ਜੋ ਉਹ ਦਾ ਗਿਰਦਾ ਢਾਈਆਂ ਕੋਹਾਂ ਦਾ ਹੈ; ਹੁਣ ਗੱਭੇ ਤੇ ਬਹੁਤ ਉੱਜੜ ਪਿਆ ਹੈ, ਪਰ ਸਹਿਰ ਦੀ ਅੰਬਾਰਤ ਸਾਰੀ ਪੱਕੀ, ਅਤੇ ਗਿ-ਆਰਾਂ ਹਜਾਰ ਘਰ ਅਰ ਇਕ ਹਜਾਰ ਹੱਟ ਹੈ। ਦਰਿਆਉ ਝਨਾਉ ਉਥੋਂ ਇਕ ਕੋਹ ਪੁਰ ਪਹਾੜ ਦੀਆਂ ਦੁਹੁੰ ਘਾਟੀਆਂ ਵਿੱਚੀਂ ਵਡੀ ਤੇਜੀ ਨਾਲ ਵਗਦਾ ਹੈ; ਭਾਵੇਂ ਇਸ ਗਿਰਦੇ ਪਹਾੜ ਨਹੀਂ, ਪਰ ਪਰਮੇਸੁਰ ਦੀ ਸਕਤ ਨਾਲ ਘਾਟੀਆਂ ਹੋ ਗਈਆਂ ਹੋਈਆਂ ਹਨ, ਅਤੇ ਉਸੀ ਜਾਗਾ ਘਾਟ ਹੈ। ਅਤੇ ਦਰਿਆਉ ਦੇ ਭੀੜੇ ਹੋਲੇ ਅਰ ਤੇਜੀ ਦੇ ਕਾਰਨ ਉਸ ਘਾਟ ਬੇੜੀਆਂ ਨੂੰ ਵਡਾ ਡਰ ਹੈ। ਅਤੇ ਇਥੇ ਦੁਹੁੰ ਪਹਾੜਾਂ ਦੇ ਗੱਭੇ ਦਰਿਆਉ ਦੇ ਦੋਹੀਂ ਪਾਸੀਂ ਫਕੀਰਾਂ ਦੀਆਂ ਬੈਠਕਾਂ ਬਣੀਆਂ ਹੋਈਆਂ ਹਨ। ਵਾਹ! ਵਾਹ! ਕਿਆ ਸੈਲ ਦੀ ਜਾਗਾ ਹੈ, ਜੋ ਦਰਿਆਉ

ਦੇ ਵਿਚਕਾਰ ਇਕ ਟਿੱਲਾ ਹੈ, ਅਤੇ ਉਹ ਦੇ ਚੌਹੀਂ ਪਾਸੀਂ ਦਰਿਆਉ ਵਗਦਾ ਹੈ, ਅਤੇ ਉਸ ਟਿੱਲੇ ਉਪਰ ਕੋਈ ਪਾਤਸਾਹੀ ਵਿਚੋਂ ਕਿਲਾ ਬਣਾਉਣ ਲੱਗਾ ਸਾ, ਸੋ ਅਣਬਣਿਆ ਹੀ ਰਹਿ ਗਿਆ; ਹੁਣ ਤੀਕੁਰ ਉਹ ਦੀ ਅੰਬਾਰਤ ਦਾ ਖੋਜ ਕਾਇਮ ਹੈ, ਅਤੇ ਇਥੋਂ ਹੀ ਦਰਿਆਉ ਦੇ ਦੋਹੀਂ ਪਾਸੀਂ ਅੱਠਾਂ ਕੋਹਾਂ ਤੀਕੁਰ ਪਹਾੜ ਦੇ ਟਿੱਬ ਸੁਰੂ ਹੋਏ ਹਨ। ਅਤੇ ਬਾਜੀਆਂ ਘਾਟੀਆਂ ਜੋ ਬਾਰ ਦੇ ਵਿਚ ਹਨ, ਅੱਤ ਉੱਚੀਆਂ ਅਤੇ ਵਡੀਆਂ ਹਨ, ਅਤੇ ਅੰਬਾਰਤਾਂ ਬਹੁਤ ਅਨੂਪ, ਜੋ ਬਜੀਰਖਾਂ ਅਤੇ ਸਦੁੱਲਾਖਾਂ ਨੈ ਬਣਵਾਈਆਂ ਸਨ; ਹੁਣ ਬਹੁਤੀਆਂ ਬੈਰਾਨ ਪਈਆਂ ਹਨ, ਨਿਰੀ ਇਕ ਗੁੰਮਜਦਾਰ ਮਸੀਤ ਅਰ ਪੱਥਰ ਦਾ ਹੌਦ ਬਿਹੜੇ ਵਿਚ ਕਾਇਮ ਹੈ, ਅਤੇ ਇਕ ਸੇਖ ਬੁਰਹਾਨ ਕੁਰੈਸੀ ਦਾ ਮਕਬਰਾ ਹੈ; ਪਰ ਉਹ ਦਾ ਗੁੰਮਜ ਵਡਾ ਅਨੂਪ ਸੰਗ ਮਰਮਰ ਅਤੇ ਅਬਰੀ ਅਤੇ ਕਈ ਭਾਂਤ ਦੇ ਪੱਥਰਾਂ ਦਾ ਬਣਿਆ ਹੋਇਆ ਹੈ; ਅਤੇ ਉਸ ਤੇ ਪੱਛਮ ਦੇ ਰੁਕ ਇਕ ਪੱਥਰ ਦੀ ਮਸੀਤ; ਅਤੇ ਸਹਿਰੋਂ ਬਾਹਰ ਦੱਖਣ ਦੇ ਪਾਸੇ ਸੇਖ ਇਸਮਾਈਲ ਦਾ ਮਕਬਰਾ ਹੈ, ਅਤੇ ਉਹ ਦੇ ਗਿਰਦੇ, ਉਸ ਦੀ ਉਲਾਦ ਅਰ ਮਜਾਉਰਾਂ ਦੇ ਸੌਕੁ ਘਰ ਬਸਦੇ ਹਨ; ਅਤੇ ਸਹਿਰ ਦੇ ਗੱਤੇ ਇਕ ਪੱਕਾ ਕਿਲਾ ਹੈ, ਸੋ ਉਸ ਵਿਚ ਹਾਕਮ ਦੀ ਜਾਗਾ ਹੈ, ਅਤੇ ਕਈ ਲੋਕਾਂ ਦੇ ਘਰ ਬੀ ਵਿਚ ਹੀ ਬਸਦੇ ਹਨ। ਅਤੇ ਉਹ ਮੁਲਖ ਚਰਖੀ ਹੈ, ਖੇਤੀ ਮੀਂਹ ਅਤੇ ਹੜ੍ਹਾਂ ਨਾਲ ਘਟ ਹੁੰਦੀ ਹੈ, ਅਤੇ ਇਸ ਜਾਗਾ ਕਮਾਣਾਂ ਅਜਿਹੀਆਂ ਚੰਗੀਆਂ ਬਣਦੀਆਂ ਹਨ, ਜੋ ਬਰਸਾਤ ਦੀ ਰੁੱਤ ਵਿਚ ਬੀ ਬਲਹੀਣ ਨਹੀਂ ਹੁੰਦੀਆਂ॥

### Pindi.

ਪਿੰਡੀ ਭੱਟੀਆਂ ਦੀ ਚਣਿਓਟ ਥੀਂ ਦੱਖਣ ਦੇ ਰੁਕ ਪੰਦਰਾਂ ਕੋਹ ਭੱਟੀ ਗੋਤੇ ਰਾਜਪੂਤਾਂ ਦੀ ਹੈ, ਜੋ ਦੁੱਲੇ ਭੱਟੀ ਦੀ ਉਲਾਦ ਹਨ,

ਅਤੇ ਇਸ ਬਾਰ ਨੂੰ ਦੂਲੇ ਦੀ ਬਾਰ ਆਖਦੇ ਹਨ। ਇਹ ਜਾਗਾ ਮਸਹੂਰ ਅਤੇ ਕਦੀਮੀ ਤੱਪੇ ਦੀ ਜਾਗਾ ਹੈ, ਤਿੰਨਕੁ ਹਜਾਰ ਘਰ, ਅਤੇ ਢਾਈਕੁ ਸੈ ਹੱਟ ਬਸਦੀ ਹੈ; ਅੰਬਾਰਤ ਬਹੁਤੀ ਕੱਚੀ, ਅਤੇ ਥ੍ਹੁੜੀ ਪੱਕੀ ਹੈ; ਅਤੇ ਪੈਰਮੁਹੰਮਦ ਨਾਮੇ ਇਕ ਸੰਤ ਦਾ ਮਕਬਰਾ, ਜੋ ਨੂਲਾਂ ਦੀ ਕੋਮ ਵਿਚ ਹੈ, ਸਹਿਰੋਂ ਅੰਦਰ ਵਡਾ ਉੱਚਾ ਗੁੰਮਜਦਾਰ ਬਣਿਆ ਹੋਇਆ ਹੈ। ਸਹਿਰਪਨਾਹ ਕੱਚੀ ਹੈ, ਪਰ ਵਡੀ ਡਾਢੀ ਅਰ ਜੰਗੀ ਹੈ। ਦਰਿਆਉ ਝਨਾਉ ਉਥੋਂ ਢਾਈ ਕੋਹ ਹੈ; ਅਤੇ ਇਹ ਸਹਿਰ ਦੂਲੇ ਭੱਟੀ ਦੀ ਬਾਰ ਦੇ ਵਿਚ ਹੈ॥

## Jalálpur.

ਜਲਾਲਪੁਰ ਭੱਟੀਆਂ ਦਾ, ਭੱਟੀਆਂ ਦੀ ਪਿੰਡੀ ਤੇ ਬੀਹ ਕੋਹ, ਇਕ ਮਸਹੂਰ ਸਹਿਰ ਤੱਪੇ ਦੀ ਜਾਗਾ ਅਹਿਮਦਜਾਰਖਾਂ ਭੱਟੀ ਰਾਜਪੂਤ ਦਾ ਬਸਾਇਆ ਹੋਇਆ ਹੈ। ਘਰ ਪੰਜ ਹਜਾਰ, ਅਤੇ ਬਜਾਰ ਦੀਆਂ ਹੱਟਾਂ ਅੱਠ ਸੈ ਹਨ, ਅਤੇ ਅੰਬਾਰਤ ਸਾਰੀ ਪੱਕੀ, ਅਤੇ ਪੱਕੀ ਸਹਿਰਪਨਾਹ ਦੇ ਗਿਰਦੇ ਇਕ ਹੋਰ ਕੱਚੀ ਕੰਧ ਘੇਰੀ ਹੋਈ ਹੈ, ਅਤੇ ਉਹ ਦੇ ਅੰਦਰਵਾਰ ਬਸੋਂ ਹੈ, ਅਤੇ ਪੱਕੀ ਸਹਿਰਪਨਾਹ ਦੀ ਕੰਧ ਚੌਰਸ ਹੈ। ਇਸ ਸਹਿਰ ਦੇ ਮਾਲਕ ਅੱਗੇ ਫੈਜਾਂਵਾਲੇ ਸੇ, ਪਰ ਮਹਾਰਾਜੇ ਰਣਜੀਤਸਿੰਘੁ ਦੇ ਰਾਜ ਵਿਚ ਸਭ ਬਰਬਾਦ ਹੋ ਗਏ। ਬਾਰ ਵਲ ਦੀ ਧਰਤੀ ਵਿਚ ਬਰਖਾ ਨਾਲ਼ ਫਸਲ ਹੁੰਦੀ ਹੈ, ਅਤੇ ਦਰਿਆਉ ਵਲ ਦੀ ਧਰਤੀ ਵਿਚ ਹੜ੍ਹ ਨਾਲ਼। ਦਰਿਆਉ ਝਨਾਉ ਉੱਤਰ ਦੇ ਰੁਕ ਦੋ ਕੋਹ, ਅਤੇ ਦੂਲੇ ਭੱਟੀ ਦੀ ਬਾਰ਼ ਦੱਖਣ ਦੇ ਰੁਕ ਤਿੰਨ ਕੋਹ ਹੈ॥

## Rasúlnagar, or Rámnagar.

ਰਸੂਲਨਗਰ ਜਲਾਲਪੁਰ ਤੇ ਤੀਹ ਕੋਹ, ਪੀਰਮੁਹੰਮਦ ਅਰ

ਖਾਨਮੁਹੰਮਦ ਜੱਟ ਦਾ ਅਬਾਦ ਕੀਤਾ ਹੋਇਆ, ਇਕ ਮਸਹੂਰ ਸਹਿਰ ਹੈ, ਜੋ ਇਨਾਂ ਦਿਨਾਂ ਵਿਚ ਵਡੀ ਰੌਲਕ ਧਰਦਾ ਹੈ; ਜਿਹਾਕੁ ਦਸ ਹਜਾਰ ਘਰ, ਅਰ ਡੇਢ ਹਜਾਰ ਹੱਟ ਉਸ ਵਿਚ ਬਸਦੀ ਹੈ, ਅਤੇ ਅੰਬਾਰਤ ਬਹੁਤੀ ਪੱਕੀ, ਅਤੇ ਕੋਈ ਕੋਈ ਕੱਚੀ ਹੈ, ਅਤੇ ਅਗੇ ਨਾਲੋਂ ਹੁਣ ਬਹੁਤ ਪੱਕੀਆਂ ਹਵੇਲੀਆਂ ਬਣ ਗਈਆਂ ਹਨ; ਅਤੇ ਮਹਾਰਾਜੇ ਰਣਜੀਤਸਿੰਘੁ ਨੈ ਬੀ ਇਕ ਕੱਚੀ ਸਹਿਰਪਨਾਹ ਅੱਤ ਤਕੜੀ ਅਤੇ ਜੰਗੀ ਬਣਵਾਈ ਹੈ ॥

ਏਹ ਪੀਰਮੁਹੰਮਦ ਅਰ ਖਾਨਮੁਹੰਮਦ ਵਡੇ ਸੂਰਮੇ ਅਰ ਫੌਜਾਂਵਾਲੇ ਸਨ, ਅਤੇ ਰਾਜਰੌਲੇ ਵਿਖੇ ਆਪੇ ਆਪ ਹੋਕੇ, ਸਿੱਖਾਂ ਨਾਲ ਦੀਨ ਦੀ ਲੜਾਈ ਲੜਦੇ ਰਹੇ; ਓੜਕ ਸਰਦਾਰ ਮਹਾਸਿੰਘੁ ਰਣਜੀਤਸਿੰਘੁ ਦੇ ਬਾਪ ਨੈ ਵਡੀਆਂ ਲੜਾਈਆਂ ਲੜਕੇ ਇਨਾਂ ਨੂੰ ਮਾਰ ਲੀਤਾ, ਅਤੇ ਮੁਲਖ ਖੁਹੁ ਲਿਆ, ਅਤੇ ਇਹ ਕੋਮ ਕੁਛ ਕੈਦ ਵਿਚ ਆ ਗਈ, ਅਤੇ ਕੁਛ ਮਾਰੀ ਪਈ । ਤਿਸ ਪਿਛੇ ਸਿੱਖਾਂ ਨੈ ਇਸ ਸਹਿਰ ਦਾ ਨਾਉਂ ਵਟਾ ਧਰਿਆ, ਅਰਥਾਤ ਰਾਮਨਗਰ ਕਰਕੇ ਆਖਦੇ ਹਨ। ਅਤੇ ਸਰਦਾਰ ਮਹਾਸਿੰਘੁ ਇਸ ਕੋਮ ਨੂੰ ਜਿੱਤਕੇ ਵਡਾ ਸੁਕਿਆ। ਦਰਿਆਉ ਝਨਾਉ ਉੱਤਰ ਦੇ ਰੁਕ ਡੇਢ ਕੋਹ ਹੈ, ਅਤੇ ਇਹ ਘਾਟ ਵਡਾ ਮਸਹੂਰ ਹੈ; ਕਿੰਉਕਿ ਕੁਰਾਸਾਨ ਨੂੰ ਬੀ ਇਸੀ ਘਾਟੋਂ ਰਾਹ ਜਾਂਦਾ ਹੈ ॥

Manchar.

ਮਨਚਰ ਜੱਟਾਂ ਦੀ ਮਸਹੂਰ ਜਾਗਾ ਹੈ, ਪਰ ਹੁਣ ਕੁਛ ਅਬਾਦ ਨਹੀਂ ॥

Alípur.

ਅਲੀਪੁਰ ਰਸੂਲਨਗਰ ਤੇ ਤਿੰਨ ਕੋਹ ਅਲੀਮੁਹੰਮਦ ਚੱਠੇ

ਦਾ ਬਸਾਇਆ ਹੋਇਆ ਹੈ। ਡੇਢ ਹਜਾਰ ਘਰ ਅਰ ਦੋ ਸੈ ਹੱਟਾਂ ਅਬਾਦ ਹੈਨ; ਉਹ ਦੀ ਅੰਬਾਰਤ ਬਹੁਤੀ ਕੱਚੀ, ਅਤੇ ਕਿਧਰੇ ਕਿਧਰੇ ਪੱਕੀ ਹੈ। ਸਹਿਰ ਤੇ ਦੱਖਲ ਦੇ ਰੁਕ ਇਕ ਵਡੀ ਚੌੜੀ ਬਾਉੜੀ ਹੈ, ਜੋ ਬਹੁਤ ਡੂੰਘੀ, ਅਤੇ ਚੁਫੇਰੇ ਪੌੜੀਆਂ ਬਣੀਆਂ ਹੋਈਆਂ ਹਨ; ਦਰਿਆਉ ਝਨਾਉ ਦੱਖਣ ਦੇ ਦਾਉ ਪੰਜ ਕੋਹ ਹੈ॥

Harn Munárá.

ਹਰਨ ਮੁਨਾਰਾ ਇਕ ਮਸਹੂਰ ਜਾਗਾ, ਲਹੌਰੋਂ ਅਠਾਰਾਂ ਕੋਹ ਬਾਰ ਦੇ ਕੰਢੇ ਜੰਗਲ ਵਿਚ ਹੈ; ਉਹ ਦੇ ਦੁਆਲੇ ਬਾਰਾਂ ਕੋਹਾਂ ਤੀਕੁਰ ਸਭ ਉਜਾੜ, ਅਤੇ ਪਾਣੀ ਅਲਲੱਭ ਹੈ॥

Shekhúpur.

ਸੇਖੂਪੁਰ, ਸਜਾਦੇ ਸੇਖੂ ਦਾ ਬਸਾਇਆ ਹੋਇਆ, ਜੱਟਾਂ ਦਾ ਸਹਿਰ ਹੈ; ਸੱਤ ਸੈ ਘਰ, ਅਤੇ ਦੋ ਸੈ ਹੱਟ ਅਬਾਦ ਹੈ; ਸਹਿਰ ਦੀ ਅੰਬਾਰਤ ਬਾਜੀ ਕੱਚੀ, ਤੇ ਬਾਜੀ ਪੱਕੀ; ਅਤੇ ਸਹਿਰ ਥੀਂ ਪੱਛਮ ਦੇ ਦਾਉ ਵਡਾ ਡਾਢਾ ਚੂਨੇ ਗਚ ਕਿਲਾ ਓਸੇ ਸਜਾਦੇ ਦਾ ਬਣਵਾਇਆ ਹੋਇਆ ਹੈ, ਕਿ ਜਿਸ ਨੈ ਇਸ ਸਹਿਰ ਦੀ ਨੀਉਂ ਧਰੀ ਸੀ; ਅਤੇ ਇਹ ਕਿਲਾ ਚੌਨੁਕਰਾ ਹੈ, ਇਕ ਦਰਵੱਜਾ ਅਰੁ ਛੱਤੀ ਬੁਰਜ ਧਰਦਾ ਹੈ। ਇਸ ਦੇਸ ਵਿਚ ਪਾਣੀ ਤੀਹਾਂ ਗਜਾਂ ਪੁਰ ਨਿਕਲਦਾ ਹੈ। ਅਤੇ ਖੁਲਾਸਤੁਲ ਤਬਾਰੀਖ ਵਿਚ ਲਿਖਿਆ ਹੈ, ਜੋ ਜਹਾਂਗੀਰ ਪਾਤਸਾਹ ਨੈ ਸਜਾਦਗੀ ਦੇ ਦਿਨਾਂ ਵਿਚ ਪੰਜਾਬ ਵਿਖੇ ਸਾਹੁਮੱਲੀ ਦੇ ਮੂੰਢ ਆਪਣੇ ਨਾਉਂ ਪੁਰ ਸੇਖੂਪੁਰ ਨਾਮੇ ਪਿੰਡ ਅਬਾਦ ਕੀਤਾ; ਅਤੇ ਉਸ ਵੇਲੇ ਇਸ ਪਾਤਸਾਹ ਨੂੰ ਸੁਲਤਾਨ ਸੇਖੂ ਕਰਕੇ ਆਖਿਆ ਕਰਦੇ ਸੇ; ਕਿੰਉਕਿ ਸੇਖ ਸਲੇਮ ਦਰਵੇਸ ਦੀ ਦੁਆ ਨਾਲ ਪੈਦਾ ਹੋਇਆ ਸੀ। ਉਸ ਸਜਾਦੇ ਨੈ ਬ੍ਰਹੁਤੀ ਜਿਹੀ ਅੰਬਾਰਤ ਦੀ ਨੀਉਂ ਧਰਕੇ, ਉਹ

ਦੇ ਗਿਰਦੇ ਸਕਾਰਗਾਹ ਠਰਾਈ ਸੀ । ਪਰ ਜਾਂ ਤਖਤ ਪੁਰ ਬੈਠੇ ਨੂੰ ਚੌਦਾਂ ਵਰਿਹਾਂ ਹੋਈਆਂ, ਤਾਂ ਓਨ ਸੇਖੂਪੁਰੇ ਦਾ ਅੱਡ ਪਰਗਨਾ ਠਰਾਕੇ, ਜਹਾਂਗੀਰਾਬਾਦ ਨਾਉਂ ਰਖਿਆ, ਅਤੇ ਹੋਰਨਾਂ ਪਰਗਨਿਆਂ ਵਿਚੋਂ ਪਿੰਡ ਕੱਟਕੇ, ਇਸ ਦੇ ਨਾਲ਼ ਲਾ ਦਿੱਤੇ, ਅਤੇ ਉਹ ਦੇ ਹੁਕਮ ਨਾਲ਼ ਮਹਿਲ ਅਰ ਤਲਾਉ ਅਰ ਇਕ ਉੱਚੇ ਮੁਨਾਰੇ ਦੀ ਨੀਉਂ ਧਰੀ ਗਈ, ਅਤੇ ਇਸ ਅੰਬਾਰਤ ਉੱਪੁਰ ਇਕ ਲੱਖ ਪੰਜਾਹ ਹਜਾਰ ਰੁਪੱਯਾ ਖਰਚ ਵਿਚ ਆਇਆ । ਇਸ ਸਹਿਰ ਤੇ ਦੋ ਕੋਹ ਜੰਗਲ਼ ਦੇ ਵਿਚ, ਜਿੱਥੇਕੁ ਦਰਖਤਾਂ ਦੀ ਵਡੀ ਝਿੜੀ ਹੈ, ਉਥੇ ਇਕ ਗੋਲ਼ ਚੂਨੇ ਗੱਚ ਅੰਬਾਰਤ ਬਹੁਤ ਮਜਬੂਤ ਬਨੀ ਹੋਈ ਹੈ; ਉਹ ਦੇ ਅੰਦਰ ਛੇਮਜਲੇ ਗੁੰਮਜਦਾਰ ਘਰ, ਅਤੇ ਬਾਹਰਵਾਰ ਉੱਤਰ ਦੀ ਵਲ ਇਕ ਵਡਾ ਪੱਕਾ ਤਲਾਉ ਹੈ, ਜੋ ਬਾਰਾਂ ਮਹੀਨੇ ਪਾਨੀ ਨਾਲ਼ ਭਰਿਆ ਰਹਿੰਦਾ ਹੈ; ਅਤੇ ਇਸ ਅੰਬਾਰਤ ਨੂੰ ਮੁਨਾਰਾ ਕਹਿੰਦੇ ਹਨ । ਸਜਾਦੇ ਨੈ ਇਹੋ ਮਕਾਨ ਸੈਲ ਅਤੇ ਸਕਾਰ ਲਈ ਬਨਵਾਇਆ ਸੀ; ਸੋਈ ਉਸ ਦੇ ਦੁਆਲ਼ੇ ਜੰਗਲ਼ ਅਰ ਸਕਾਰ ਬਹੁਤ ਹੈ ॥

Mudabbá.

ਮੁਦੱਬਾ ਦਰਿਆਉ ਰਾਵੀ ਦੇ ਕੰਢੇ ਪਾਸੋ ਪਾਸ ਚਾਰ ਬਸਤੀਆਂ ਹਨ; ਸੋ ਤਿਨਾਂ ਚੌਹਾਂ ਬਸਤੀਆਂ ਵਿਚ ਚਾਰ ਹਜਾਰ ਘਰ, ਅਤੇ ਦੋ ਸੈ ਹੱਟ ਹੈ; ਅਤੇ ਏਹ ਸਾਰੇ ਗਰਾਉਂ ਦਰਿਆਉ ਦੇ ਕੰਢੇ ਪੁਰ ਹਨ, ਅਤੇ ਕਈ ਅੰਬਾਂ ਦੇ ਬੂਟੇ ਬੀ ਹਨ ॥

Kháíchakk.

ਖਾਈਚੱਕ ਤਿੰਨ ਜਾਗਾ ਕੋਲ਼ੋ ਕੋਲ਼ ਬਸਦਾ ਹੈ, ਪਰ ਤਿਹਾਂ ਦਾ ਇੱਕੋ ਨਾਉਂ ਮਸਹੂਰ ਹੈ; ਅਤੇ ਸੰਧੂਆਂ ਦੀ ਬਾਰਸੋ ਵਿਚ ਹੈ, ਅਤੇ ਉਨਾਂ ਦੇ ਦਾਦੇ ਦਾ, ਜੋ ਚੱਕ ਨਾਉਂ ਧਰਦਾ ਸੀ, ਬਸਾਇਆ ਹੋਇਆ ਹੈ । ਤਿਹਾਂ ਬਸਤੀਆਂ ਦੇ ਘਰ ਸਾਢੇ ਤਿੰਨ

ਹਜਾਰ, ਅਤੇ ਹੱਟ ਦੋ ਸੈ, ਅਤੇ ਅੰਬਾਰਤ ਸਾਰੀ ਕੱਚੀ ਹੈ; ਅਤੇ ਇਸ ਮਕਾਂਨ ਦੇ ਨੇੜੇ ਤੇਹੁੰ ਚੋਹੁੰ ਕੋਹਾਂ ਦੀ ਬਿੱਥ ਵਿਚ ਹੋਰ ਬਾਰਾਂ ਪਿੰਡ ਬਸਦੇ ਹਨ; ਸੋ ਸੱਭੇ ਖਾਈ ਨਾਲ਼ ਲਗਦੇ ਹਨ, ਅਤੇ ਉਸੇ ਕੋਮ ਦੀ ਜਿਮੀਦਾਰੀ ਹੈ॥

Sarkpur and Bhaiṇí.

ਸਰਕਪੁਰ ਅਤੇ ਭੈਣੀ ਰਾਈਆਂ ਦੇ ਵਡੇ ਮਸਹੂਰ ਮਕਾਨ ਹਨ। ਸਰਕਪੁਰ ਵਿਚ ਤਿੰਨ ਹਜਾਰ ਘਰ, ਅਤੇ ਡੇਢ ਸੈ ਹੱਟ ਹੋਊ; ਅੰਬਾਰਤ ਬਹੁਤੀ ਕੱਚੀ, ਅਤੇ ਥੁਹੁੜੀ ਪੱਕੀ; ਅਤੇ ਸਹਿਰ-ਪਨਾਹ ਇਸ ਕਰਕੇ ਜੋ ਕੱਚੀ ਸੀ, ਬਹੁਤ ਜਾਗਾ ਤੇ ਢੈਹਿ ਗਈ ਹੈ। ਅਤੇ ਭੈਣੀ ਵਿਚ ਸਭ ਪੰਜ ਸੌ ਘਰ, ਅਤੇ ਗਿਣਤੀ ਦੀਆਂ ਹੱਟਾਂ ਹਨ। ਉਸ ਜਿਲੇ ਵਿਚ ਪਿੰਡ ਬਹੁਤ ਹਨ, ਪਰ ਸਭਨਾਂ ਵਿਖੇ ਰਾਈਆਂ ਦੀ ਹੀ ਜਿਮੀਦਾਰੀ ਹੈ। ਅਗੇ ਓਹ ਲੋਕ ਵਡੀ ਠੁੱਕ ਵਾਲੇ ਸੇ; ਅਤੇ ਉਸ ਦੇਸ ਵਿਚ ਮਲਕ ਜਾ ਮਹਿਰ ਅਖਾਉਂਦੇ ਸਨ; ਜਿਹਾਕੁ ਲਹੌਰ ਸਹਿਰ ਮਹਾਰਾਜੇ ਰਣਜੀਤਸਿੰਘੁ ਨੂੰ ਮਹਿਰ ਮੁਹਕਮ ਦੀ ਕੁੰਮਕ ਨਾਲ਼ ਹੱਥ ਲੱਗਾ ਸਾ; ਹੁਣ ਹਾਕਮਾਂ ਦੀ ਜੁਲਮੀ ਦੇ ਸਬਬ ਖੁਆਰ ਅਤੇ ਲਚਾਰ ਹੋ ਗਏ ਹੋਏ ਹਨ॥

Bajírábád. (*Urdú*, Wazírábád.)

ਬਜੀਰਾਬਾਦ ਇਕ ਮਸਹੂਰ ਸਹਿਰ ਹੈ, ਜੋ ਨਬਾਬ ਬਜੀਰਖਾਂ ਦਾ ਬਸਾਇਆ ਹੋਇਆ ਹੈ; ਉਸ ਵੇਲੇ ਅੱਠ ਬਸਦਾ ਸੀ, ਜਾਂ ਸਿੱਖਾਂ ਨੈ ਖਰੂਦ ਚੱਕਿਆ, ਅਤੇ ਪੰਜਾਬ ਬੈਰਾਨ ਹੋਈ, ਤਦ ਇਹ ਸਹਿਰ ਬੀ ਉਜਾੜ ਹੋ ਗਿਆ। ਅਤੇ ਜਿਸ ਵੇਲੇ ਗੁਰਬਖਸਸਿੰਘੁ ਨੂੰ ਇਹ ਸਹਿਰ ਲੱਭਾ, ਉਸ ਨੈ ਇਹ ਦੇ ਬਸਾ-ਉਣ ਵਿਚ ਬਹੁਤ ਕੋਸਸ ਕੀਤੀ। ਫੇਰ ਸਰਦਾਰ ਮਹਾਸਿੰਘੁ ਨੈ ਸਰਾਂ ਦੇ ਕੋਲ਼ ਇਕ ਬਾਗ ਲਵਾਲਿਆ; ਤਦ ਤੇ ਲਾਕੇ

ਦਿਨੋਂ ਦਿਨ ਬਸੋਂ ਵਿਚ ਵਧਦਾ ਜਾਂਦਾ ਹੈ। ਇਸ ਵੇਲੇ ਬਾਰਾਂ ਹਜਾਰ ਘਰ, ਅਰ ਦੋ ਹਜਾਰ ਹਟ ਅਬਾਦ ਹੈ। ਉੱਤਰ ਦੇ ਰੁਕ ਦੀ ਸਫੀਲ ਦੇ ਮੂੰਢ ਇਕ ਪਾਣੀ ਦਾ ਨਲ਼ਾ ਚੱਲਦਾ ਹੈ, ਅਤੇ ਉਥੋਂ ਅੱਧ ਕੋਹ ਦੀ ਵਿੱਥ ਪੁਰ ਦਰਿਆਉ ਝਨਾਉ ਵਗਦਾ ਹੈ। ਸਹਿਰ ਦੀ ਅੰਬਾਰਤ ਬਹੁਤੀ ਪੱਕੀ, ਅਤੇ ਥੁਹੁੜੀ ਕੱਚੀ ਹੈ, ਅਤੇ ਰਾਜ ਘਾਟ ਬੀ ਉਸੇ ਜਾਗਾ ਹੈ। ਅਤੇ ਸਹਿਰੋਂ ਇਕ ਕੋਹ ਸੇਖੁਲਹਿੰਦ ਦੀ ਖਾਨਗਾਹ ਹੈ, ਜੋ ਵਡਾ ਬਲੀ ਅਤੇ ਪਰਮਹੰਸ ਸੀ, ਅਤੇ ਬੰਦੇ ਦੀ ਲੜਾਈ ਵਿਚ ਸਹਿਰ ਬਟਾਲ਼ੇ ਤੇ ਬਾਹਰ ਸਿੱਖਾਂ ਦੇ ਹੱਥੋਂ ਸਹੀਦ ਹੋਇਆ। ਉਸ ਜਾਗਾ ਇਕ ਪਿੰਡ ਹੈ, ਕਿ ਜਿਹ ਨੂੰ ਸੇਖੁਲਹਿੰਦ ਦਾ ਕੋਟਲ਼ਾ ਆਖਦੇ ਹਨ; ਅਤੇ ਸਹਿਰੋਂ ਦੋ ਕੋਹ ਇਕ ਹੋਰ ਪਿੰਡ ਹੈ, ਜੋ ਉਹ ਨੂੰ ਧੌਂਕਲ਼ ਕਰਕੇ ਕਹਿੰਦੇ ਹਨ; ਉਹ ਦੇ ਹੇਠ ਇਕ ਢਾਹਾ ਹੈ, ਅਤੇ ਦੱਖਣ ਦੇ ਦਾਉ ਲੱਕੜੀ ਦੇ ਥੰਮਾਂ ਪੁਰ ਇਕ ਮਸੀਤ ਹੈ, ਜੋ ਸੇਖ ਰਾਉ ਦੇ ਬੈਠਣ ਦੀ ਜਾਗਾ ਹੈ, ਜਿਹ ਨੂੰ ਸੁਲਤਾਨ ਸਰਵਰ ਕਰਕੇ ਆਖਦੇ ਹਨ, ਅਤੇ ਚੇਤ ਦੇ ਮਹੀਨੇ ਹਰ ਦੇਸ ਦੇ ਲੋਕ ਉਥੇ ਪਰਸਣ ਲਈ ਜਾਂਦੇ ਹਨ; ਪਰ ਅਲਪਞ ਲੋਕ ਉਸ ਪਰਮਹੰਸ ਪੁਰ ਅਜਿਹੀ ਪਤੀਜ ਧਰਦੇ ਹਨ, ਜੋ ਕੁਫਰ ਦੇ ਨੇੜੇ ਢੁਕ ਜਾਂਦੇ ਹਨ, ਬਲਕ ਜਾਹਰਾ ਕਾਫਰ ਬਣ ਜਾਂਦੇ ਹਨ; ਕਿੰਉਕਿ ਜਿਹੜੇ ਕੰਮ ਪਰਮੇਸੁਰ ਦੇ ਕਰਨੇ ਦੇ ਹਨ, ਸੋ ਉਸ ਪਰਮਹੰਸ ਤੇ ਮੰਗਦੇ ਹਨ, ਬਲਕ ਉਹ ਨੂੰ ਕਰਤਾ ਪੁਰਖ ਸਮਝਦੇ ਹਨ॥

### Kujhráṇwáḷá.

ਕੁਝਰਾਂਵਾਲ਼ਾ ਸਿੱਖਾਂ ਦੇ ਰਾਜ ਵਿਚ ਨਵਾਂ ਬਸਿਆ ਹੋਇਆ ਸਹਿਰ ਹੈ; ਅਤੇ ਸਰਦਾਰ ਮਹਾਸਿੰਘੁ ਨੈ ਜੋ ਮਹਾਰਾਜੇ ਰਣਜੀਤਸਿੰਘੁ ਦਾ ਪਿਤਾ ਸੀ, ਇਸ ਸਹਿਰ ਦੈ ਬਸਾਉਣ ਵਿਚ ਵਡੀ ਜਾਨਮਾਰੀ ਕੀਤੀ ਸੀ; ਕਿੰਉਕਿ ਉਥੇ ਦੇ ਬਸਕੀਣ ਮਹਾ-

ਸਿੰਧੂ ਦੀ ਗੋਤ ਦੇ ਸਨ, ਅਰਥਾਤ ਸਾਂਹਸੀ ਜੱਟ ਸੇ। ਇਸ ਤੇ ਅੱਗੇ ਇਹ ਇੱਕ ਨਿੱਕਾ ਜਿਹਾ ਪਿੰਡੇਰਾ ਸਾ, ਹੁਣ ਦਸਕੁ ਹਜਾਰ ਘਰ, ਅਰ ਦੋਕੁ ਹਜਾਰ ਹੱਟਾਂ ਹੋਲਗੀਆਂ। ਅੰਬਾਰਤ ਬਾਜੀ ਪੱਕੀ, ਅਤੇ ਬਾਜੀ ਕੱਚੀ, ਅਤੇ ਇਕ ਕੱਚੀ ਅਤੇ ਅਧੂਰੀ ਸਹਿਰਪਨਾਹ ਹੈ। ਲਹੌਰੀ ਦਰਵੱਜੇ ਤੇ ਬਾਹਰ ਦੱਖਣ ਦੇ ਰੁਕ ਮਹਾਰਾਜੇ ਰਣਜੀਤਸਿੰਘੁ ਨੈ ਇਕ ਬਾਗ ਅਤੇ ਸੁੰਦਰ ਬੈਠਕਾਂ ਬਣਵਾਈਆਂ ਹਨ। ਬਜੀਰਾਬਾਦ ਦਾ ਘਾਟ ਇਸ ਸਹਿਰ ਤੇ ਬਾਰਾਂ ਕੋਹਾਂ ਪੁਰ ਹੈ॥

Parsrúr, or Pasrúr.

ਪਰਸਰੂਰ ਇਕ ਪੁਰਾਣਾ ਕਦੀਮੀ ਸਹਿਰ ਹੈ; ਉਹ ਦੀ ਅੰਬਾਰਤ ਸਾਰੀ ਪੱਕੀ, ਪਰ ਸਹਿਰਪਨਾਹ ਕੱਚੀ ਹੈ; ਉਥੇ ਦੀ ਬਾਰਸੀ ਬਜੂਹਿਆਂ ਰਾਜਪੂਤਾਂ ਦੀ ਹੈ। ਉਹ ਦੀ ਬਸੋਂ ਢਾਈ ਹਜਾਰ ਘਰ, ਅਤੇ ਢਾਈ ਸੌ ਹੱਟ ਹੈ। ਉਥੇ ਦੇ ਖੂਹਾਂ ਦਾ ਪਾਣੀ ਅੱਤ ਖਾਰਾ ਹੈ; ਇਸੇ ਕਰਕੇ ਉਸ ਸਹਿਰ ਨੂੰ ਪਸਰੂਰ ਪੁਰਸੋਰ ਆਖਦੇ ਹਨ। ਦਰਿਆਉ ਝਨਾਉ ਉਥੋਂ ਸਤਾਰਾਂ ਕੋਹ, ਅਤੇ ਰਾਵੀ ਸੋਲਾਂ ਕੋਹ ਹੈ; ਅਤੇ ਇਹ ਸਹਿਰ ਬਜੂਹਿਆਂ ਦਾ ਹੈ। ਗੱਲ ਕੀ, ਇਨ੍ਹਾਂ ਜਿਲਿਆਂ ਵਿਚ ਬਜੂਹਿਆਂ ਦੇ ਪਿੰਡ ਬਹੁਤ ਹਨ; ਜਿਹੀਕੁ ਭੈਣੀ, ਚੁਵਿੰਡਾ, ਅਰ ਹੋਰ ਕਈ ਪਿੰਡ ਹਨ, ਜੋ ਤਿਨ੍ਹਾਂ ਦੇ ਨਾਉਂ ਲਿਖਣੇ ਅਵਿਰਥਾ ਹਨ॥

Emnábád.

ਏਮਨਾਬਾਦ ਇਕ ਪੁਰਾਣਾ ਕਦੀਮੀ ਸਹਿਰ ਕੁਝਰਾਂਵਾਲਿਓਂ ਪੰਜ ਕੋਹ ਹੈ। ਅਗੇ ਬਹੁਤ ਅਬਾਦ ਸੀ, ਹੁਣ ਸਿੱਖਾਂ ਦੇ ਰਾਜ ਵਿਚ ਬੈਰਾਨ ਹੋ ਗਿਆ ਹੈ। ਪਾਤਸਾਹਾਂ ਦੇ ਰਾਜ ਵਿਖੇ ਨੌਂ ਲੱਖ ਰੁਪਏ ਦਾ ਪਰਗਣਾ ਉਸ ਨਾਲ਼ ਲਗਦਾ ਸੀ; ਅਤੇ ਸਹਿਰ ਦੀ ਅੰਬਾਰਤ ਸਹਿਰਪਨਾਹ ਸਣੇ ਸਾਰੀ ਪੱਕੀ ਹੈ, ਪਰ ਡਿਗੀ

ਛੱਠੀ ਹੋਈ ਹੈ। ਅਤੇ ਸਹਿਰੋਂ ਉੱਤਰ ਦੇ ਰੁਕ ਇਕ ਪੱਕਾ ਕਿਲਾ ਹੈ॥

Sháhdará.

ਸਾਹਦਰਾ ਦਰਿਆਉ ਰਾਵੀ ਦੇ ਕੰਢੇ ਲਹੌਰ ਦੇ ਸਾਹਮਲੇ ਦੂਹੁੰ ਕੋਹਾਂ ਦੀ ਵਿੱਥ ਉਪੁਰ, ਬਜੂਹੇ ਗੋਤੇ ਜੱਟਾਂ ਦਾ ਇਕ ਮਸ-ਹੂਰ ਅਤੇ ਪੱਕਾ ਸਹਿਰ ਹੈ, ਦੱਖਲ ਦੇ ਰੁਕ ਦਰਿਆਉ ਦੇ ਕੰਢੇ ਜਹਾਂਗੀਰ ਪਾਤਸਾਹ ਦਾ ਮਕਬਰਾ ਹੈ, ਜੋ ਸਾਰਾ ਪੱਥਰ ਦਾ, ਪਾਤਸਾਹਾਂ ਦੇ ਰਹਿਲ ਲਾਇਕ, ਵਡਾ ਖੁਲਾ ਅਤੇ ਉੱਚਾ, ਸਾਹ-ਜਹਾਂ ਪਾਤਸਾਹ ਦਾ ਬਲਾਇਆ ਹੋਇਆ ਹੈ, ਅਤੇ ਉਸ ਵਰ-ਗੀ ਅੰਬਾਰਤ ਸਾਰੇ ਹਿੰਦੁਸਥਾਨ ਵਿਚ ਕਿਧਰੇ ਵਿਰਲੀ ਹੋਊ। ਉਹ ਦੇ ਦੁਆਲੇ ਇਕ ਪੱਕਾ ਅਤੇ ਅਨੂਪ ਅਰ ਖੁਲਾ ਬਾਗ ਹੈ, ਜੋ ਉਹ ਦੀ ਅੰਬਾਰਤ ਸਰਬੱਤ ਪੱਥਰ ਦੀ, ਅਤੇ ਹੌਦ ਅਰ ਮੁ-ਨਾਰੇ ਅੱਤ ਅਨੂਪ ਬਲੇ ਹੋਏ ਹਨ; ਲੋਕ ਉਸ ਨੂੰ ਦੇਖਕੇ ਦੰਗ ਹੋ ਜਾਂਦੇ ਹਨ। ਪਾਤਸਾਹ ਦੇ ਮਕਬਰੇ ਨੂੰ ਕਈ ਭਾਂਤ ਦੇ ਪੱਥਰ ਜੜੇ ਹੋਏ ਹਨ, ਜਿਹਾਕੁ ਹਕੀਕ, ਸੁਲੇਮਾਨੀ, ਲਾਜਵਰਦ, ਅਤੇ ਹੋਰ ਕਈ ਪਰਕਾਰ ਦੇ ਭਾਰੀ ਮੁਲੇ ਪੱਥਰ ਲਗੇ ਹੋਏ ਹਨ, ਅਤੇ ਛੱਤਾਂ ਅਰ ਕੰਧਾਂ ਸੰਗ ਮਰਮਰ ਅਰ ਲਾਲ ਅਰ ਅਬਰੀ ਪੱਥਰ ਦੀਆਂ ਬਲੀਆਂ ਹੋਈਆਂ ਹਨ। ਤਿਸ ਪਿੱਛੇ, ਬਹੁਤ ਚਿਰ ਬੀਤਲੇ ਅਤੇ ਮਾਲਕਾਂ ਦੇ ਸਿਰ ਪੁਰ ਨਾ ਹੋਲ ਕਰਕੇ, ਕਈਆਂ ਜਾਗਾਂ ਤੇ ਢੈਹਿ ਗਿਆ ਹੋਇਆ ਤਾ ਸੀ, ਪਰ ਮਹਾ-ਰਾਜੇ ਰਲਜੀਤਸਿੰਘੁ ਨੈ ਮੂਲ ਹੀ ਰਹਿੰਦਾ ਖੂੰਧਾ ਬੀ ਖਰਾਬ ਕਰ ਦਿੱਤਾ, ਜੋ ਬਾਗ ਦੀ ਅੰਬਾਰਤ ਦੇ ਪੱਥਰ ਪਟਵਾਕੇ, ਅਮ-ਰਿਤਸਰ ਲਿਆਕੇ, ਰਾਮ ਬਾਗ ਬਲਵਾਇਆ; ਅਤੇ ਸੰਗ ਮਰ-ਮਰ, ਜੋ ਮਕਬਰੇ ਦੀ ਛੱਤ ਅਰ ਦਰਵੱਜਿਆਂ ਪੁਰ ਲਗੇ ਹੋਏ ਸਨ, ਸਲੇ ਫਰਸ ਪਟਾਕੇ, ਲਹੌਰ ਨੂੰ ਭਿਜਵਾ ਦਿੱਤੇ। ਅਤੇ ਚੜ੍ਹਦੇ

ਰੁਕ ਦੇ ਬੁਰਜ ਨੂੰ, ਬੁਰਜੀ ਜਿਹੀ ਬਾਗ ਦੀ ਕੰਧ ਸਮੇਤ ਦਰਿ-ਆਉ ਹੜ੍ਹਾ ਲੈ ਗਿਆ ਹੈ। ਇਸ ਮਕਬਰੇ ਤੇ ਪੱਛਮ ਦੇ ਦਾਉ ਬੁ-ਪਾਰੀਆਂ ਦੇ ਉਤਾਰੇ ਲਈ ਇਕ ਪਾਤਸਾਹੀ ਸਰਾਂ ਸੀ, ਅਤੇ ਇਸ ਤੇ ਪੱਛਮ ਦੇ ਰੁਕ ਆਸਫਖਾਂ ਦਾ ਗੁੰਮਜਦਾਰ ਮਕਬਰਾ ਬੱਗੇ ਪੱਥਰ ਦਾ ਅਜਿਹਾ ਉੱਚਾ ਬਣਿਆ ਹੋਇਆ ਸਾ, ਜੋ ਬਾਰਾਂ ਕੋਹਾਂ ਤੇ ਦਿਖਾਲੀ ਦਿੰਦਾ; ਅਤੇ ਜਹਾਂਗੀਰ ਅਰ ਨੂਰਜਹਾਂ ਬੇਗਮ ਦਾ ਮਕਬਰਾ, ਜੋ ਦੋਵੇਂ ਬਹੁਤ ਹੀ ਅਨੂਪ ਬਣੇ ਹੋਏ ਸੇ, ਸਭ ਖਰਾਬ ਹੋ ਗਏ ਹਨ; ਹੁਣ ਆਇਰਿਆਂ ਛੁਟ ਹੋਰ ਕੁਛ ਬਾਕੀ ਨਹੀਂ ਰਿਹਾ॥

Mírowál.

ਮੀਰੋਵਾਲ ਚੋਖਰ ਰਾਜਪੂਤਾਂ ਦਾ ਕਸਬਾ ਹੈ; ਘਰ ਇਕ ਹਜਾਰ, ਅਤੇ ਬਜਾਰ ਦੀਆਂ ਹੱਟਾਂ ਅੱਸੀਕੁ ਅਬਾਦ ਹਨ। ਸਹਿਰ ਦੀ ਅੰਬਾਰਤ ਸਣੇ ਸਫੀਲ, ਕੱਚੀ ਅਤੇ ਟੁਟੀ ਫੁਟੀ ਪਈ ਹੈ॥

Badomallí.

ਬੱਦੋਮੱਲੀ ਮੱਲੀ ਗੋਤੇ ਜੱਟਾਂ ਦਾ ਮਕਾਨ ਹੈ; ਸਹਿਰਪਨਾਹ ਕੱਚੀ, ਅਰ ਦੋ ਮਸੀਤਾਂ ਪੱਕੀਆਂ; ਪਰ ਖੇਤੀ ਹਰ ਪਰਕਾਰ ਦੀ ਬਹੁਤ ਹੁੰਦੀ ਹੈ। ਅਤੇ ਝਨਾਉ ਦਾ ਬਜੀਰਾਬਾਦਵਾਲਾ ਘਾਟ ਉੱਥੋਂ ਪੱਚੀ ਕੋਹ ਹੈ॥

Sodhará.

ਸੋਧਰਾ ਇਕ ਕਦੀਮੀ ਮਸਹੂਰ ਸਹਿਰ ਹੈ, ਜੋ ਅਗਲੇ ਸਮੇ ਵਿਚ ਬਹੁਤ ਅਬਾਦ ਸੀ, ਹੁਣ ਬੈਰਾਨ ਹੋ ਗਿਆ ਹੈ; ਨਿਰੀ ਇਕ ਸੌ ਹੱਟ, ਅਰ ਅੱਠ ਸੈ ਘਰ ਅਬਾਦ ਰਹਿ ਗਿਆ ਹੈ; ਪਰ ਸਭ ਪੱਕੇ ਹਨ। ਅੱਗੇ ਪਾਤਸਾਹਾਂ ਦੇ ਸਮੇ ਵਿਚ ਇਹ ਜਾਗਾ ਬਿੱਦਿਆ ਅਰ ਚੰਗੀ ਲਿਖਤ ਦੇ ਕਾਰਨ ਵਡੀ ਮਸਹੂਰ ਸੀ, ਅਤੇ

ਉੱਥੇ ਦੇ ਲੋਕ ਪਾਤਸਾਹਾਂ ਦੀਆਂ ਕਚਹਿਰੀਆਂ ਵਿਚ ਆਉਂਦੇ ਜਾਂਦੇ ਰਹੇ ਸਨ; ਹੁਣ ਉਹ ਗੱਲ ਨਹੀਂ ਰਹੀ; ਪਰ ਕੋਈ ਕੋਈ ਲਿਖਾਰੀ ਹੁਣ ਬੀ ਉੱਥੇ ਚੰਗੇ ਹੁੰਦੇ ਹਨ। ਨਬਾਬ ਅਲੀਮਰਦਾਂ-ਖਾਂ ਨੈ ਇਸ ਸਹਿਰ ਦੀ ਅਬਾਦੀ ਵਿਚ ਬਹੁਤ ਕੋਸਸ ਕੀਤੀ ਸੀ, ਅਤੇ ਇਕ ਸੁੰਦਰ ਬਾਗ ਅਰ ਫੁਹਾਰੇ ਅਰ ਹੌਦ ਅਤੇ ਅਨੂਪ ਬੈਠਕਾਂ ਬਲਵਾਈਆਂ ਸਨ, ਅਤੇ ਨਹਿਰ ਲਿਆਕੇ ਉਸ ਬਾਗ ਵਿਚ ਚਲਾਈ ਸੀ; ਹੁਣ ਸਭੇ ਕੁਛ ਬਰਬਾਦ ਹੋ ਗਿ-ਆ, ਅਤੇ ਨਹਿਰ ਬੀ ਸੁੱਕ ਗਈ ਹੈ। ਇਸ ਤੇ ਬਾਹਰਾ ਇਕ ਸਹਿਰ ਬੀ ਬਸਾਇਆ ਸੀ, ਜਿਹ ਦਾ ਨਾਉਂ ਆਪਣੇ ਪੁੱਤ ਦੇ ਨਾਉਂ ਉੱਪੁਰ ਇਬਰਾਹੀਮਾਬਾਦ ਧਰਿਆ ਸਾ ॥

Ibráhímábád.

ਇਬਰਾਹੀਮਾਬਾਦ ਅਗਲੇ ਸਮੇ ਵਿਚ ਚੰਗਾ ਬਸਦਾ ਸੀ; ਹੁਣ ਉਹ ਬੀ ਉਜੜ ਹੋ ਗਿਆ, ਅਰ ਖੋਪਰਾ ਉੱਥੋਂ ਦੋ ਕੋਹ ਹੈ ॥

Khoprá.

ਖੋਪਰਾ ਹੁਣ ਬੈਰਾਨ ਪਿਆ ਹੈ; ਅਗੇ ਬਹੁਤ ਬਸਦਾ ਸੀ। ਏਹ ਦੋਵੇਂ ਨਗਰ ਕੱਠੇ ਬੁਲਾਏ ਜਾਂਦੇ ਹਨ, ਅਰਥਾਤ ਸੋਧਰਾ ਖੋਪਰਾ। ਖੋਪਰਾ ਘੁੰਮਣ ਗੋਤੇ ਜਿਮੀਦਾਰਾਂ ਦਾ, ਅਰ ਸੋਧਰਾ ਚੀਮੇ ਗੋਤੇ ਜਿਮੀਦਾਰਾਂ ਦਾ ਹੈ; ਅਤੇ ਸਹਿਰੋਂ ਬਾਹਰ ਦੱਖਣ ਦੇ ਰੁਕ ਇਕ ਪੱਕਾ ਕਿਲਾ ਹੈ ॥

Sambariáḷ.

ਸੰਬਰਿਆਲ਼ ਸੋਧਰੇ ਤੇ ਪੰਜ ਕੋਹ, ਅਤੇ ਸਿਆਲ਼ਕੋਟੋਂ ਛੇ ਕੋਹ ਤੱਪੇ ਦੀ ਜਾਗਾ, ਸਿਆਲ਼ਕੋਟ ਦੇ ਤਾਬੇ ਘੁੰਮਣ ਗੋਤੇ ਜਿ-ਮੀਦਾਰਾਂ ਦਾ ਹੈ। ਇਸ ਕੋਮ ਦੇ ਇਕ ਹਜਾਰ ਘਰ, ਅਤੇ ਦੋ ਸੈ ਹੱਟ ਅਬਾਦ ਹੈ, ਅਰ ਪਿੰਡ ਤੇ ਅੰਦਰਵਾਰ ਇਕ ਪੱਕਾ ਜੰਗੀ ਕਿਲਾ ਉੱਚੇ ਜਿਹੇ ਟਿੱਬੇ ਉੱਪੁਰ ਬਣਿਆ ਹੋਇਆ ਹੈ ॥

### Siálkot.

ਸਿਆਲਕੋਟ ਇਕ ਪੁਰਾਣਾ ਹਿੰਦੂ ਰਾਜਿਆਂ ਦੇ ਵਾਰੇ ਦਾ ਸਹਿਰ ਹੈ; ਆਖਦੇ ਹਨ, ਜੋ ਇਹ ਸਹਿਰ ਰਾਜੇ ਟੁੰਡੇ ਪਾਂਡੂਆਂ ਦੇ ਤਾਏ ਚਾਚੇ ਦਾ, ਜੋ ਮਹਾਭਾਰਥ ਦੀ ਲੜਾਈ ਵਿਚ ਮਾਰਿਆ ਗਿਆ, ਬਣਾਇਆ ਹੋਇਆ ਹੈ; ਅਤੇ ਬਾਜੇ ਕਹਿੰਦੇ ਹਨ, ਜੋ ਰਾਜੇ ਸਾਲਬਾਹਣ ਦਾ ਬਣਾਇਆ ਹੋਇਆ ਹੈ। ਸਹਿਰੋਂ ਉੱਤਰ ਦੇ ਦਾਉ ਉੱਚੇ ਟਿੱਬੇ ਪੁਰ ਇਕ ਵਡ੍ਹਾ ਡਾਢਾ ਪੱਕਾ ਪਿਛਲੇ ਸਮੇ ਦਾ ਬਣਿਆ ਹੋਇਆ ਕਿਲਾ ਹੈ; ਉਹ ਦੀ ਸਫ਼ੀਲ ਬਾਹਰਲੇ ਪਾਸਿਓਂ ਪੰਦਰਾਂ ਗਜ, ਅਤੇ ਕਿਧਰਿਓਂ ਬੀਹ ਗਜ, ਅਤੇ ਅੰਦਰੋਂ ਦੋ ਗਜ, ਕਿਧਰੇ ਇਸ ਥੋਂ ਬੀ ਘਟ ਹੈ; ਅਤੇ ਕਿਲੇ ਦੇ ਦੁਆਲੇ ਸਾਢੇ ਛੇ ਸੈ ਕਰਮਾਂ ਲੰਬੀ ਛਾਤੀ, ਜਿਤਨੀ ਉੱਚੀ ਸਫ਼ੀਲ ਹੈ, ਅਤੇ ਬੀਹ ਬੁਰਜ; ਚਾਰ ਚੌਹੀਂ ਨੁੱਕਰੀਂ, ਅਤੇ ਚਾਰ ਚਾਰ ਚੌਹੀਂ ਬਾਹੀਂ; ਪੁਰ ਇਸ ਕਰਕੇ ਜੋ ਕਈ ਸਮੇ ਬੀਤ ਗਏ ਹਨ, ਬਹੁਤੀਆਂ ਜਾਗਾਂ ਤੇ ਖਰਾਬ ਹੋ ਗਈ ਹੈ, ਅਤੇ ਜਿਮੀਨ ਅੰਦਰੋਂ ਨੀਚੀ ਉੱਚੀ ਹੈ। ਜਾਂ ਸੁਲਤਾਨ ਸਹਾਬਦੀਨ ਗੋਰੀ ਪੰਜਵੀਂ ਬਾਰ, ਸਨ ੫੮੦ ਪੰਜ ਸੈ ਅਸੀ ਹਿਜਰੀ ਵਿਚ, ਸੁਲਤਾਨ ਮਮੂਦ ਗਜਨਵੀ ਦੀ ਉਲਾਦ ਕੋਲੋਂ ਲਹੌਰ ਲੈਣ ਲਈ ਆਇਆ, ਤਾਂ ਓਨ ਆਉਂਦੇ ਹੀ ਨੈ ਮੋਰਚੇ ਲਾ ਦਿਤੇ। ਪਰ ਲੈ ਨਾ ਸੱਕਿਆ, ਤਾਂ ਮੁੜਦਾ ਹੋਇਆ ਸਿਆਲਕੋਟ ਵਿਚ ਆਣ ਉਤਰਿਆ, ਅਤੇ ਇਸ ਕਿਲੇ ਨੂੰ ਜੋ ਢੱਠਾ ਪਿਆ ਸੀ, ਨਵੇਂ ਸਿਰੇ ਬਣਵਾਕੇ, ਉਸ ਵਿਚ ਆਪਣਾ ਨਾਇਬ ਛੱਡਕੇ ਮੁੜ ਗਿਆ। ਅਤੇ ਇਹ ਅੰਬਾਰਤ ਜੋ ਹੁਣ ਹੈ, ਸੁਲਤਾਨ ਸਹਾਬਦੀਨ ਦੀ ਬਣਵਾਈ ਹੋਈ ਹੈ। ਅਤੇ ਰਾਜਿਆਂ ਦੀਆਂ ਅੰਬਾਰਤਾਂ ਦਾ ਕੁਛ ਖੁਰਖੋਜ ਬਾਕੀ ਨਹੀਂ ਰਿਹਾ, ਨਿਰੀ ਪੰਜ ਛੇ

ਗਜ ਕੰਧ ਜੋ ਦਰਵੱਜੇ ਦੇ ਲਾਗ ਪੱਕੀ ਚੂਨੇ ਗਚ ਬਣੀ ਹੋਈ ਹੈ, ਰਹਿ ਗਈ ਹੈ। ਹੁਣ ਮਹਾਰਾਜੇ ਰਣਜੀਤਸਿੰਘ ਨੈ ਕਈ ਜਾਗਾਂ ਤੇ ਟੁੱਟਾ ਭੱਜਾ ਮੁਰੰਮਤ ਕਰਾਕੇ, ਆਪਣਾ ਠਾਣਾ ਬਹਾਲ ਦਿੱਤਾ। ਅਕਬਰ ਪਾਤਸਾਹ ਦੇ ਸਮੇ ਵਿਚ ਰਾਜੇ ਮਾਨਸਿੰਘ ਨੈ, ਅਤੇ ਜਹਾਂਗੀਰ ਦੇ ਵੇਲੇ ਸਫਦਰਖਾਂ ਨੈ, ਜੋ ਵਡੇ ਬਹਾਦਰ ਸਪਾਹੀ ਸਨ, ਇਸ ਸਹਿਰ ਦੀ ਅਬਾਦੀ ਵਿਚ ਵਡੀ ਕੋਸਸ ਕੀਤੀ ਸੀ, ਅਤੇ ਤਿਨਾਂ ਦੀ ਕੋਸਸ ਨਾਲ ਵਡਾ ਸਹਿਰ ਹੋ ਗਿਆ ਸਾ। ਜਾਂ ਨਾਦਰਸਾਹ ਅਰ ਅਹਿਮਦਸਾਹ ਦੁਰਾਨੀ ਇਸ ਦੇਸ ਵਿਚ ਆਏ, ਤਾਂ ਅਗੇ ਤੇ ਬੀ ਵਧੇਰੇ ਉਜੜ ਹੋ ਗਿਆ; ਤਿਸ ਪਿਛੇ ਫੇਰ ਸਿਖਾਂ ਨੈ ਫੂਕ ਦਿੱਤਾ, ਅਰ ਕਈ ਅੰਬਾਰਤਾਂ ਮੁੱਢੋਂ ਹੀ ਢਾਹ ਸਿਟੀਆਂ; ਹੁਣ ਥੁਹੁੜਾ ਜਿਹਾ ਬਸਦਾ ਹੈ। ਅਤੇ ਸਹਿਰ ਦੇ ਦੁਆਲੇ ਕੁਛ ਜੁਦੀ ਜੁਦੀ ਬਸੋਂ ਹੈ, ਜੋ ਹਰੇਕ ਨੂੰ ਪੁਰਾ ਕਰਕੇ ਆਖਦੇ ਹਨ; ਜਿਹਾਕੁ ਰੰਗਪੁਰਾ, ਛੱਤਪੁਰਾ, ਰਾਇਪੁਰਾ, ਟਿਬਲਾਪੁਰਾ, ਹਾਮੀਪੁਰਾ, ਅਤੇ ਮੀਆਂਪੁਰਾ। ਅਤੇ ਇਹ ਮੌਲਵੀ ਅਬਦੁਲਹਕੀਮ ਦੇ ਨਾਉਂ ਪੁਰ ਮਸਹੂਰ ਹੈ, ਜੋ ਵਡਾ ਆਲਮ ਪਾਤਸਾਹਾਂ ਦਾ ਮੁਸਾਹਬ ਹੁੰਦਾ ਰਿਹਾ ਸੀ, ਅਤੇ ਉਸ ਦੀ ਕਬਰ ਸਹਿਰੋਂ ਬਾਹਰ ਮਜੂਦ ਹੈ, ਅਤੇ ਉਹ ਦੇ ਘਰ ਅਤੇ ਬਾਗ ਦੀਆਂ ਅੰਬਾਰਤਾਂ ਅੱਤ ਸੁੰਦਰ ਬਣੀਆਂ ਹੋਈਆਂ ਸੀਆਂ, ਹੁਣ ਨਿਰੇ ਉਨਾਂ ਦੇ ਆਇਰੇ ਬਾਕੀ ਰਹਿ ਗਏ ਹਨ; ਤਿਸ ਦੀ ਉਲਾਦ ਹੁਣ ਤੀਕੁਰ ਉਸੇ ਪੁਰੇ ਵਿਚ ਬਸਦੀ ਹੈ॥

Bágbánán dí Pindí &c.

ਬਾਗਬਾਨਾਂ ਦੀ ਪਿੰਡੀ, ਅਤੇ ਕਕੇ ਜਈਆਂ ਦਾ ਠੱਠਾ, ਅਤੇ ਪਠਾਣਾਂ ਦਾ ਝੱਪਾ, ਹਰੇਕ ਇਕ ਕਸਬੇ ਵਰਗਾ ਅਬਾਦ ਹੈ। ਅਤੇ ਬਰਸ ਪਿਛੇ ਇਕ ਦਿਨ ਉਥੇ ਮੇਲਾ ਲਗਦਾ ਹੈ; ਉਸ ਦਿਹਾੜੇ ਉਥੇ ਵਡੀ ਭੀੜ ਹੁੰਦੀ ਹੈ, ਅਤੇ ਹਰ ਚੀਜ ਦੀ ਬਿੱਕਰੀ ਦਾ

ਬਜਾਰ ਬਹੁਤ ਮਘਦਾ ਹੈ। ਇਸ ਸਹਿਰ ਵਿਚ ਕਾਗਤ ਬਹੁਤ ਚੰਗੇ ਬਣਦੇ ਹਨ; ਅੱਗੇ ਉੱਥੋਂ ਬੁਪਾਰੀ ਲੋਕ ਲਜਾਕੇ ਸਾਰੇ ਪੰ-ਜਾਬ ਵਿਚ ਵੇਚਦੇ ਹਨ; ਬਾਜੇ ਬਗਿਆਈ ਅਤੇ ਘੁਟਿਆਈ ਵਿਚ ਦੌਲਤਾਬਾਦੀ ਕਾਗਤਾਂ ਵਰਗੇ ਹੁੰਦੇ ਹਨ, ਅਤੇ ਬਰੀਕੀ ਅਰ ਸਫਾਈ ਵਿਖੇ ਕਸਮੀਰੀ ਕਾਗਤਾਂ ਦੇ ਤੁੱਲ ਹੁੰਦੇ ਹਨ। ਕੁਲ ਕਾਗਤਕੁੱਟਾਂ ਦੇ ਉੱਥੇ ਪੰਜ ਸੈ ਘਰ ਬਸਦੇ ਹਨ। ਅੰਦਰਲੀ ਬਾਹਰਲੀ ਬਸੋਂ ਸਭ ਸਤਾਰਾਂ ਹਜਾਰ ਘਰ, ਅਤੇ ਇਕ ਹਜਾਰ ਹੱਟ ਹੋਊ। ਸਹਿਰ ਵਿਚ ਆਲਮਾਂ, ਫਾਜਲਾਂ, ਸਈਦਾਂ, ਅਰ ਅਸਰਾਫਾਂ ਦੀਆਂ ਬਹੁਤ ਖਾਨਗਾਹਾਂ ਹਨ, ਪਰ ਉਨ੍ਹਾਂ ਵਿਚੋਂ ਅਮਾਮ ਅਲੀ ਅਲਹੱਕ ਦੀ ਖਾਨਗਾਹ ਬਹੁਤ ਮਸਹੂਰ ਹੈ; ਦਹਿਆਂ ਦੀ ਦਸਵੀਂ ਤਰੀਕੇ ਉੱਥੇ ਬਹੁਤ ਲੋਕ ਕੱਠੇ ਹੁੰਦੇ ਹਨ; ਕਿੰਉਕਿ ਉਸ ਮਹਾ ਪੁਰਸ ਪੁਰ ਲੋਕਾਂ ਦਾ ਵਡਾ ਅਕੀਨ ਹੈ, ਅਤੇ ਉਹ ਦੇ ਮਕਬਰੇ ਦੇ ਦੁਆਲੇ ਬਹੁਤ ਕਬਰਾਂ ਹਨ; ਬਾਜੀ-ਆਂ ਉਨ੍ਹਾਂ ਵਿਚੋਂ ਨੌਂ ਨੌਂ ਗਜ ਬੀ ਲੰਮੀਆਂ ਹਨ; ਆਮ ਲੋਕ ਆਖਦੇ ਹਨ, ਜੋ ਏਹ ਨੌਂ ਗਜਿਆਂ ਦੀਆਂ ਕਬਰਾਂ ਹਨ, ਅਰ-ਥਾਤ ਉਨ੍ਹਾਂ ਮਨੁਖਾਂ ਦੀਆਂ ਕਬਰਾਂ, ਕਿ ਜਿਨ੍ਹਾਂ ਦਾ ਨੌਂ ਗਜ ਲੰ-ਮਾ ਕੱਦ ਸੀ। ਸਹਿਰ ਦੇ ਲਾਗ ਹੀ ਇਕ ਨਹਿਰ ਵਗਦੀ ਹੈ, ਜੋ ਜੰਮੂ ਦੇ ਪਹਾੜਾਂ ਵਿਚੋਂ ਨਿੱਕਲਕੇ ਸਹਿਰ ਦੀ ਬਸੋਂ ਵਿਚੀਂ ਹੋਕੇ ਲੰਘਦੀ ਹੈ; ਉਸ ਉੱਤੇ ਸਾਹਦੌਲੇ ਗੁਜਰਾਤੀ ਦਾ ਪੱਕਾ ਪੁਲ ਬੰਨਿ-ਆ ਹੋਇਆ ਹੈ; ਸੋ ਪੁਲ ਕਈਆਂ ਜਾਗਾਂ ਤੇ ਖਰਾਬ ਹੋ ਗਿਆ ਹੈ। ਇਸ ਨਹਿਰ ਵਿਚ ਸਦਾ ਥੁਹੁੜਾ ਥੁਹੁੜਾ ਪਾਣੀ ਚਲਦਾ ਰਹਿੰਦਾ ਹੈ, ਪਰ ਬਰਸਾਤ ਦੀ ਰੁੱਤੇ ਅਜਿਹੀ ਚੜ੍ਹਦੀ ਹੈ, ਜੋ ਪੁਲ ਬਾਝੋਂ ਨਹੀਂ ਲੰਘਿਆ ਜਾਂਦਾ; ਅਤੇ ਇਸ ਨਹਿਰ ਦਾ ਨਾ-ਉਂ ਆਇਕ ਕਰਕੇ ਆਖਦੇ ਹਨ। ਪਾਤਸਾਹਾਂ ਦੇ ਵੇਲੇ ਸਿ-ਆਲਕੋਟ ਦਾ ਪਰਗਣਾ ਨੌਂ ਲੱਖ ਰੁਪਏ ਦਾ ਸਾ, ਅਤੇ ਚੌਦਾ ਸੈ

ਚੁਰਾਸੀ ਪਿੰਡ ਉਸ ਨਾਲ਼ ਲਗਦੇ ਸੇ, ਅਤੇ ਇਸ ਮੁਲਖ ਦੇ ਚਾਰ ਤੱਪੇ ਸੇ; ਇਕ ਸੰਭਰਿਆਲ਼, ਜਿਸ ਵਿਚ ਘੁੰਮਣਾਂ ਦੀ ਬਾਰਸੀ ਹੈ; ਦੂਜਾ ਖੋਖਰ, ਜਿਸ ਵਿਚ ਚੀਮਿਆਂ ਦੀ ਬਾਰਸੀ ਹੈ; ਤੀਜਾ ਮਰਾਫੀਵਾਲ਼ ਖਰਾਲਾ, ਅਵਾਲਾਂ ਦਾ; ਚੌਥਾ ਪੱਖੋਵਾਲ਼ ਬਾਜਵਿਆਂ ਦਾ; ਪਰ ਸਭਨਾਂ ਨਾਲੋਂ ਸੰਭਰਵਾਲ਼ੀਏ ਵਧੀਕ ਸਨ । ਇਸ ਗਿਰਦੇ ਪੋਨਾ ਗੰਨਾ ਵਡਾ ਤੋੜਾ ਹੁੰਦਾ ਸੀ, ਅਤੇ ਦਰਿਆਉ ਝਨਾਉ ਪੱਛਮ ਦੇ ਰੁਕ ਸੱਤ ਕੋਹ, ਅਤੇ ਰਾਵੀ ਪੂਰਬ ਦੇ ਦਾਉ ਬੱਤੀ ਕੋਹ ਹੈ ॥

Jafarwāl, or Dafarwāl.

ਜਫਰਵਾਲ਼ ਕਦੀਮੀ ਰਾਜਪੂਤਾਂ ਦਾ ਕਸਬਾ ਹੈ; ਅਬਾਦੀ, ਤਿੰਨਕੁ ਹਜਾਰ ਘਰ, ਅਰ ਚਾਰਕੁ ਸੌ ਹੱਟ ਹੋਊ; ਸਹਿਰੋਂ ਅੰਦਰ ਪੱਕਾ ਚੌਬੁਰਜਾ ਕਿਲਾ ਹੈ, ਪਰ ਕਿਲੇ ਅਤੇ ਸਹਿਰਪਨਾਹ ਦੀ ਕੰਧ ਸਾਰੀ ਕੱਚੀ ਸੀ, ਸੋ ਉਹ ਬੀ ਖਰਾਬ ਹੋ ਗਈ ਹੈ । ਅਤੇ ਇਸ ਜਾਗਾ ਦਾ ਜੁਦਾ ਹੀ ਪਰਗਨਾ ਸੀ । ਅਤੇ ਬਾਹਰਵਾਰ ਇਕ ਪੱਕੀ ਬਾਉੜੀ ਬਣੀ ਹੋਈ ਸੀ । ਇਸ ਸਾਰੇ ਦੁਆਬੇ ਵਿਚੋਂ ਇਹ ਮੁਲਖ ਬਹੁਤ ਅਬਾਦ ਹੈ, ਅਤੇ ਹਜਾਰਾਂ ਗਰਾਉਂ ਸਹਿਰ ਵਰਗੇ ਬਸਦੇ ਹਨ; ਪਰ ਉਨ੍ਹਾਂ ਵਿਚੋਂ ਜਿਹੜੇ ਬਹੁਤ ਮਸਹੂਰ ਹਨ, ਸੋ ਤਿਨ੍ਹਾਂ ਦਾ ਨਾਉਂ ਲਿਖਿਆ ਜਾਂਦਾ ਹੈ; ਜਿਹਾ ਸਡਗੜ੍ਹਾ, ਕੰਜਰੂਰ, ਨੂਨਾ, ਜੱਸੜ, ਦੇਦੇ, ਅਤੇ ਹੋਰ ਕਈ ਖੇੜੇ ਹਨ, ਕਿ ਜਿਨ੍ਹਾਂ ਵਿਚ ਹਜਾਰ ਹਜਾਰ ਘਰ, ਅਤੇ ਕਈ ਹੱਟਾਂ ਅਬਾਦ ਹਨ; ਉਨ੍ਹਾਂ ਵਿਚੋਂ ਕਈ ਕਦੀਮੀ ਅਰ ਕਈ ਨਵੇਂ ਬਸੇ ਹੋਏ ਹਨ ॥

Nárowāl.

ਨਾਰੋਵਾਲ਼ ਦਰਿਆਉ ਰਾਵੀ ਦੇ ਕੰਢੇ ਬਾਜਵੇ ਗੋਤੇ ਜਿਮੀਦਾਰਾਂ ਦਾ ਕਦੀਮੀ ਸਹਿਰ ਹੈ; ਘਰ ਪੰਜ ਹਜਾਰ, ਅਤੇ ਹੱਟ ਡੇਢਕੁ ਸੈ ਹੋਊ । ਇਸ ਸਹਿਰ ਵਿਚ ਖੋਜੇ ਲੋਕ ਰਹਿੰਦੇ ਹਨ,

ਪਰ ਸੱਭੇ ਸੀਆ ਮਤ ਦੇ ਹਨ। ਸਹਿਰ ਦੀ ਅੰਬਾਰਤ ਬਹੁਤੀ ਪੱਕੀ ਅਤੇ ਥੁਹੁੜੀ ਕੱਚੀ, ਅਤੇ ਸਹਿਰੋਂ ਅੰਦਰ ਇਕ ਕੱਚਾ ਜੰਗੀ ਕਿਲਾ ਹੈ; ਸਹਿਰੋਂ ਚੜ੍ਹਦੇ ਦਾਉ ਨਿਰਾ ਇੱਕੋ ਬਾਗ ਪੱਕਾ ਹੈ, ਜਿਸ ਵਿਚ ਅੰਬਾਂ ਦੇ ਅਤੇ ਹੋਰ ਬੂਟੇ ਬਹੁਤ ਹਨ॥

Qájíán dá chakk.

ਕਾਜੀਆਂ ਦਾ ਚੱਕ ਮੁੰਗੇਰ ਦੇ ਜਿਲੇ ਸਈਦਾਂ ਦੀ ਇਕ ਮਸ-ਹੂਰ ਜਾਗਾ ਹੈ, ਜੋ ਅਕਬਰ ਪਾਤਸਾਹ ਦੇ ਵੇਲੇ ਇਸ ਸਾਰੇ ਜਿਲੇ ਦੇ ਕਾਜੀ ਸਨ, ਅਤੇ ਸਾਹ ਬਦੀਉੱਦੀਨ ਸਹੀਦ ਹੁਸੈਨੀ ਬਗਦਾਦੀ ਦੀ ਉਲਾਦ ਹਨ; ਅਤੇ ਉਸ ਬਲੀ ਦੀ ਕਬਰ ਸਾ-ਹਰੀਵਾਲ ਵਿਚ ਹੈ; ਉਨਾਂ ਦੇ ਵਡੇ, ਹਮਾਊਂ ਪਾਤਸਾਹ ਦੇ ਸਮੇ ਵਿਚ, ਇਸ ਦੇਸ ਵਿਖੇ ਆਏ ਸਨ; ਇਥੇ ਦੀ ਆਬ ਹਵਾ ਜੋ ਪਸਿੰਦ ਆ ਗਈ, ਇੱਥੇ ਦੇ ਇੱਥੇ ਹੋ ਰਹਿ ਗਏ। ਅਚਾਨਕ ਗੁਜਰਾਂ ਅਰ ਮੱਲੀਆਂ ਵਿਚ ਲੜਾਈ ਪੈ ਗਈ, ਅਤੇ ਗੁਜਰ ਮੱਲੀਆਂ ਕੋਲੋਂ ਭੱਜਕੇ ਉਸ ਬਲੀ ਦੀ ਸਾਮੇ ਆਨ ਪਏ। ਅਤੇ ਉਸ ਮਹਾ ਬਲੀ ਨੈ ਆਪਣੇ ਪਿਉ ਦਾਦੇ ਦੀ ਰੀਤ ਅਨੁ-ਸਾਰ ਹੀਣਿਆਂ ਦੀ ਕੁੰਮਕ ਕਰਨੀ ਜੋਗ ਜਾਣਕੇ, ਹਥਿਆਰ ਬੰਨੇ, ਅਤੇ ਘੋੜੇ ਪੁਰ ਚੜ੍ਹ ਬੈਠਾ। ਅਤੇ ਇਹ ਕਹਾਣੀ ਹੈ, ਜੋ ਉਹ ਮਹਾ ਬਲੀ ਜਾਂਦਾ ਹੀ ਸਹੀਦ ਹੋ ਗਿਆ, ਅਤੇ ਹੁਸੈਨੀ ਦਰਜੇ ਨੂੰ ਪਹੁੰਚ ਗਿਆ, ਅਤੇ ਧੜ ਸਿਰ ਬਿਨਾ ਮੱਲੀਆਂ ਦੇ ਪਿੱਛੇ ਦੌੜਿਆ। ਜਾਂ ਉਨਾਂ ਨੈ ਇਹ ਕਰਾਮਾਤ ਡਿੱਠੀ, ਤਾਂ ਭਜ ਗਏ, ਅਤੇ ਉਸ ਮਹਾ ਬਲੀ ਦਾ ਧੜ ਦੋਹੁੰ ਕੋਹਾਂ ਤੋੜੀ ਤਿਨਾਂ ਪਿੱਛੇ ਮਾਰਦਾ ਚਲਾ ਗਿਆ; ਓੜਕ ਸਾਹਰੀਵਾਲ ਦੇ ਮੂੰਹ ਜਾ-ਕੇ ਘੋੜੇ ਤੇ ਡਿਗ ਪਿਆ, ਅਤੇ ਉਸੀ ਜਾਗਾ ਦੱਬਿਆ ਗਿਆ, ਅਤੇ ਜਿੱਥੇ ਸਿਰ ਡਿਗਿਆ ਸੀ, ਉੱਥੇ ਸਿਰ ਦਬ ਦਿੱਤਾ; ਸੋ ਸਿਰ ਅਰ ਧੜ ਦੇ ਵਿਚ ਦੋਹੁੰ ਕੋਹਾਂ ਦੀ ਬਿੱਥ ਹੈ; ਅਤੇ ਉਸ

ਮਹਾ ਬਲੀ ਦੀ ਇਹ ਕਰਾਮਾਤ ਸਾਰੀ ਪੰਜਾਬ ਵਿਚ ਉੱਘੀ ਹੈ। ਜਾਂ ਉਹ ਮਹਾ ਬਲੀ ਸਹੀਦ ਹੋ ਗਿਆ, ਤਾਂ ਉਸ ਦਾ ਪੁਤ੍ਰ ਫੇਰੋਜ ਨਾਮੇ ਉਸ ਕਬਰ ਪੁਰ ਮਜਾਉਰ ਹੋ ਬੈਠਾ, ਅਤੇ ਆਪਣਾ ਪਿਛ-ਲਾ ਦੇਸ ਮਨੋਂ ਭੁਲਾ ਦਿੱਤਾ। ਪਰੰਤੁ ਉਹ ਦੇ ਘਰ ਮੂਸਾ ਨਾਮੇ ਇਕ ਪੁੱਤ੍ਰ ਜੰਮਿਆ, ਜੋ ਮਨ ਦੀ ਨਿਰਮਲਤਾਈ ਅਤੇ ਜਾ-ਹਰ ਦੀ ਬਿੱਦਿਆ ਵਿਚ ਅਜਿਹਾ ਪੂਰਾ ਹੋਇਆ, ਕਿ ਉਸ ਸਮੇ ਵਿਖੇ ਉਹ ਦੇ ਵਰਗਾ ਕੋਈ ਨਹੀਂ ਸੀ। ਇਕ ਦਿਹਾੜੇ ਆਪਣੇ ਦਾਦੇ ਦੀ ਕਬ੍ਰ ਪੁਰ ਬੈਠਾ ਕਿਸੇ ਸਗਿਰਦ ਨੂੰ ਸਰਾ ਮਾਫਕ ਦਾ ਸਬਕ ਪੜ੍ਹਾ ਰਿਹਾ ਸਾ, ਕਿ ਅਕਬਰ ਪਾਤਸਾਹ ਦਾ ਲਸਕਰ ਆਣ ਫਿਰਿਆ, ਅਤੇ ਇਕ ਅੰਬੀਰ ਜੋ ਇਨ੍ਹਾਂ ਤੇ ਨੇ-ੜਿਓਂ ਲੰਘਿਆ, ਉਹ ਦੇ ਕੰਨ ਵਿਚ ਉਸ ਮਸਲੇ ਦੀ ਬੁਲੇਲ ਜਾ ਪਈ, ਜੋ ਸਾਰੀ ਉਮਰ ਉਹ ਦੇ ਅਰਥ ਨਹੀਂ ਖੁੱਲ੍ਹੇ ਸਨ, ਅਤੇ ਮੀ-ਆਂ ਮੂਸਾ ਉਸੇ ਮਸਲੇ ਦਾ ਬਿਨਾ ਸੋਚ ਜਬਾਨੀ ਹੀ ਉਚਾਰ ਕਰ ਰਿਹਾ ਸਾ, ਅੰਬੀਰ ਸੁਣਕੇ ਦੰਗ ਹੋ ਗਿਆ, ਅਤੇ ਘੋੜਿਓਂ ਉੱਤਰ-ਕੇ ਉਨ੍ਹਾਂ ਦੀ ਖਿਜਮਤ ਵਿਚ ਆਣ ਹਾਜਰ ਹੋਇਆ, ਅਤੇ ਦੂਜੇ ਦਿਹਾੜੇ ਪਾਤਸਾਹ ਨੂੰ ਖਬਰ ਕੀਤੀ, ਅਤੇ ਕਿਹਾ, ਜੋ ਮੈਂ ਨੂੰ ਇਸ ਉਜਾੜ ਵਿਚੋਂ ਇਕ ਹੁਮਾ ਲੱਭਾ ਹੈ। ਅਕਬਰ ਪਾਤਸਾਹ ਨੈ ਉਨ੍ਹਾਂ ਦੀ ਖਿਜਮਤ ਵਿਚ ਆਪ ਆਕੇ ਬਹੁਤ ਸੋਇਨਾ ਚਾਂਦੀ ਨਜਰਾਨੇ ਵਿਚ ਦਿੱਤੀ, ਅਤੇ ਉਸ ਮੁਲਖ ਦੀ ਕਜਿਆ ਦਾ ਉ-ਨ੍ਹਾਂ ਦੇ ਨਾਉਂ ਪਟਾ ਲਿਖਕੇ, ਅਤੇ ਮਨਕੇਰੀ ਅਰਥਾਤ ਮੁਕੇਰੀ-ਆਂ ਦੇ ਤੱਲਕੇ ਵਿਚੋਂ ਭੋਂ ਕੱਟਕੇ, ਚੱਕ ਬੰਨ੍ਹ ਦਿੱਤਾ; ਅਤੇ ਉਸ ਦਾ ਅਕਬਰਪੁਰ ਮੁਬਾਰਕ ਨਾਉਂ ਧਰਿਆ। ਇਸੇ ਤਰਾਂ ਉਨ੍ਹਾਂ ਦੀ ਉਲਾਦ ਵਿਚ ਕਾਜੀ ਅਰ ਆਲਮ ਹੁੰਦੇ ਚਲੇ ਆਏ; ਕਈ ਪਾਤਸਾਹਾਂ ਦੀ ਮੁਸਾਹਬੀ ਦੇ ਕਾਰਨ, ਕਾਬੁਲ ਅਤੇ ਕਸਮੀਰ ਅਤੇ ਹੋਰ ਮੁਲਖਾਂ ਦੇ ਕਾਜੀ ਹੁੰਦੇ ਚਲੇ ਆਏ; ਅਤੇ ਕਈ ਚੰਗੇ

ਕਰਨੀ ਅਰ ਬੰਦਗੀ ਕਰਕੇ ਰੱਬ ਨੂੰ ਪਹੁੰਚ ਗਏ; ਜਿਹਾਕੁ ਸਾਹ ਅਸਮਤੁੱਲਾ, ਜੋ ਆਪਣੇ ਜ਼ਮਾਨੇ ਦਾ ਕੁਤਬ ਸਾ; ਅਤੇ ਉਸ ਨੈ ਕਿਹਾ, ਜੋ ਮੈ ਨੂੰ ਜਾਗਰਤ ਵਿਖੇ ਮੁਹੰਮਦ ਸਾਹਬ ਦਾ ਦਰਸਨ ਹੋਇਆ, ਅਤੇ ਗੱਲਾਂ ਬਾਤਾਂ ਕੀਤੀਆਂ; ਅਤੇ ਉਸ ਨੈ ਆਪਣੇ ਹੱਥੀਂ ਮਿਸਕਾਤ ਦੇ ਟੀਕੇ ਪੁਰ ਲਿਖਿਆ ਹੈ, ਜੋ "ਇਸ ਤਰਾਂ ਸੁਣਿਆ ਹੈ ਮੈਂ ਜ਼ਬਾਨ ਰਸੂਲੁੱਲਾ ਦੀ ਥੀਂ"। ਅਤੇ ਔਰੰਗਜ਼ੇਬ ਆਲਮਗੀਰ ਪਾਤਸਾਹ ਨੈ ਉਸ ਕਤੇਬ ਨੂੰ ਮੰਗਵਾਕੇ ਬਰਕਤ ਲਈ ਆਪਣੇ ਖਾਸ ਕਤੇਬਖਾਨੇ ਵਿਚ ਧਰ ਛੱਡਿਆ। ਅਤੇ ਉਸ ਮਹਾ ਬਲੀ ਦੀ ਉਲਾਦ ਵਿੱਚ ਹੋਰ ਕਈ ਉਲਿਆਉ ਪੈਦਾ ਹੋਏ; ਜਿਹਾਕੁ ਸੈਦ ਅਬੁਲਫਰਹਿ ਮੁਹੰਮਦ ਫਾਜਲ ਕਾਦਰੀ, ਅਤੇ ਕਈ ਹੋਰ; ਪਰ ਸੈਦ ਬਦੀਉੱਦੀਨ ਸਹੋਰ[illegible]ਦੀ ਕਬਰ ਪੁਰ ਆਖਦੇ ਹਨ ਜੋ ਨੂਰ ਬਰਸਦਾ ਹੈ; ਅਤੇ ਕਬਰ ਦੇ ਦੁਆਲੇ ਪੱਕੀ ਅਕਬਰੀ ਛਾਰਦੁਆਲੀ ਬਣੀ ਹੋਈ ਹੈ, ਅਤੇ ਸਾਹਰੀਵਾਲ੍ਹ ਤੇ ਬਾਹਰ, ਉਸ ਮਹਾ ਬਲੀ ਦੀ ਕਬਰ ਵਲ ਸਿੱਖਾਂ ਨੈ ਕੱਚਾ ਕਿਲਾ ਬਣਾ ਲਿਆ ਹੈ; ਪਰ ਜਿਹੜਾ ਬੁਰਜ ਕਬਰ ਦੀ ਵਲ ਹੈ, ਸੋ ਉਸ ਬਲੀ ਦੀ ਕਰਾਮਾਤ ਨਾਲ੍ਹ ਢੈਹ ਪੈਂਦਾ ਹੈ; ਓੜਕ ਸਿੱਖਾਂ ਨੈ ਥੱਕਕੇ ਉਸ ਬੁਰਜ ਦਾ ਬਣਾਉਣਾ ਛੱਡ ਦਿੱਤਾ॥

### Jammú.

ਜੰਮੂ ਕਦੀਮੀ ਪੁਰਾਣਾ ਸਹਿਰ ਪਹਾੜ ਦੀਆਂ ਘਾਟੀਆਂ ਪੁਰ ਬਸਦਾ ਹੈ, ਅਤੇ ਰਾਜਸਥਾਨ ਹੈ। ਇਹ ਸਹਿਰ ਰਾਜੇ ਰਣਜੀਤਦੇਵ ਦੇ ਵਾਰੇ ਬਹੁਤ ਅਬਾਦ ਸੀ; ਇਸ ਤਰਾਂ ਨਾਲ੍ਹ, ਕਿ ਜਾਂ ਅਹਿਮਦਸਾਹ ਪਾਤਸਾਹ ਦੀ ਝੜਾਈ ਦੇ ਕਾਰਨ ਲਹੌਰ ਖਰਾਬ ਹੋ ਗਿਆ, ਅਤੇ ਸਿੱਖਾਂ ਦੇ ਪੰਥ ਨੈ ਪੰਜਾਬ ਦੇ ਕਈ ਸਹਿਰ ਫੂਕ ਦਿੱਤੇ, ਅਤੇ ਇਸ ਦੇਸ ਦੇ ਲੋਕ ਹਰ ਪਾਸੇ ਖਿੰਡ

ਛੁਟ ਗਏ, ਅਤੇ ਤਮੂਰਸਾਹੀਆਂ ਦੀ ਪਾਤਸਾਹੀ ਗੁੱਮ ਹੋ ਗਈ, ਅਰਥਾਤ ਮੁਹੰਮਦਸਾਹ ਮਰ ਗਿਆ, ਤਾਂ ਰਾਜਾ ਰਣਜੀਤਦੇਵ ਜਮਈਅਤਵਾਲਾ ਹੋ ਗਿਆ, ਅਤੇ ਦਾਤਾਰੀ ਦਾ ਹੱਥ ਖੁਹਲ-ਕੇ ਜੰਮੂ ਦੀ ਅਬਾਦੀ ਵਿਚ ਬਹੁਤ ਕੋਸਸ ਕਰਦਾ ਰਿਹਾ, ਓੜਕ ਜੁਗਤ ਨਾਲ ਸਿਆਲਕੋਟ ਤੀਕੁਰ ਆਪਣੇ ਬੱਸ ਵਿੱਚ ਲੈ ਆਇਆ । ਅਤੇ ਲਹੌਰ ਅਰ ਹੋਰਨਾਂ ਸਹਿਰਾਂ ਦੇ ਲੋਕ ਅਤੇ ਪਾਤਸਾਹੀ ਉਮਰਾਉ ਤਵਾਹੀ ਦੇ ਮਾਰੇ ਇਸ ਸਹਿਰ ਵਿਚ ਆਣ ਵੜੇ; ਇਸੇ ਤਰ੍ਹਾਂ ਸੁਦਾਗਰ ਅਰ ਕਾਰਖਾਨਦਾਰ ਲੋਕ ਉਹ ਦੇ ਨਿਆਉਂ ਅਰ ਦਾਤਾਰੀ ਦੀ ਚਰਚਾ ਸੁਣਕੇ, ਹਰ ਦੇਸ ਤੇ ਉੱਥੇ ਜਾ ਕੱਠੇ ਹੋਏ । ਅਤੇ ਰਾਜਾ ਹਰ ਕਿਸੇ ਨੂੰ ਉਸ ਦੀ ਕਦਰ ਸਿਰ ਦਿੰਦਾ; ਪਰ ਉਮਰਾਵਾਂ ਦਾ ਆਪਣੀ ਸਰਕਾਰੋਂ ਰੁਜੀਨਾ ਬੰਨ੍ਹ ਦਿੱਤਾ; ਇਸ ਕਾਰਨ ਇਹ ਸਹਿਰ ਅਜਿਹਾ ਬਸਿਆ, ਜੋ ਸਾਰੀ ਪੰਜਾਬ ਵਿਚ ਇਸ ਵਰਗਾ ਦੂਜਾ ਨਾ ਰਿਹਾ; ਕਿਉਂਕਿ ਹਰ ਪਰਕਾਰ ਦੀ ਚੀਜ ਉੱਥੇ ਵਿਕ ਜਾਂਦੀ ਸੀ; ਅਤੇ ਰਾਜਾ ਹਿੰਦੂ ਮੁਸਲਮਾਨ ਨੂੰ ਇਕੋ ਜਿਹਾ ਜਾਣਕੇ, ਕਿਸੇ ਦੀ ਰੈ ਨਹੀਂ ਕਰਦਾ ਸਾ; ਸਗੋਂ ਬਾਜਿਆਂ ਕੰਮਾਂ ਵਿਚ ਮੁਸਲਮਾਨਾਂ ਦਾ ਉਪਰਾਲਾ ਕਰਦਾ, ਅਤੇ ਉਹ ਦੇ ਮੁਲਖ ਵਿਚ ਬਾਂਗ ਉਚੀ ਮਿਲਦੀ ਸੀ; ਜੇ ਕਿਧਰੇ ਉਹ ਦੀ ਅਸਵਾਰੀ ਮਸੀਤ ਕੋਲ ਆ ਫਿਰਦੀ, ਅਤੇ ਬਾਂਗ ਦੀ ਅਵਾਜ ਸੁਣ ਲੈਂਦਾ, ਤਾਂ ਘੋੜੇ ਨੂੰ ਖੜਾ ਕਰਕੇ ਸੁਣਦਾ ਰਹਿੰਦਾ, ਜਾਂ ਬਾਂਗ ਮਿਲ ਚੁੱਕਦੀ, ਤਾਂ ਅਦਬ ਨਾਲ ਸਲਾਮ ਕਰਕੇ ਅੱਗੇ ਨੂੰ ਤੁਰਦਾ । ਅਤੇ ਉਹ ਦੀ ਕਚਹਿਰੀ ਵਿਚ, ਜੇ ਕਿਤੇ ਬਾਹਮਣਾਂ ਅਰ ਮੁਸਲਮਾਨਾਂ ਵਿਖੇ ਦੀਨ ਦਾ ਝਗੜਾ ਪੈ ਜਾਂਦਾ, ਤਾਂ ਬਾਹਮਣਾਂ ਨੂੰ ਮੁਸਲਮਾਨਾਂ ਪੁਰ ਵਧੀਕੀ ਨਾ ਕਰਨ ਦਿੰਦਾ । ਅਤੇ ਉਨ੍ਹਾਂ ਹੀ ਦਿਨਾਂ ਵਿਚ ਮੁਹੰਮਦਸਾਹ ਪਾਤਸਾਹ ਦਿੱਲੀਵਾਲੇ ਦੀ ਬੇਗਮ ਮਲਕਾ ਜਮਾਨੀ ਉੱਥੇ ਜਾ ਰਹੀ,

ਅਤੇ ਵਡੀ ਸੁੰਦਰ ਅੰਬਾਰਤ ਅਰ ਬਾਗ ਬਲਵਾਕੇ, ਕਈ ਬਰਸਾਂ ਉੱਥੇ ਰਹਿੰਦੀ ਰਹੀ। ਇਸ ਜਾਗਾ ਮਲਕਾ ਜਮਾਨੀ ਦੇ ਆਉਣ ਦਾ ਇਹ ਸਬਬ ਹੋਇਆ, ਕਿ ਜਾਂ ਅਹਿਮਦਸਾਹ ਦੁਰਾਨੀ ਨੈ ਮੁ-ਹੱਮਦਸਾਹ ਦੇ ਪੁੱਤ ਅਹਿਮਦਸਾਹ ਪੁਰ ਫਤੇ ਪਾਈ, ਅਤੇ ਦਿੱਲੀ ਮਾਰ ਲੀਤੀ, ਤਾਂ ਮੁਹੱਮਦਸਾਹ ਦੀ ਧੀ ਦਾ ਨਾਤਾ ਆਪਣੇ ਪੁੱਤ੍ਰ ਤਮੂਰਸਾਹ ਲਈ ਲਿਆ, ਅਤੇ ਜਾਂਦਾ ਹੋਇਆ ਉਸ ਸਜਾਦੀ ਨੂੰ ਆਪਣੇ ਸੰਗ ਕਾਬੁਲ ਨੂੰ ਲੈ ਗਿਆ। ਥੁਹੁੜੇ ਚਿਰ ਪਿਛੇ ਉਹ ਸਜਾਦੀ ਮਾਂਦੀ ਪਈ, ਅਤੇ ਮਲਕਾ ਜਮਾਨੀ ਜੋ ਕੁੜੀ ਦੀ ਮਾਉਂ ਸੀ, ਇਹ ਖਬਰ ਸੁਣਕੇ ਕਾਬੁਲ ਨੂੰ ਚੱਲੀ। ਜਾਂ ਜੰਮੂ ਵਿਚ ਪਹੁੰਚੀ, ਤਾਂ ਉਹ ਸਜਾਦੀ ਕਾਬੁਲ ਵਿਚ ਮਰ ਗਈ, ਅਤੇ ਅਹਿਮਦਸਾਹ ਨੈ ਉਹ ਦੀ ਲੋਥ ਸੰਦੂਕ ਵਿਚ ਪਾਕੇ ਘੱਲ ਦਿੱਤੀ, ਅਤੇ ਮਲਕਾ ਜਮਾਨੀ ਉਹ ਦੀ ਉਡੀਕ ਵਿਚ ਜੰਮੂ ਬੈਠ ਰਹੀ। ਅਤੇ ਉਨ੍ਹਾਂ ਹੀ ਦਿਨਾਂ ਵਿਚ ਰਾਜੇ ਨੈ ਕਈ ਵੇਰੀਂ ਅਰਦਾਸ ਕੀ-ਤੀ, ਜੋ ਮਲਕਾ ਜਮਾਨੀ ਕੁਝ ਖਰਚ ਲਵੇ, ਪਰ ਉਨ ਕਬੂਲ ਨਾ ਕੀਤਾ; ਸਗੋਂ ਜਦ ਕਦੇ ਰਾਜਾ ਉਹ ਦੇ ਸਲਾਮ ਨੂੰ ਜਾਂਦਾ, ਤਾਂ ਉਹ ਹਜਾਰਾਂ ਰੁਪੱਯਾਂ ਦੇ ਜੁਆਹਰ ਅਤੇ ਕੱਪੜੇ ਰਾਜਾ ਨੂੰ ਬਖਸੀਸ ਦਿੰਦੀ; ਇਕ ਬਾਰ ਰਾਜੇ ਦੀ ਰਾਣੀ ਨੂੰ ਇਕ ਅਜਿਹੀ ਚਾਦਰ ਬਖਸੀ, ਕਿ ਜਿਹ ਦਾ ਮੁੱਲ ਕਈ ਹਜਾਰ ਮੋਹੁਰ ਪਈ ਸੀ। ਗੱਲ ਕਾਹ ਦੀ, ਜਾਂ ਤਬੂਤ ਸਿਆਲਕੋਟ ਦੇ ਗਿਰਦੇ ਪਹੁਤਾ, ਤਾਂ ਸਿੱਖਾਂ ਨੈ ਸਭ ਮਾਲ ਧਨ, ਜੋ ਉਹ ਦੇ ਸੰਗ ਸਾ, ਲੁੱਟ ਲੀਤਾ; ਅਤੇ ਮਲ-ਕਾ ਜਮਾਨੀ ਲਚਾਰ ਹੋਕੇ ਤਬੂਤ ਨੂੰ ਲੈਕੇ ਦਿੱਲੀ ਨੂੰ ਮੁੜ ਗਈ॥

ਅਤੇ ਜੰਮੂ ਦਾ ਰਾਜ ਸਾਰੇ ਪਹਾੜ ਦੇ ਰਾਜਾਂ ਦਾ ਸਿਰ ਹੈ; ਅਤੇ ਸਾਰੇ ਰਾਜੇ, ਰਾਜੇ ਰਣਜੀਤਦੇਵ ਦੀ ਤਾਬੇਦਾਰੀ ਕਰ-ਦੇ ਸਨ। ਅਤੇ ਸਹਿਰ ਦੀ ਅਬਾਦੀ ਸੁਦਾਗਰਾਂ, ਬੁਪਾਰੀਆਂ, ਅਤੇ ਧਨਮਾਨ ਲੋਕਾਂ ਦੇ ਕਾਰਨ ਸੱਤਾਂ ਅੱਠਾਂ ਕੋਹਾਂ ਤੀਕੁਰ

ਅੱਪੜੀ ਸੀ; ਅਤੇ ਕੰਜਰੀਆਂ ਅਰ ਕਾਮਨੀਆਂ ਦਾ ਬਜਾਰ ਅਜਿਹਾ ਗਰਮ ਹੋਇਆ ਸਾ, ਜੋ ਉਮਰਾਉ ਅਰ ਸੁਦਾਗਰ ਸਭ ਕੁਛ ਬੇਚ ਵੱਟਕੇ, ਅਰ ਬੁਰੇ ਰਸਤੇ ਵਿਚ ਗਵਾਕੇ, ਫਕੀਰ ਬਣਕੇ ਸਹਿਰੋਂ ਬਾਹਰ ਨਿੱਕਲ ਗਏ। ਜਾਂ ਰਾਜਾ ਰਣਜੀਤਦੇਵ ਮਰ ਗਿਆ, ਤਾਂ ਸਿੱਖਾਂ ਨੈ ਜੰਮੂ ਦੇ ਮਾਰਨ ਦਾ ਦਾਆ ਚੱਕਿਆ, ਅਤੇ ਸਰਦਾਰ ਮਹਾਸਿੰਘ ਨੈ ਉਸ ਜਾਗਾ ਪੁਰ ਝੜਾਈ ਕਰਕੇ ਇਤਨਾ ਕੁਛ ਲੁੱਟਿਆ, ਜੋ ਮਾਰੇ ਦੌਲਤ ਦੇ ਫਿੱਸ ਗਏ। ਤਦ ਤੇ ਲਾਕੇ ਇਹ ਸਹਿਰ ਬੈਰਾਨ ਹੋ ਗਿਆ, ਹੁਣ ਫੇਰ ਅੱਗੇ ਵਰਗਾ ਅਬਾਦ ਹੋਇਆ ਹੈ; ਪਰ ਰਾਜੇ ਰਣਜੀਤਦੇਵ ਦੇ ਵੇਲੇ ਦੀ ਬਸੋਂ ਵਿਚੋਂ ਕੁਛ ਬੀ ਨਹੀਂ ਰਿਹਾ; ਹੁਣ ਨਮੀਆਂ ਨਮੀਆਂ ਜਾਗਾਂ ਅਬਾਦ ਹੋ ਗਈਆਂ ਹਨ; ਅਤੇ ਜਿਹੜੇ ਘਰ ਤਵੀ ਦੇ ਕੰਢੇ ਬਸਦੇ ਸਨ, ਸੋ ਸਭ ਉਜੱੜ ਗਏ। ਅੱਗੇ ਸਹਿਰ ਦੇ ਚੁਫੇਰੇ ਸਾਰੇ ਜੰਗਲ ਸਾ, ਅਤੇ ਮਖਿਆਂ ਹੋਇਆਂ ਰਾਹਾਂ ਛੁਟ, ਅਸਵਾਰ ਪਿਆਦਾ ਹੋਰਸੁ ਰਸਤੇ ਨਹੀਂ ਲੰਘ ਸਕਦਾ ਸਾ, ਸੋ ਉਨ੍ਹਾਂ ਰਾਹਾਂ ਪੁਰ ਰਾਜੇ ਰਣਜੀਤਦੇਵ ਨੈ ਦਰਵੱਜੇ ਬਣਵਾਕੇ, ਸਪਾਹੀਆਂ ਦਾ ਪਹਿਰਾ ਚੌਂਕੀ ਬਹਾਲ ਛੱਡਿਆ ਸੀ; ਹੁਣ ਮਹਾਰਾਜੇ ਰਣਜੀਤਸਿਘੁ ਨੈ ਸਾਰਾ ਜੰਗਲ ਵਢਵਾਕੇ ਅਜਿਹਾ ਸਿਧਾ ਰਾਹ ਬਣਵਾਇਆ ਹੈ, ਜੋ ਰਾਜੇ ਦੀ ਮੰਡੀ ਤੀਕੁ ਤੋਪ ਚਲੀ ਜਾਂਦੀ ਹੈ। ਅਤੇ ਇਸ ਸਮੇ ਵਿਖੇ ਰਾਜੇ ਰਣਜੀਤਦੇਵ ਦੀ ਉਲਾਦ ਡਾਵਾਂਡੋਲ ਪਈ ਫਿਰਦੀ, ਅਤੇ ਹੋਰ ਰਈਅਤ ਵਾਂਙੂ ਸਹਿਰ ਵਿਚ ਬਸਦੀ ਹੈ। ਪਰੰਤੁ ਮਹਾਰਾਜੇ ਰਣਜੀਤਸਿੰਘੁ ਨੈ ਇਹ ਸਹਿਰ ਆਪਣੇ ਮੁਸਾਹਬ ਰਾਜੇ ਧਿਆਨਸਿੰਘੁ ਨੂੰ ਬਖਸ ਦਿੱਤਾ, ਅਤੇ ਉਹ ਦੇ ਦੂਜੇ ਭਰਾਉ ਗੁਲਾਬਸਿੰਘੁ ਨੂੰ ਬਾਹੂ ਦੇ ਮੁਲਖ ਦਾ ਰਾਜਾ ਬਣਾਕੇ, ਕਿਸਟਵੜਾ ਦੇ ਬੰਨੇ ਤੀਕੁ ਉਹ ਦੇ ਹੁਕਮ ਵਿਚ ਕਰ ਦਿੱਤਾ; ਅਤੇ ਉਹ ਦੇ ਛੋਟੇ ਭਾਈ ਸੁਚੇਤਸਿੰਘੁ ਨੂੰ ਜੰਮੂ ਦੀ ਗੱਦੀ ਪੁਰ ਬਹਾਲਿ-

ਆ। ਅਤੇ ਮੀਆਂ ਮੋਟਾ ਇਨ੍ਹਾਂ ਦਾ ਦਾਦਾ, ਰਾਜੇ ਰਣਜੀਤ-ਦੇਵ ਦਾ ਚਾਕਰ, ਅਤੇ ਕੋੜਮੇ ਵਿੱਚੋਂ ਸੀ। ਅਤੇ ਜੰਮੂ ਸਹਿਰ ਜਿਤਨਾਕੁ ਹੁਣ ਬਸਦਾ ਹੈ, ਸਭ ਸੱਤ ਹਜਾਰ ਘਰ, ਅਰ ਇਕ ਹਜਾਰ ਹੱਟ ਹੋਊ। ਜੰਮੂ ਸਿਆਲਕੋਟ ਤੇ ਪੰਦਰਾਂ ਕੋਹ ਹੈ, ਪਰ ਅਜਿਹੇ ਉੱਚੇ ਟਿੱਬੇ ਪੁਰ ਹੈ, ਜੋ ਸਿਆਲਕੋਟ ਉੱਥੋਂ ਸਾਫ਼ ਨਜਰੀ ਪੈਂਦਾ ਹੈ। ਅਤੇ ਇਸ ਟਿੱਬੇ ਦੇ ਨੀਚੇ ਪਹਾੜੋਂ ਸੱਤਰਾਂ ਕੋਹਾਂ ਤੇ ਇੱਕ ਨਹਿਰ ਆਉਂਦੀ ਹੈ, ਅਤੇ ਕਿਤਨੇਕੁ ਕੋਹ ਜੰਮੂ ਤੇ ਹੇਠ ਝਨਾਉ ਦੇ ਦਰਿਆਉ ਨਾਲ਼ ਮਿਲ਼ ਜਾਂਦੀ ਹੈ। ਅਤੇ ਜੰਮੂ ਤੇ ਨੇੜੇ ਪਹਾੜ ਵਿਚ ਇਕ ਜਾਗਾ ਹੈ, ਜਿਹ ਨੂੰ ਮਹਾਦੇਉ ਦਾ ਹਰਮੰਦਰ ਆਖਦੇ ਹਨ, ਅਤੇ ਅਟਕ ਨਾਮੇ ਖੱਡ, ਜੋ ਉਸ ਦੁ-ਆਬੇ ਵਿਚ ਚੱਲਦੀ ਹੈ, ਉਸੇ ਹਰਮੰਦਰ ਵਿਚੋਂ ਨਿਕਲ਼ਦੀ ਹੈ। ਅਤੇ ਇਹ ਖੱਡ ਸਿਆਲ ਨਾਮੇ ਗਰਾਉਂ ਦੇ ਲਾਗ, (ਜੋ ਫਰੀਦਾ-ਬਾਦ ਤੇ ਬਾਰਾਂ ਕੋਹ ਹੇਠ ਹੈ, ਅਤੇ ਜਿਥੋਂ ਸਾਂਦਰ ਦੀ ਬਾਰ ਸੁਰੂ ਹੁੰਦੀ ਹੈ,) ਰਾਵੀ ਦੇ ਦਰਿਆਉ ਨਾਲ਼ ਜਾ ਮਿਲ਼ਦੀ ਹੈ। ਅਤੇ ਇਸ ਖੱਡ ਵਿਚ ਸਦਾ ਥੁਹੁੜਾ ਥੁਹੁੜਾ ਪਾਣੀ ਚੱਲਦਾ ਰਹਿੰਦਾ ਹੈ; ਪਰ ਬਰਸਾਤ ਦੀ ਰੁੱਤੇ ਅਜਿਹੀ ਚੜ੍ਹਦੀ ਹੈ, ਜੋ ਦੋਹੁੰ ਕੋਹਾਂ ਵਿਚ ਉਹ ਦਾ ਪਾੜਾ ਹੁੰਦਾ ਹੈ; ਅਤੇ ਅਜਿਹਾ ਤੇਜ ਪਾਣੀ ਵਗਦਾ ਹੈ, ਜੋ ਕੋਈ ਲੰਘ ਨਹੀਂ ਸਕਦਾ। ਇਸ ਜਿਲੇ ਵਿਚ ਹਿੰਦੂ ਅਤੇ ਮੁਸਲਮਾਨ ਰਾਜਪੂਤਾਂ ਦੇ ਬਹੁਤ ਖੇੜੇ ਹਨ; ਜਿਹਾਕੁ ਚੀਰਵਾਲ਼, ਜਿਥੇ ਚਾਰ ਹਜਾਰ ਘਰ, ਅਰ ਚਾਰ ਸੌ ਹੱਟ ਹੈ; ਅਤੇ ਮੰਕਾਸਾਂ, ਅਰ ਘਮਰੋਲ਼ਾ, ਅਰ ਕੋਟਨੂਰ, ਅਤੇ ਕਈ ਹੋਰ ਖੇੜੇ ਮਨਹਾਸ ਗੋਤੇ ਰਾਜਪੂਤਾਂ ਦੇ ਹਨ। ਅਤੇ ਇਕ ਸਲਹਿਰੀਆਂ ਗੋਤੇ ਰਾਜ-ਪੂਤ ਹਨ, ਜੋ ਇਸ ਦੁਆਬੇ ਵਿਚ ਉਨ੍ਹਾਂ ਦੇ ਸੈਕੜੇ ਪਿੰਡ ਕਿਸਟਵਾੜ ਦੇ ਬੰਨੇ ਤੀਕੁ, ਅਤੇ ਲਹੌਰ ਦੇ ਬਸੀਏਂ ਲਗ, ਬਸ-ਦੇ ਹਨ॥

Masrúr.

ਮਸਰੂਰ ਕਦੀਮੀ ਜਸਰੋਟੇਵਾਲੇ ਰਾਜਪੂਤਾਂ ਦਾ ਸਹਿਰ ਹੈ, ਅਤੇ ਉਹ ਦਾ ਜੁਦਾ ਹੀ ਰਾਜ ਹੈ। ਅਤੇ ਇਹ ਸਹਿਰ ਉਝੇ ਦੀ ਖੱਡ ਦੇ ਕੰਢੇ ਉਚੀ ਧਰਤੀ ਪੁਰ ਬਸਦਾ ਹੈ; ਜਸਰੋਟੇ ਤੇ ਦਸ ਕੋਹ, ਅਤੇ ਕਠੂਹੇ ਦੇ ਪਰਗਨੇ ਥੀਂ, ਜੋ ਰਾਵੀ ਦੇ ਕੰਢੇ ਹੈ, ਬਾਰਾਂ ਕੋਹਾਂ ਦੀ ਵਿਥ ਪੁਰ ਹੈ। ਅਤੇ ਉਹ ਭੋਂ, ਜੋ ਰਾਵੀ ਅਤੇ ਉਸ ਖੱਡ ਦੇ ਵਿਚਕਾਰੇ ਹੈ, ਸੋ ਵਡੀ ਚੰਗੀ ਭੋਂ ਹੈ; ਕਿੰਉਕਿ ਹਾੜ੍ਹੀ ਦੇ ਸਰਬੱਤ ਅਨਾਜ, ਅਤੇ ਕਈ ਭਾਂਤ ਦੇ ਚਾਉਲ ਉਥੇ ਬਹੁਤ ਪੈਦਾ ਹੁੰਦੇ ਹਨ, ਅਤੇ ਨਹਿਰ ਬੀ ਵਗਦੀ ਹੈ; ਅਤੇ ਇਸ ਭੋਂ ਨੂੰ ਇੰਦਰਦਾਨ ਜਾ ਅੰਦਰ ਆਖਦੇ ਹਨ। ਅਤੇ ਜਿਹੜੀ ਭੋਂ ਮਸਰੂਰ ਦੇ ਗਿਰਦੇ ਹੈ, ਸੋ ਢਾਹਾ ਅਤੇ ਡਾਕਰ ਹੈ, ਅਰ ਉਥੇ ਦੇ ਖੂਹਾਂ ਦੀ ਡੂੰਘਿਆਈ ਸੌ ਗਜ ਹੈ; ਅਤੇ ਕੋਟ ਨੈਲੀ ਦੇ ਬੰਨੇ ਤੀਕੁਰ ਇਸੇ ਤਰਾਂ ਦੀ ਧਰਤੀ ਹੈ, ਅਰਥਾਤ ਟਿਬੇ ਅਤੇ ਖੁੰਧਰਾਂ ਬਹੁਤ ਹਨ, ਅਤੇ ਫਸਲ ਬਰਖਾ ਪੁਰ ਹੁੰਦੀ ਹੈ, ਅਤੇ ਇਸ ਭੋਂ ਨੂੰ ਫਰੜੀ ਕਹਿੰਦੇ ਹਨ; ਪਰ ਇਸ ਧਰਤੀ ਦਾ ਡੰਗਰ ਘੋੜਾ ਵਡਾ ਤਕੜਾ ਅਰ ਕਾਠਾ ਹੁੰਦਾ ਹੈ। ਉਹ ਖੱਡ ਕੋਟ ਨੈਲੀ ਤੇ ਨੇੜੇ ਹੀ ਰਾਵੀ ਦੇ ਦਰਿਆਉ ਨਾਲ ਜਾ ਰਲਦੀ ਹੈ; ਪਰ ਉਸ ਖੱਡ ਦਾ ਪਾਣੀ ਬਹੁਤ ਗਹਿਰਾ ਅਤੇ ਲਾਲ ਰੰਗ ਹੈ; ਸੋ ਉਹ ਰਾਵੀ ਦੇ ਪਾਣੀ ਨੂੰ ਬੀ ਆਪਣੇ ਜਿਹਾ ਗੰਧਲਾ ਕਰ ਲੈਂਦਾ ਹੈ। ਇਸ ਮਸਰੂਰ ਸਹਿਰ ਤੇ ਪੱਛਮ ਦੇ ਰੁਕ ਵਡਾ ਡਾਢਾ ਚੋਬੁਰਜਾ ਕਿਲਾ ਹੈ; ਉਹ ਦੇ ਗਿਰਦੇ ਖਾਈ, ਅਰ ਅੰਦਰਵਾਰ ਇਕ ਵਡਾ ਡੂੰਘਾ ਖੂਹ ਹੈ, ਜੋ ਮੀਰ ਅਬੁਲਖੈਰ ਦਾ ਲਵਾਇਆ ਹੋਇਆ ਹੈ; ਅਤੇ ਮੀਰ ਅਬੁਲਖੈਰ, ਮੀਰ ਅਬੁਲਫਤਾ ਗੀਲਾਨੀ ਅਕਬਰ ਪਾਤਸਾਹ ਦੇ ਮੁਸਾਹਬ ਦਾ ਭਾਈ ਸਾ; ਅਤੇ ਉਹ ਦੀ ਤਰੀਕ ਇਕ ਪੱਥਰ ਉਤੇ

ਉੱਕਰੀ ਹੋਈ ਹੈ; ਅਤੇ ਉਹ ਖੂਹ ਸੋ ਗਜ ਡੂੰਘਾ ਹੈ। ਅਤੇ ਉਸ ਸਹਿਰ ਵਿਚ ਸੇਖ ਅਬਦੂੱਸਲਾਮ ਚਿਸਤੀ ਦੀ ਕ਼ਬਰ ਹੈ, ਜੋ ਬਾਵਾ ਫਰੀਦ ਸਕਰਗੰਜ ਦੀ ਉਲਾਦ ਵਿਚੋਂ ਹੈ; ਅਤੇ ਫਰੀਦ ਸਕਰਗੰਜ ਵਡਾ ਮਹਾਪੁਰਸ ਹੋ ਚੁੱਕਾ ਹੈ॥

## Jasroṭá.

ਜਸਰੋਟਾ ਪਹਾੜ ਦੀ ਘਾਟੀ ਪੁਰ ਇਕ ਰਾਜਸਥਾਨ ਸਹਿਰ ਹੈ, ਅਤੇ ਜੰਮੂ ਨਾਲੋਂ ਉਹ ਦਾ ਜੁਦਾ ਰਾਜ ਹੈ, ਅਤੇ ਬਹੁਤ ਮੁਲਖ ਉਹ ਦੇ ਨਾਲ ਲਗਦਾ ਹੈ, ਅਤੇ ਥੱਕੇ ਅਰ ਮਨਕਰਾਲ ਗੋਤੇ ਰਾਜਪੂਤਾਂ ਦੀ ਉੱਥੇ ਜਿਮੀਦਾਰੀ ਹੈ; ਪਰ ਸਾਰੇ ਸਹਿਰ ਵਿਚ ਖੂਹ ਇਕੋ ਹੀ ਹੈ, ਸੋ ਭੀ ਰਾਜੇ ਦੇ ਬੇਹੜਿਆਂ ਮਾਹ ਹੈ; ਰਾਜੇ ਛੁਟ ਹੋਰ ਕੋਈ ਉਹ ਦਾ ਪਾਣੀ ਨਹੀਂ ਪੀਂਦਾ। ਅਤੇ ਸਹਿਰ ਦੇ ਲੋਕ ਉਸ ਖੱਡ ਦਾ ਪਾਣੀ ਪੀਂਦੇ ਹਨ, ਜੋ ਸਹਿਰ ਦੇ ਹੇਠ ਵਗਦੀ ਹੈ; ਉਹ ਦੇ ਕੰਢੇ ਕਈ ਬਾਗ ਹਨ, ਜੋ ਉਨ੍ਹਾਂ ਦੇ ਅੰਬ ਅੱਤ ਮਿੱਠੇ ਹੁੰਦੇ ਹਨ। ਅਤੇ ਇਸ ਜਿਲੇ ਵਿਚ ਗੰਨੇ ਅਰ ਹਲਧੀ ਅਤੇ ਸੁੰਢ ਬਹੁਤ ਬੀਜਦੇ ਹਨ; ਅਤੇ ਸਹਿਰ ਸਾਂਬੇਵਾਲਾ ਬੀ ਜਸਰੋਟੇ ਹੀ ਨਾਲ ਲਗਦਾ ਹੈ; ਅਰ ਉੱਥੇ ਦੀਆਂ ਛੀਟਾਂ ਦਾ ਰੰਗ ਵਡਾ ਅਨੂਪ ਹੁੰਦਾ ਹੈ॥

## Kaṭhúhá.

ਕਠੂਹਾ ਰਾਜਪੂਤਾਂ ਦਾ ਇਕ ਕਦੀਮੀ ਸਹਿਰ, ਅਤੇ ਜੁਦਾ ਪਰਗਣਾ ਹੈ। ਢਾਈ ਹਜਾਰ ਘਰ, ਅਰ ਡੇਢ ਸੈ ਹੱਟ ਹੋਊ। ਅੰਬਾਰਤ ਕੱਚੀ ਅਤੇ ਛੱਪਰਬਾਸ ਬਹੁਤ ਹੈ; ਅਤੇ ਇਹ ਸਹਿਰ ਦਰਿਆਉ ਰਾਵੀ ਦੇ ਕੰਢੇ ਹੈ। ਅਤੇ ਦਰਿਆਉ ਇਸ ਜਿਲੇ ਵਿਚ ਕਈ ਜਾਗਾਂ ਗਾਹਲ ਹੈ; ਕਿੰਉਕਿ ਉਸ ਗਿਰਦੇ ਕਈ ਬਾਰੇ ਹੋ ਗਏ ਹਨ, ਅਤੇ ਕੈਈ ਨਹਿਰਾਂ ਲੋਕ ਕੱਟਕੇ ਲੈ ਗਏ ਹਨ। ਅਤੇ ਇਸ ਪਰਗਣੇ ਦੀ ਭੋਂ ਵਡੀ ਚੰਗੀ ਅਤੇ ਡਾਕਰ ਹੈ, ਅਤੇ

ਹਰ ਜਾਗਾ ਕਸਮੀਰ ਵਾਂਙੂ ਕੂਹਲਾਂ ਚਲ ਰਹੀਆਂ ਹਨ; ਅਤੇ ਇਕ ਕੂਹਲ ਸਹਿਰ ਦੇ ਵਿਚ ਵਿਓਂ ਚੱਲਦੀ ਹੈ; ਪਰ ਜਾਂ ਉਹ ਬਰਸਾਤ ਦੀ ਰੁੱਤੇ ਚੜ੍ਹਦੀ ਹੈ, ਤਾਂ ਸਹਿਰ ਦੇ ਲੋਕ ਉਰਾਰ ਪਾਰ ਨਹੀਂ ਲੰਘ ਸਕਦੇ। ਇਸ ਜਿਲੇ ਹਰ ਪਰਕਾਰ ਦੀ ਖੇਤੀ ਹਾੜ੍ਹੀ ਸਾਉਣੀ ਚੰਗੀ ਹੁੰਦੀ ਹੈ, ਅਤੇ ਹਲ੍ਦੀ, ਮੁੰਢ, ਅਤੇ ਹੋਰ ਕਰਿਆਨਾ ਬਹੁਤ ਬੀਜੀਦਾ ਹੈ। ਅਤੇ ਇਸੇ ਜਾਗਾ ਘਾਟ ਹੈ; ਜਿਹ ਨੂੰ ਕਠੂਹੇ ਦਾ ਪੱਤਲ ਆਖਦੇ ਹਨ। ਅਤੇ ਬਸੰਤਪੁਰ ਦੇ ਬੰਨੇ ਤੀਕੁਰ, ਜਿਥੋਂ ਦਰਿਆਉ ਰਾਵੀ ਪਹਾੜੋਂ ਨਿੱਕਲਿਆ ਹੈ, ਸਾਰਾ ਦਰਿਆਉ ਕਈ ਟੁਕੜੇ ਹੋਕੇ ਚੱਲਦਾ ਹੈ; ਅਤੇ ਉਸ ਜਾਗਾ ● ਕੋਹ ਦੇ ਫੈਲਾਉ ਵਿਚ ਵਗਦਾ ਹੈ। ਅਤੇ ਨਰੋਟ ਅਰ ਲਖਲਪੁਰ, ਜੋ ਛੋਟੇ ਛੋਟੇ ਨੱਗਰ ਹਨ, ਓਹ ਬੀ ਇਸੇ ਕਠੂਹੇ ਨਾਲ਼ ਲਗਦੇ ਹਨ। ਅਤੇ ਹਠੂਰ ਨਾਮੇ ਗਰਾਉਂ ਦੇ ਮੂੰਢ ਇਕ ਪੱਕੀ ਚੂਨੇ ਗੱਚ ਪੱਥਰਾਂ ਦੀ ਬਣੀ ਹੋਈ ਦਸ ਗਜ ਚੌੜੀ ਬਾਉੜੀ ਹੈ, ਜਿਸ ਵਿਚੋਂ ਸਦਾ ਪਾਣੀ ਚਲਦਾ ਰਹਿੰਦਾ ਹੈ। ਅਤੇ ਕਹਿੰਦੇ ਹਨ, ਜੋ ਇਹ ਬਾਉੜੀ ਜਗਤਸਿੰਘੁ ਨੂਰਪੁਰੀਏ ਦੀ ਲਵਾਈ ਹੋਈ ਹੈ॥

## THE FOURTH, OR CHANAHIT DOAB.

ਚੌਥਾ ਦੁਆਬਾ ਚਨਹਿਤ। ਇਹ ਦੁਆਬਾ ਝਨਾਉ ਅਰ ਦਰਿਆਉ ਜਿਹਲਮ ਦੇ ਗਭੇ ਹੈ, ਅਤੇ ਜਿਹਲਮ ਨੂੰ ਦਰਿਆਉ ਬਹਿਤ ਬੀ ਆਖਦੇ ਹਨ। ਇਸ ਦੁਆਬੇ ਦਾ ਲੰਬਾਉ, ਅਖਨੂਰ ਅਤੇ ਮੀਰਪੁਰ ਦੇ ਪਹਾੜ ਤੇ ਲੈਕੇ, ਸੋਰਕੋਟ ਦੇ ਬੰਨੇ ਤੀਕੁਰ, ਅਟਕਲ਼ ਮੂਜਬ ਡੇਢ ਸੌ ਕੋਹ ਹੈ, ਅਤੇ ਚੁੜਾਉ ਦਾ ਕੁਛ ਠਿਕਾਣਾ ਨਹੀਂ; ਕਿਉਂਕਿ ਅਖਨੂਰ ਤੇ ਮੀਰਪੁਰ ਤੀਕੁਰ ਚਾਲੀ ਕੋਹ, ਅਤੇ ਕਾਦਰਾਬਾਦ ਦੇ ਸਾਹਮਣਿਓਂ ਪੰਜੀ ਕੋਹ, ਅਤੇ ਸੋਰਕੋਟ ਦੇ ਗਿਰਦੇ ਤਿੰਨ ਚਾਰ ਕੋਹ ਹੈ॥

ਇਸ ਦੁਆਬੇ ਦੇ ਇੱਕੀ ਪਰਗਣੇ ਹਨ, ਸੋ ਸਭੇ ਲਾਹੌਰ ਦੇ

ਤਾਬੇ ਹਨ; ਅਤੇ ਇਸ ਦੁਆਬੇ ਦੀ ਜਿਮੀਂਦਾਰੀ ਬਹੁਤੀ ਮੁਸਲਮਾਨਾਂ ਦੀ ਹੈ। ਅਤੇ ਇਸ ਦੁਆਬੇ ਵਿਚ ਫਸਲ ਕਿਧਰੇ ਚਰਖੀ, ਅਤੇ ਕਿਧਰੇ ਬਰਖਾ ਨਾਲ਼ ਹੁੰਦੀ ਹੈ, ਅਤੇ ਕੂਹਲਾਂ ਪੁਰ ਬਹੁਤ ਹੀ ਘੱਟ ਹੁੰਦੀ ਹੈ; ਕਿੰਉਕਿ ਇਸ ਦੁਆਬੇ ਵਿਚ ਨਦੀ ਨਾਲ਼ੇ ਅਤੇ ਕੂਹਲਾਂ ਬਹੁਤ ਥੁਹੁੜੀਆਂ ਹਨ॥

Kunjáh.

ਕੁੰਜਾਹ ਦਰਿਆਉਂ ਝਨਾਉਂ ਥੀਂ ਪੰਜ ਕੋਹ ਹੈ, ਜਿਸ ਵਿਚ ਤਿੰਨ ਹਜਾਰ ਘਰ, ਅਰ ਦੋਕੁ ਸੈ ਹਟ ਅਬਾਦ ਹੈ; ਉਥੇ ਇਕ ਕਬੀਸਰ ਹੋ ਚੁਕਾ ਹੈ, ਜਿਹ ਦਾ ਨਾਉਂ ਗਨੀਮਤ ਕੁੰਜਾਹੀ ਮਸ਼ਹੂਰ ਸੀ; ਅਤੇ ਇਹ ਸਹਿਰ ਅੱਗੇ ਨਾਲੋਂ ਹੁਣ ਅੱਛਾ ਬਸਦਾ ਜਾਂਦਾ ਹੈ; ਕਿੰਉਕਿ ਦਿਵਾਨ ਮੁਹਕਮਚੰਦ ਦੇ ਪੁੱਤ ਮੋਤੀਰਾਮ ਨੈ ਆਪਣੇ ਰਹਿਣ ਲਈ ਉਥੇ ਚੰਗੀਆਂ ਹਵੇਲੀਆਂ ਪਵਾਈਆਂ ਹਨ। ਅਤੇ ਸਹਿਰ ਦੀ ਪੂਰਬੀ ਅਤੇ ਦੱਖਣੀ ਨੁੱਕਰ ਵਿਚ ਇਕ ਬਾਗ ਅਤੇ ਇਕ ਪੌੜੀਆਂਵਾਲ਼ਾ ਪੱਕਾ ਖੂਹ ਲਵਾਇਆ ਹੈ॥

Gujrát.

ਗੁਜਰਾਤ ਅਕਬਰ ਪਾਤਸਾਹ ਦਾ ਬਣਾਇਆ ਹੋਇਆ ਸਹਿਰ ਹੈ; ਅਤੇ ਇਸ ਸਹਿਰ ਦਾ ਆਪਣਾ ਜੁਦਾ ਹੀ ਪਰਗਣਾ ਹੈ। ਸਹਿਰੋਂ ਅੰਦਰ ਇਕ ਪੱਕਾ ਪੁਰਾਣਾ ਹਾਕਮਸਥਾਨ ਕਿਲਾ ਹੈ; ਉਹ ਦੇ ਅੰਦਰਵਾਰ ਸਿਖਾਂ ਨੈ ਹੋਰ ਨਵੇਂ ਘਰ ਪਾ ਲਏ ਹਨ, ਅਤੇ ਸਹਿਰ ਦੇ ਦੁਆਲ਼ੇ ਇਕ ਕੱਚਾ ਬਗਲ਼ ਸਾ; ਸੋ ਹੁਣ ਕਈ ਜਾਗਾਂ ਤੇ ਖਰਾਬ ਹੋ ਗਿਆ ਹੈ; ਅਤੇ ਜੋ ਇਸ ਬਗਲ਼ ਤੇ ਬਾਹਰ ਬਸੋਂ ਥੀ, ਸੋ ਬੈਰਾਨ ਪਈ ਹੈ। ਅਤੇ ਸਿੱਖਾਂ ਨੈ ਇਸ ਸਹਿਰ ਨੂੰ ਬਹੁਤ ਲੁੱਟਿਆ ਫੂਕਿਆ ਸੀ; ਇਸ ਕਰਕੇ ਹੁਣ ਤਿੰਨਕੁ ਹਜਾਰ ਘਰ, ਅਰ ਦੋਕੁ ਸੈ ਹੱਟ ਬਸਦੀ ਹੈ॥

ਸਹਿਰੋਂ ਬਾਹਰ ਚੜ੍ਹਦੇ ਰੁਕ ਸਾਹਦੋਲਾ ਦੀ ਖਾਨਗਾਹ ਹੈ, ਜੋ

ਇਸ ਮੁਲਖ ਵਿਚ ਉਹ ਦੀ ਵਡਿਆਈ ਬਹੁਤ ਮਸਹੂਰ ਹੈ; ਉਹ ਦੇ ਦੁਆਲੇ ਕਈ ਮਜਾਉਰਾਂ ਦੇ ਘਰ ਬਸਦੇ ਹਨ, ਅਤੇ ਕ-ਈਆਂ ਨਹਿਰਾਂ ਪੁਰ ਉਸ ਮਹਾਪੁਰਸ ਦੀ ਨਸਾਨੀ ਪੁਲ ਬੱਨੇ ਹੋਏ ਮਜੂਦ ਹਨ। ਉਥੋਂ ਬਜੀਰਾਬਾਦ ਦਾ ਘਾਟ ਪੰਜ ਕੋਹ, ਅਤੇ ਦਰਿਆਉ ਬਹਿਤ ਜਿਹਲਮ ਦੇ ਘਾਟ ਪੱਚੀ ਕੋਹ ਹੈ ॥

### Jalâlpur.

ਇਸ ਸਹਿਰ ਤੇ ਪੰਜ ਕੋਹ ਕਸਬਾ ਜਲਾਲਪੁਰ, ਵੜਾਇਚ ਗੋਤੇ ਜਿਮੀਦਾਰਾਂ ਦਾ ਅਬਾਦ ਕੀਤਾ ਹੋਇਆ ਹੈ; ਉਹ ਦੀ ਅੰਬਾਰਤ ਭਾਵੇਂ ਕੱਚੀ ਹੀ ਹੈ, ਪਰ ਅਬਾਦੀ ਦੇ ਸਬਬ ਰੌਲਕ ਬਹੁਤ ਹੈ; ਕਿੰਉਕਿ ਹੁਣ ਬੀ ਦੋ ਹਜਾਰ ਘਰ, ਅਰ ਸੌ ਹੱਟ ਬਸ-ਦੀ ਹੈ। ਅਤੇ ਸਹਿਰੋਂ ਅੰਦਰਵਾਰ ਹਾਕਮ ਦੇ ਰਹਿਣ ਦੀ ਵਡੀ ਸੁੰਦਰ ਪੱਕੀ ਹਵੇਲੀ ਬਣੀ ਹੋਈ ਹੈ, ਅਤੇ ਚੌਧਰੀਆਂ ਦੇ ਘਰ ਬੀ ਪੱਕੇ ਬਣੇ ਹੋਏ ਹਨ; ਪਰ ਉਨ੍ਹਾਂ ਲੋਕਾਂ ਨੈ ਇਕ ਚੂਨੇ ਗੱਚ ਮਸੀਤ ਹੁਣ ਪਾਈ ਹੈ ॥

ਜਲਾਲਪੁਰ ਤੇ ਅੱਧ ਕੋਹ ਦੀ ਬਿੱਥ ਪੁਰ ਇਸਲਾਮਗੜ੍ਹ ਦਾ ਕਿਲਾ, ਚੌਧਰੀ ਰਹਿਮਤਖਾਂ ਵੜਾਇਚ ਦਾ ਪਾਇਆ ਹੋਇਆ ਹੈ, ਜੋ ਅਹਿਮਦਸਾਹ ਦੁਰਾਨੀ ਦੇ ਵਾਰੇ ਮੁਲਖ ਅਰ ਫੌਜਾਂਵਾ-ਲਾ ਸੀ। ਇਹ ਕਿਲਾ ਥਾ ਤਾ ਕੱਚਾ ਹੀ, ਪਰ ਬਹੁਤ ਸੁਡੌਲ ਅਤੇ ਡਾਢਾ ਬਣਿਆ ਹੋਇਆ ਸਾ, ਅਤੇ ਦੂਰੋਂ ਬਹੁਤ ਸੁਹਣਾ ਨਜਰੀ ਆਉਂਦਾ ਸੀ; ਕਿੰਉਕਿ ਉਹ ਦੇ ਗਿਰਦੇ ਕੰਗੂਰੇਦਾਰ ਕੰਧ ਥੀ, ਸੋਈ ਕਈਆਂ ਜਾਗਾਂ ਤੇ ਢੈਹਿ ਗਈ ਹੈ। ਇਸ ਕਿਲੇ ਦੇ ਅੰਦਰ ਬੁਹੜੀ ਜਿਹੀ ਬਸੋਂ, ਅਤੇ ਇਕ ਵਡੀ ਖੁੱਲੀ ਮਸੀਤ ਸੀ; ਸੋ ਹੁਣ ਉਜੜ ਪਈ ਹੈ; ਅਤੇ ਇਸ ਕਿਲੇ ਅਰ ਜ-ਲਾਲਪੁਰ ਦੇ ਗੱਭੇ ਇਕ ਸੁੱਕੀ ਹੋਈ ਨਹਿਰ ਹੈ, ਜੋ ਬਰਸਾਤ ਨੂੰ ਚੱਲਦੀ ਹੈ ॥

### Mírpur.

ਮੀਰਪੁਰ ਪਹਾੜ ਤਲੀ ਦਾ ਸਹਿਰ ਹੈ, ਜੋ ਗੱਖੜਾਂ ਦੇ ਵੇਲੇ ਵਡੀ ਰੌਣਕ ਵਿਚ ਸਾ, ਅਤੇ ਮਸੀਤਾਂ ਅਰ ਸੁੰਦਰ ਮਕਾਨ ਬਣੇ ਹੋਏ ਸਨ, ਸੋ ਹੁਣ ਉੱਜੜ ਪਏ ਹਨ; ਅਤੇ ਉਨਾਂ ਰਾਜਿਆਂ ਅਰ ਗੱਖੜਾਂ ਵਿਚੋਂ ਕੋਈ ਨਹੀਂ ਰਿਹਾ। ਹੁਣ ਬਜਾਰ ਦੀ ਨਿਰੀ ਡੇਢਕੁ ਸੌ ਹੱਟ ਹੋਊ; ਪਰ ਦੇਖਣਵਾਲੇ ਆਖਦੇ ਹਨ, ਜੋ ਮੀਰਪੁਰ ਦਾ ਬਜਾਰ ਵਡੀ ਸੁਹਣੀ ਡੌਲ ਸਿਰ ਪਿਆ ਹੋਇਆ ਹੈ; ਇਕ ਇਸ ਗੱਲ ਦਾ ਘਾਟਾ ਹੈ, ਜੋ ਗਿਰਦੇ ਸਹਿਰਪਨਾਹ ਹੈ ਨਹੀਂ। ਇਸ ਸਹਿਰ ਦੀ ਜਿਮੀਨ ਨੀਂਚੀ ਉੱਚੀ, ਅਤੇ ਦੋਹੀਂ ਪਾਸੀਂ ਦੋ ਨਲੇ ਹਨ; ਜਿਹੜਾ ਦੱਖਣ ਦੇ ਪਾਸੇ ਹੈ, ਉਸ ਵਿਚ ਥੁਹੜਾ ਜਿਹਾ ਪਾਣੀ ਚਲਦਾ ਹੈ, ਅਤੇ ਜਿਹੜਾ ਉੱਤਰ ਦੇ ਰੁਕ ਹੈ, ਉਸ ਵਿਚ ਸਹਿਰ ਤੇ ਉਪਰ ਕਰਕੇ ਇਕ ਘਰਾਟ ਦੇ ਚੱਲਣ ਜੋਗਾ ਪਾਣੀ ਵਗਦਾ ਹੈ; ਜਾਂ ਸਹਿਰ ਦੇ ਹੇਠ ਪਹੁੰਚਦਾ ਹੈ, ਤਾਂ ਸੁੱਕ ਜਾਂਦਾ ਹੈ, ਅਤੇ ਡੇਢ ਕੋਹ ਅੱਗੇ ਵਧਕੇ ਫੇਰ ਜਿਮੀਨ ਵਿਚੋਂ ਫੁਟ ਨਿਕਲਦਾ ਹੈ॥

ਕਹਿੰਦੇ ਹਨ, ਜੋ ਅਗਲੇ ਜਮਾਨੇ ਵਿਚ ਇਹ ਨਲਾ ਅਜਿਹਾ ਸਾ, ਜੋ ਬੇੜੀ ਬਿਨਾ ਕੋਈ ਨਹੀਂ ਲੰਘ ਸਕਦਾ ਸੀ; ਅਚਾਣਕ ਕੋਈ ਸਾਈਂ ਲੋਕ ਆ ਫਿਰਿਆ, ਅਤੇ ਉਨ ਚਾਹਿਆ, ਜੋ ਬੇੜੀ ਵਿਚ ਚੜ੍ਹਕੇ ਬੈਠ ਜਾਵੇ; ਤਦ ਮਾਂਝੀ ਨੈ ਕਿਹਾ, ਫਕੀਰਾ ਰਤਾ ਠਹਿਰ ਜਾ, ਪੂਰ ਨੂੰ ਲੰਘਾ ਲਵਾਂ, ਪਿਛੋਂ ਤੈ ਨੂੰ ਬੀ ਲੰਘਾ ਦਿਆਂਗਾ; ਫਕੀਰ ਨੈ ਕਿਹਾ, ਮੈਂ ਨੂੰ ਛੇਤੀ ਲੰਘਾ ਦਿਹ; ਮਾਂਝੀ ਨੈ ਕਿਹਾ, ਜੋ ਤੂੰ ਵਡਾ ਕਾਹਲਾ ਹੈਂ, ਤਾਂ ਪਾਣੀ ਨੂੰ ਕਹੁ, ਜੋ ਤੈ ਨੂੰ ਲੰਘਾ ਦੇਵੇ; ਫਕੀਰ ਨੈ ਕਿਹਾ, ਰੱਬ ਦੇ ਹੁਕਮ ਨਾਲ ਐਵੇਂ ਹੋ ਜਾਵੇਗਾ; ਸੋ ਉਹ ਨਲਾ ਉਹਦੇ ਕਹਿੰਦੇ ਹੀ ਤਾਬੜਤੋੜ ਸੁੱਕ ਗਿਆ, ਅਤੇ ਉਸ ਦਿਨ ਤੇ ਲਾਕੇ ਹੁਣ ਤੀਕੁਰ ਫੇਰ ਮੀਰਪੁਰ ਦੇ ਹੇਠ ਉਸ ਵਿਚ

ਪਾਣੀ ਨਾ ਵਗਿਆ, ਅਤੇ ਮੀਰਪੁਰੋਂ ਘਾਟ ਮਕੂਫ ਹੋ ਗਿਆ। ਇਹ ਜਿਲਾ ਚਰਖੀ ਹੈ, ਅਤੇ ਮੂਲੀਆਂ ਉਥੇ ਚੰਗੀਆਂ ਹੁੰਦੀਆਂ ਹਨ; ਆਦਮੀ ਦੀ ਪਿੰਨੀ ਵਰਗੀਆਂ ਮੋਟੀਆਂ, ਅਤੇ ਗਜ ਭਰ ਲੰਮੀਆਂ! ਅਤੇ ਇਸ ਕਸਬੇ ਦੁਆਲੇ ਪਹਾੜ ਤਲੀ ਦੇ ਮੁਲਖ ਵਿਚ ਪਾਣੀ ਠੂਢਿਆ ਨਹੀਂ ਲਭਦਾ; ਜੇ ਖੂਹ ਪੱਟਲ, ਤਾਂ ਪਾਣੀ ਵਡਾ ਡੂੰਘਾ ਨਿਕਲਦਾ ਹੈ, ਅਤੇ ਕਈ ਜਾਗੀਂ ਚਾਰੇਖੰਨੇ ਲਭਦਾ ਹੀ ਨਹੀਂ; ਲੋਕ ਕੱਚੇ ਟੋਭੇ ਖੋਦਕੇ ਪਾਣੀ ਨਾਲ ਭਰ ਰਖਦੇ ਹਨ, ਅਤੇ ਵਡੀਆਂ ਡਾਢੀਆਂ ਕੰਧਾਂ ਬਲਾ ਛਡਦੇ ਹਨ, ਜੋ ਮੀਂਹ ਦਾ ਜਲ ਉਨਾਂ ਦੇ ਅੰਦਰਵਾਰ ਕੱਠਾ ਰਹੇ, ਅਤੇ ਬਾਹਰ ਨਾ ਨਿਕਲ ਜਾਵੇ; ਸਾਰਾ ਸਾਲ ਉਸੇ ਵਿਚੋਂ ਪੀਂਦੇ ਰਹਿੰਦੇ ਹਨ; ਪਰ ਜੇ ਕਦੇ ਬਰਖਾ ਨਹੀਂ ਹੁੰਦੀ, ਤਾਂ ਵਡੀ ਕਸਟਣੀ ਨਾਲ ਕਟਦੇ ਹਨ; ਅਤੇ ਜਿਹੜੇ ਗਰਾਉਂ ਦਰਿਆਉ ਬਹਿਤ ਤੇ ਦੋਕੋਹੀ ਚੋ ਕੋਹੀ ਹਨ, ਸੋ ਗਧਿਆਂ ਪੁਰ ਪਾਣੀ ਲਦਕੇ ਲੈ ਜਾਂਦੇ ਹਨ; ਅਤੇ ਸਾਰੇ ਜਿਲੇ ਵਿਚ ਖੇਤੀ ਮੀਂਹ ਨਾਲ ਹੁੰਦੀ ਹੈ; ਅਤੇ ਇਸ ਜਾਗਾ ਥੋਂ ਭਿੰਬਰ ਅਰ ਦੇਵੇ ਬਟਾਲੇ ਤੀਕੁਰ, ਜਿਥੋਂ ਝਨਾਉ ਪਹਾੜੋਂ ਨਿਕਲਦੀ ਹੈ, ਸਭ ਟਿੱਬੇ ਹੀ ਹਨ, ਅਤੇ ਪਾਣੀ ਅਲਲੱਭ। ਅਤੇ ਉਸ ਦੇਸ ਦੇ ਲੋਕ ਸੁਭਾਉ ਦੇ ਵਡੇ ਕਰੜੇ ਅਤੇ ਖੂਨੀ ਅਰ ਧਾੜਵੀ ਹਨ; ਸਭ ਤੇ ਵਧੀਕ ਦੇਵੇ ਬਟਾਲੇ ਦੇ ਰਹਿਣਵਾਲੇ, ਜੋ ਡਾਢੂ ਅਰ ਛਟ ਗੋਤੇ ਹਨ, ਕੀ ਹਿੰਦੂ ਕੀ ਮੁਸਲਮਾਨ, ਸਭ ਸੂਰਮੇ ਅਰ ਚੋਰ ਅਤੇ ਬਾਟਮਾਰ ਹਨ; ਕਿੰਉਕਿ ਪਾਣੀ ਦਾ ਤੋੜਾ ਅਤੇ ਬੇਲੇ ਦੀ ਬੁਤਾਇਤ ਕਰਕੇ, ਗਨੀਮ ਉਨਾਂ ਪੁਰ ਸਹਿਜੇ ਹੱਥ ਨਹੀਂ ਪਾ ਸਕਦਾ। ਅਤੇ ਕਈ ਫੇਰੀਂ ਪਾਤਸਾਹੀ ਫੌਜਾਂ ਬੀ ਇਨਾਂ ਪੁਰ ਚੜ੍ਹ ਆਈਆਂ; ਓੜਕ ਝਖ ਮਾਰਕੇ ਮੁੜ ਗਈਆਂ; ਅਤੇ ਏਹ, ਸਿਆਲਕੋਟ ਅਰ ਗੁਜਰਾਤ ਤੀਕੁਰ, ਲੁਟਦੇ ਹੀ ਰਹੇ॥

ਤਿਸ ਪਿਛੇ ਮਹਾਰਾਜੇ ਰਣਜੀਤਸਿੰਘੁ ਨੈ ਇਨ੍ਹਾਂ ਦੇ ਨਾਸ ਕਰਣੇ ਵਿਚ ਬਾਹਲਾ ਉੱਦਮ ਚਕਿਆ, ਅਤੇ ਕਈ ਬਾਰ ਆਪ ਪਿਆਦਾ ਹੋਕੇ, ਬੇਲੇ ਵਿਚ ਜਾ ਵੜਿਆ; ਅਤੇ ਲੜਾਈਆਂ ਮਾਰ ਮਾਰਕੇ, ਤਿਨ੍ਹਾਂ ਦਾ ਮੁਲਖ ਲੁਟਿਆ ਫੂਕਿਆ, ਅਤੇ ਵਡੀ ਕਟੀਲੀ ਸਪਾਹ ਸਦਾ ਲਈ ਉਨ੍ਹਾਂ ਦੇ ਮੁਲਖ ਪੁਰ ਛੱਡ ਛਡੀ, ਅਤੇ ਬਹੁਤ ਪੈਸਾ ਲਾਕੇ ਖੂਹੇ ਪਟਵਾਏ; ਤਾਂ ਭੀ ਅੱਗੇ ਨਾਲੋਂ ਕੁਛ ਸੁਖਿਹਤਾ ਹੋਇਆ ਹੈ ॥

ਜਾਂ ਇਨ੍ਹਾਂ ਪੁਰ ਕੋਈ ਗਲੀਮ ਚੜ੍ਹਾਈ ਕਰਦਾ ਹੈ, ਤਾਂ ਏਹ ਬੇਲੇ ਵਿਚ ਵੜ ਜਾਂਦੇ ਹਨ, ਅਤੇ ਓਪਰਾ ਆਦਮੀ ਉਥੇ ਜਾ ਨਹੀਂ ਸਕਦਾ; ਇਸ ਲਈ ਇਨ੍ਹਾਂ ਪੁਰ ਕੋਈ ਕਾਬੂ ਨਹੀਂ ਪਾ ਸੱਕਿਆ। ਇਸ ਜਿਲੇ ਜੰਗਲ ਵਿਚ ਅੰਬਾਂ ਦੇ ਬੂਟੇ ਬਹੁਤ ਤਾ ਹਨ; ਪਰ ਚੰਗੇਰੇ ਘਟ ਹਨ ॥

Bijwát.

ਬਿਜਵਾਤ ਝਨਾਉ ਦੇ ਕੰਢੇ ਵਡਾ ਤਰ ਅਤੇ ਸੁੰਦਰ ਪਰਗਣਾ ਹੈ। ਦਰਿਆਉ ਝਨਾਉ, ਜਾਂ ਪਹਾੜੋਂ ਨਿਕਲਦਾ ਹੈ, ਤਾਂ ਅਠਾ-ਰਾਂ ਟੁਕੜੇ ਹੋ ਜਾਂਦਾ ਹੈ, ਅਤੇ ਅਠਾਰਾਂ ਦੇ ਅਠਾਰਾਂ ਹੀ ਇਸ ਪਰਗਣੇ ਵਿੱਚੀਂ ਚਲਦੇ ਹਨ। ਅਤੇ ਜਿੱਥੇ ਜਿੱਥੇ ਨੂੰ ਨਹਿਰਾਂ ਕੱਟਕੇ ਲੈ ਜਾਂਦੇ ਹਨ, ਉਹ ਭੋਂ ਤਰ ਹੋ ਜਾਂਦੀ ਹੈ; ਅਤੇ ਧਾਨ ਅਰ ਕਮਾਦ ਹਰ ਭਾਂਤ ਦਾ ਬਹੁਤ ਹੁੰਦਾ ਹੈ, ਅਤੇ ਅੰਬਾਂ ਦੇ ਬੂਟੇ ਬੀ ਅਣਗਿਣਤ ਹਨ ॥

Akhnúr.

ਅਖਨੂਰ ਝਨਾਉ ਦੇ ਕੰਢੇ ਪਹਾੜ ਦੇ ਟਿੱਬਿਆਂ ਵਿਚ ਇਕ ਮਸ਼ਹੂਰ ਸਹਿਰ ਹੈ; ਉਸ ਵਿਖੇ ਸੱਤ ਸੈ ਘਰ, ਅਤੇ ਪੰਜਾਹ ਦੁ-ਕਾਨਾਂ ਹੋਣਗੀਆਂ। ਉਥੇ ਦੇ ਵਸਨੀਕ ਕਈ ਕੌਮਾਂ ਦੇ ਹਨ, ਪਰ ਜਿਮੀਦਾਰੀ ਜਮਵਾਲ ਰਾਜਪੂਤਾਂ ਦੀ ਹੈ; ਅਤੇ ਜੰਮੂ ਹੀ ਦੇ

ਨਾਲ ਲਗਦਾ ਹੈ। ਅਤੇ ਹਾੜੀ ਸਾਉਣੀ ਮੁਲਖ ਜੋਗੀ ਬਖੇਰੀ; ਅਤੇ ਝਨਾਉ, ਸਹਿਰ ਦੇ ਹੇਠ ਵਡੀ ਤੇਜੀ ਨਾਲ ਵਗਦੀ ਹੈ, ਅਤੇ ਸਹਿਰ ਦੇ ਲੋਕ ਉਸੇ ਦਾ ਪਾਣੀ ਪੀਂਦੇ ਹਨ, ਅਤੇ ਘਾਟ ਬੀ ਉਤੀ ਜਾਗਾ ਹੈ। ਸਹਿਰੋਂ ਪੂਰਬ ਦੇ ਰੁਕ ਦਰਿਆਉ ਦੇ ਕੰਢੇ ਇਕ ਪੱਕਾ ਪੱਥਰ ਦਾ ਚੂਨੇ ਗੱਚ ਕਿਲਾ ਹੈ, ਜਿਸ ਦੇ ਬਾਰਾਂ ਬੁਰਜ ਅਰ ਦੇ ਦਰਵਜੇ ਹਨ, ਅਤੇ ਉਹ ਦੇ ਅੰਦਰ ਸੁੰਦਰ ਅੰਬਾਰਤ, ਅਤੇ ਪਾਣੀ ਦੀ ਬਾਂ, ਅਰ ਇਕ ਖੂਹ ਬਣਿਆ ਹੋਇਆ ਹੈ। ਅਤੇ ਦਰਿਆਉ ਤੇ ਕਿਲੇ ਵਿਚ ਪਾਣੀ ਦੇ ਆਉਣ ਦਾ ਰਸਤਾ ਬਣਾਕੇ ਮੁੰਦ ਛਡਿਆ ਹੋਇਆ ਹੈ; ਇਸ ਲਈ ਜੋ ਲੋੜ ਦੇ ਵੇਲੇ ਕੰਮ ਆਊ। ਕਿਲੇ ਤੇ ਪੱਛਮ ਦੇ ਦਾਉ ਰਤਾਕੁ ਦੱਖਣ ਦੇ ਰੁਕ ਇਕ ਬਾਗ ਹੈ, ਜਿਸ ਵਿਚ ਹਰ ਪਰਕਾਰ ਦੇ ਮੇਵੇਦਾਰ ਰੁੱਖ ਬਹੁਤ ਹਨ, ਅਤੇ ਅੰਦਰਵਾਰ ਇਕ ਅਠਾਰਾਂ ਹੱਥ ਡੂੰਘਾ ਖੂਹ ਹੈ॥

### Ḍholwahá.

ਢੋਲਵਹਾ ਇਕ ਪਿੰਡ ਹੈ, ਜੋ ਝਨਾਉ ਦੇ ਕੰਢੇ ਇਕ ਟਿੱਬੇ ਉਪੁਰ ਬਸਦਾ ਹੈ; ਉਸ ਤੇ ਦੇ ਤਿੰਨ ਕੋਹ ਉਪੁਰ ਦੇ ਦਾਉ, ਦਰਿਆਉ ਦੇ ਅਠਾਰਾਂ ਹੀ ਟੁਕੜੇ ਇਕ ਹੋ ਜਾਂਦੇ ਹਨ; ਅਤੇ ਰਾਜੌਰੀਵਾਲੀ ਨਹਿਰ, ਜੋ ਤਵੀ ਕਹਾਉਂਦੀ ਹੈ, ਪਹਾੜਾਂ ਵਿਚੋਂ ਨਿਕਲਕੇ, ਦਰਿਆਉ ਵਿਚ ਮਿਲ ਜਾਂਦੀ ਹੈ; ਅਤੇ ਜੰਮੂਵਾਲੀ ਤਵੀ ਬੀ ਇਨਾਂ ਵਿਚ ਆਣ ਪੈਂਦੀ ਹੈ; ਪਰ ਝਨਾਉ ਦਾ ਪਾਣੀ, ਤੇਜੀ ਅਤੇ ਠੰਢ ਦੇ ਕਾਰਨ, ਇਨਾਂ ਦੂਹਾਂ ਪਾਣੀਆਂ ਨਾਲ ਨਹੀਂ ਰਲਦਾ; ਬਲਕ ਅੱਡ ਦਾ ਅੱਡ ਹੀ ਦਿਸ ਪੈਂਦਾ ਹੈ। ਅਤੇ ਇਸੇ ਪਿੰਡ ਦੇ ਨੀਚੇ ਰਾਜ ਘਾਟ ਅਤੇ ਮਸੂਲ ਦੀ ਜਾਗਾ ਹੈ॥

### THE FIFTH, OR SINDH SAGAṚ DOAB.

ਪੰਜਵਾਂ ਦੁਆਬਾ ਸਿੰਧ ਸਾਗਰ। ਇਸ ਦੁਆਬੇ ਦਾ ਲੰਬਾ-

ਉ, ਜਿਹਲਮ ਦੇ ਸਹਿਰ ਤੇ ਲੈਕੇ, ਦੋਹਾਂ ਦਰਿਆਵਾਂ ਦੇ ਕੰਠੇ ਹੋਲ ਦੀ ਜਾਗਾ ਤੀਕੁਰ, ਦੋ ਸੈ ਬਹੱਤਰ ਕੋਹ, ਅਤੇ ਚੁੜਾਉ ਦਾ ਕੁਛ ਥੋਹੁ ਨਹੀਂ; ਕਿਉਕਿ ਜਿਹਲਮ ਦੇ ਸਹਿਰ ਤੇ ਅਟਕ ਤੀਕੁ ਨੱਵੇ ਕੋਹ, ਅਤੇ ਦਾਦਨਖਾਂ ਦੇ ਪਿੰਡ ਥੀਂ ਕਾਲ੍ਹੇ ਬਾਗਾਂ ਲਗ ਸੱਠ ਕੋਹ, ਅਤੇ ਖਾਨਗੜ੍ਹ ਥੋਂ ਗਾਜੀਖਾਂ ਦੇ ਡੇਰੇ ਤੀਕੁ ਤੀਹ ਕੋਹ, ਅਤੇ ਜਾਮਪੁਰ ਦੇ ਥੰਨੇ ਥੀਂ ਨਿਰਾ ਬਾਰਾ ਕੋਹ, ਅਤੇ ਉਸ ਤੇ ਅੱਗੇ, ਨਿਰਾ ਤ੍ਰਿੰਨ ਚਾਰ ਕੋਹ ਹੈ। ਇਸ ਦੁਆਬੇ ਦੀ ਜਿਮੀਨ ਕੁਛ ਪਹਾੜਾਂ ਵਿਚ, ਬਹੁਤੀ ਜੰਗਲ੍ਹ ਅਤੇ ਬੇਲੇ ਹੇਠ, ਅਤੇ ਕੁਛ ਥਲ੍ਹਾਂ ਵਿਚ ਹੈ; ਪਰ ਥਲ੍ਹਾਂਵਾਲ੍ਹੀ ਵਿਚ ਬਸੋਂ ਬਹੁਤੀ, ਅਤੇ ਪਾਣੀ ਅਲਲੱਭ ਹੈ॥

ਇਸ ਦੁਆਬੇ ਵਿਚ ਵਡੇ ਵਡੇ ਸਹਿਰ ਬਹੁਤ ਬਹੁਤੇ ਹਨ; ਨਿਰੇ ਕੁਛ ਪਿੰਡ, ਕੁਛ ਕਸਬੇ, ਅਤੇ ਕੁਛ ਜੰਗੀ ਕਿਲੇ ਹਨ; ਉਨ੍ਹਾਂ ਵਿਚੋਂ ਦੋ ਕਿਲੇ ਪਾਤਸਾਹੀ ਹਨ, ਜੋ ਸਾਰੀ ਪੰਜਾਬ ਵਿਚ ਤਿਨ੍ਹਾਂ ਜਿਹਾ ਕੋਈ ਕਿਲਾ ਨਹੀਂ; ਇਕ ਅਟਕ ਬਨਾਰਸ ਦਾ ਕਿਲਾ, ਅਤੇ ਦੂਜਾ ਰੁਤਾਸ ਦਾ ਕਿਲਾ। ਅਟਕ ਦਾ ਕਿਲਾ ਵਡਾ ਡਾਢਾ ਅਤੇ ਮਜਬੂਤ, ਦਰਿਆਉ ਸਿੰਧ ਦੇ ਕੰਢੇ ਪੂਰਬ ਦੇ ਰੁਕ, ਅਕਬਰ ਪਾਤਸਾਹ ਦਾ ਬਲ੍ਵਾਇਆ ਹੋਇਆ ਹੈ; ਉਹ ਦੀ ਇਕ ਪਾਸੇ ਦੀ ਬਾਹੀ ਦਰਿਆਉ ਵਿਚ ਹੈ, ਅਤੇ ਕਿਲੇ ਵਿਚ ਪਾਣੀ ਲੈ ਜਾਣ ਲਈ ਅਜਿਹਾ ਗੁਪਤ ਰਾਹ ਬਲਾਇਆ ਹੋਇਆ ਹੈ, ਜੋ ਕਦੇ ਬਾਹਰਲੇ ਨੂੰ ਖਬਰ ਨਾ ਹੋਵੇ, ਅਤੇ ਪਾਣੀ ਕਿਲੇ ਵਿਚ ਜਾ ਫਿਰੇ। ਅਜਿਹਾ ਜਾਣ ਪੈਂਦਾ ਹੈ, ਜੋ ਉਸ ਸਫੋਲ ਵਿਚੀਂ, ਜੋ ਪਾਣੀ ਵਿਚ ਖਲੋਤੀ ਹੈ, ਕਿਲੇ ਅੰਦਰ ਪਾਣੀ ਲੈ ਜਾਣ ਦਾ ਰਸਤਾ ਹੈ। ਕਿਲੇ ਦੀ ਅੰਬਾਰਤ ਪੱਥਰ ਅਰ ਗੱਚ ਦੀ ਅਜਿਹੀ ਮਜਬੂਤ ਬਣੀ ਹੋਈ ਹੈ, ਜੋ ਪੱਥਰ ਦਾ ਇਕੋ ਤੱਗ ਮਲੂਮ ਹੁੰਦਾ ਹੈ। ਉਸ ਕਿਲੇ ਦੇ ਲਹਿੰਦੇ ਚੜ੍ਹਦੇ ਦੋ ਦਰ-

ਵੱਜੇ, ਅਤੇ ਪੰਜਾਹ ਬੁਰਜ, ਅਤੇ ਇਕ ਛੋਟਾ ਦਰਵੱਜਾ ਹੈ, ਜਿਹ ਨੂੰ ਮੋਰੀ ਦਰਵੱਜਾ ਕਹਿੰਦੇ ਹਨ; ਸੋ ਹੁਣ ਉਹ ਮੁੰਦਿਆ ਹੋਇਆ ਹੈ। ਉਸ ਕਿਲੇ ਵਿਚ ਚਾਰ ਪੰਜ ਸੈ ਰਈਅਤ ਦਾ ਘਰ, ਅਰ ਸੌਕੁ ਹੱਟ ਹੋਊ। ਅਤੇ ਕਿਲਿਓਂ ਬਾਹਰ ਚੜ੍ਹਦੇ ਪਾਸੇ ਦੇ ਦਰ-ਵੱਜੇ ਦੇ ਲਾਗ ਕਿਸੇ ਸੰਤ ਦੀ ਕਬਰ ਹੈ। ਇਹ ਕਿਲਾ ਸਨ ੯੮੪ ਹਿੰਜਰੀ ਵਿਖੇ ਬਣਿਆ ਹੈ, ਅਤੇ ਪੰਜਾਬ ਦੇਸ ਦੇ ਬੰਨੇ ਦੇ ਸਿਰੇ ਪੁਰ ਹੈ। ਜੇ ਇਹ ਕਿਲਾ ਪੰਜਾਬ ਦੇ ਹਾਕਮ ਦੇ ਹੱਥ ਵਿਚ ਹੋਵੇ, ਤਾਂ ਪਠਾਣ ਪੰਜਾਬ ਉੱਪੁਰ ਕਾਬੂ ਨਹੀਂ ਪਾ ਸਕਦੇ॥

ਜਦ ਦਿੱਲੀ ਦੇ ਪਾਤਸਾਹਾਂ ਤੇ ਪਿਛੇ ਇਹ ਕਿਲਾ ਪਠਾਣਾਂ ਦੇ ਹੱਥ ਚੜ੍ਹਿਆ, ਤਦ ਉਨੀਂ ਪੰਜਾਬ ਉਪੁਰ ਕਈ ਬਾਰ ਝੜਾਈ ਕੀਤੀ, ਅਤੇ ਕਸਮੀਰ ਬੀ ਤਿਨਾਂ ਨੂੰ ਹੱਥ ਲੱਗ ਗਿਆ। ਜਾਂ ੧੨੨੯ ਸਨ ਹਿਜਰੀ ਵਿਖੇ ਇਹ ਕਿਲਾ ਸਿੱਖਾਂ ਨੂੰ ਹੱਥ ਲੱਗ ਗਿਆ, ਤਾਂ ਮਹਾਰਾਜੇ ਰਣਜੀਤਸਿੰਘੁ ਨੈ ਪਠਾਣ ਲਤਾੜ ਲਏ, ਅਤੇ ਪਸੌਰ ਅਰ ਕਸਮੀਰ ਬੀ ਉਨਾਂ ਤੇ ਖੁਹੁ ਲੀਤਾ; ਤਦ ਥੀਂ ਲੈਕੇ ਪਠਾਣ ਲੋਕ ਫੇਰ ਇਸ ਮੁਲਖ ਪੁਰ ਜੋਰ ਨਾ ਪਾ ਸੱਕੇ। ਹੁਣ ਸਿੱਖਾਂ ਦਾ ਦਸ ਬਾਰਾਂ ਸੈ ਸਪਾਹੀ ਉਸ ਕਿਲੇ ਵਿਚ ਰਹਿੰਦਾ ਹੈ, ਅਤੇ ਘਾਟ ਬੀ ਬੇੜੀਆਂ ਸਣੇ ਇਨਾਂ ਹੀ ਦੇ ਹੁਕਮ ਵਿਚ ਹੈ, ਅਤੇ ਇਸ ਕਿਲੇ ਦੇ ਸਾਹਮਣੇ ਹੀ ਪਾਰਲੇ ਪਾਸੇ ਖੈਰਾਬਾਦ ਹੈ॥

### Khairábád.

ਇਸ ਖੈਰਾਬਾਦ ਵਿਚ ਵਡਾ ਜੰਗੀ ਕਿਲਾ ਹੈ, ਸੋ ਉਹ ਬੀ ਸਿੱਖਾਂ ਹੀ ਪਾਹ ਹੈ; ਅਤੇ ਵਡਾ ਭਾਰੀ ਠਾਣਾ ਉਸ ਵਿਚ ਰਹਿੰਦਾ ਹੈ॥

### Mankerá.

ਮਨਕੇਰੇ ਦਾ ਕਿਲਾ ਬਹੁਤ ਮਜਬੂਤ ਅਰ ਥਲਾਂ ਵਿਚ ਹੈ; ਅਤੇ ਪਾਣੀ ਦੇ ਤੋੜੇ ਦੇ ਸਬਬ ਏਕਾ ਏਕੀ ਗਨੀਮ ਉਸ ਪੁਰ ਹੱਥ ਨਹੀਂ ਪਾ ਸੱਕਦਾ। ਇਹ ਕਿਲਾ ਨਬਾਬ ਸਿਰਬਲੰਦਖਾਂ

ਦਾ ਬਲਵਾਇਆ ਹੋਇਆ ਹੈ; ਅਤੇ ਉਹ ਦੀ ਕਬਰ ਬੀ ਉਸੇ ਦੇ ਅੰਦਰ ਹੈ। ਇਸ ਕਿਲੇ ਦੇ ਗਿਰਦੇ ਇਕ ਕੱਚਾ ਬਗਲ ਹੈ, ਅਤੇ ਅੰਦਰਲੇ ਬਾਹਰਲੇ ਸਭ ਬੀਹ ਬੁਰਜ ਹਨ, ਅਤੇ ਇਕ ਪੱਕੀ ਮਸੀਤ ਕਿਲੇ ਦੇ ਅੰਦਰਵਾਰ ਹੈ। ਬਸੋਂ ਚਾਰ ਪੰਜ ਸੈ ਘਰ, ਅਰ ਇਕ ਸੌ ਹੱਟ ਹੋਊ; ਅਤੇ ਕਿਲੇ ਦੇ ਗਿਰਦੇ ਪੱਕੀ ਗਲਾਫੀ ਖਾਈ ਹੈ; ਅਤੇ ਇਕ ਖੂਹ ਛੁੱਟ ਕਈਆਂ ਕੋਹਾਂ ਤੀ- ਕੁਰ ਕਿਲੇ ਦੇ ਦੁਆਲੇ ਹੋਰ ਕਿਧਰੇ ਪਾਣੀ ਹੈ ਨਹੀਂ। ਹੁਣ ਤੇ ਅਗੇ ਇਹ ਕਿਲਾ ਪਠਾਣਾਂ ਕੋਲ ਸਾ; ਪਰ ੧੨੩੧ ਸਨ ਹਿਜਰੀ ਵਿਚ ਮਹਾਰਾਜੇ ਰਣਜੀਤਸਿੰਘ ਨੈ ਮੋਰਚੇ ਲਾਕੇ ਡੇਢ ਮਹੀਨੇ ਤੀਕੁ ਘੇਰਾ ਪਾ ਛੱਡਿਆ, ਅਤੇ ਰੇਤ ਦੇ ਥਲਾਂ ਵਿਚ ਕੱਚੇ ਖੂਹ ਪੁਟਾ ਲਏ; ਓੜਕ ਲਚਾਰ ਹੋਕੇ ਪਠਾਣਾਂ ਨੈ ਸੁਲਾ ਕਰ ਲੀਤੀ, ਅਤੇ ਕਿਲਿਓਂ ਬਾਹਰ ਨਿੱਕਲਿਆਏ। ਹੁਣ ਕਈਕੁ ਪਿੰਡ ਜਗੀਰ ਬੈਠੇ ਖਾਂਦੇ ਹਨ॥

### Ḍerá Dínpanáh.

ਡੇਰਾ ਦੀਨਪਨਾਹ ਦਾ, ਦਰਿਆਉ ਸਿੰਧ ਥੋਂ, ਪੰਜ ਕੋਹ ਹੈ; ਉਹ ਦੀ ਬਸੋਂ ਦੋਕੁ ਹਜਾਰ ਘਰ, ਅਰ ਇਕ ਸੌ ਹੱਟ ਹੈ, ਅਤੇ ਦੀਨਪਨਾਹ ਨਾਮੇ ਪਠਾਣ ਦਾ ਬਸਾਇਆ ਹੋਇਆ ਹੈ, ਜਿਸ ਦੀ ਕਬਰ ਪੱਕੀ ਚੂਨੇ ਗੱਚ ਸਹਿਰ ਦੇ ਅੰਦਰਵਾਰ ਹੈ, ਅਤੇ ਇਕ ਪੱਕਾ ਗਲਾਫੀ ਕਿਲਾ, ਅਤੇ ਪੂਰਬ ਦੇ ਰੁਕ ਇਕ ਕੱਚਾ ਬਾਗ ਹੈ॥

### Lambá.

ਲੰਬਾ ਨਾਮੇ ਇਕ ਕਸਬਾ ਹੈ, ਜੋ ਮਨਕੇਰੇ ਦੇ ਕਿਲੇ ਥੀਂ ਸਤਾ- ਈ ਕੋਹ ਹੈ; ਉਥੇ ਛੇ ਹਜਾਰ ਘਰ, ਅਰ ਚਾਰ ਸੈ ਹੱਟ ਬਸਦੀ ਹੈ। ਅਤੇ ਪੋਪਲਜਈ, ਖਲੀਲਜਈ, ਅਰ ਬਾਰਕਜਈ ਪਠਾਣ ਅਰ ਬਲੋਚ ਲੋਕ ਉਥੇ ਦੇ ਵਸਨੀਕ ਹਨ; ਅਤੇ ਹਾਕਮ ਦੇ ਰਹਿਣ ਦਾ ਕਿਲਾ ਸਹਿਰ ਥੀਂ ਅੰਦਰਵਾਰ ਹੈ; ਅਤੇ ਦਰਿਆਉ ਸਿੰਧ

ਉਥੋਂ ਪੰਜ ਕੋਹ; ਅਤੇ ਦਰਿਆਉ ਦਾ ਨਲਾ ਪੱਛਮ ਦਾਉ ਕਸਬੇ ਲੰਬੇ ਦੇ ਹੇਠ ਵਗਦਾ ਹੈ, ਅਤੇ ਥਲ ਬੀ ਨੇੜੇ ਹੀ ਹਨ। ਪਰ ਸਹਿਰ ਦੇ ਦੁਆਲੇ ਖਜੂਰਾਂ ਅਰ ਸਤੂਤਾਂ ਅਤੇ ਅੰਬਾਂ ਦੇ ਬੂਟੇ ਬਹੁਤ ਹਨ ॥

Karor.

ਕਸਬਾ ਕਰੋੜ ਮਨਕੇਰੇ ਦੇ ਕਿਲੇ ਥੀਂ ਬਾਰਾਂ ਕੋਹ; ਉਹ ਦੀ ਧਰਤੀ ਵਡੀ ਚੰਗੀ, ਅਤੇ ਦਰਿਆਉ ਸਿੰਧ ਉਥੋਂ ਢਾਈ ਕੋਹ, ਅਤੇ ਥਲ ਚੌਹੁੰ ਕੋਹਾਂ ਪੁਰ ਹਨ। ਉਸ ਦੀ ਬਸੋਂ ਚਾਰ ਹਜਾਰ ਘਰ, ਅਰ ਦੋ ਸੈ ਹੱਟ ਹੈ; ਅਤੇ ਸਾਹਲਾਲ ਹੁਸੈਨ ਦਾ ਰੋਜਾ, ਜੋ ਬਹਾਉਲਹੱਕ ਮੁਲਤਾਨੀ ਦਾ ਚੇਲਾ ਸੀ, ਸਹਿਰੋਂ ਬਾਹਰ ਪੂਰਬ ਦੇ ਰੁਕ ਪੱਕਾ ਬਣਿਆ ਹੋਇਆ ਹੈ; ਅਤੇ ਉਸੇ ਦੀ ਉਲਾਦ ਦੀ ਜਿਮੀਦਾਰੀ ਹੈ ॥

Ḍerá Ismáil Khán, and Bhakkhar.

ਇਸਮਾਈਲਖਾਂ ਦਾ ਡੇਰਾ ਵਡਾ ਮਸਹੂਰ ਮਕਾਨ ਸਾ, ਪਰ ਹੁਣ ਉਜੜ ਪਿਆ ਹੈ; ਦਰਖਤਾਂ ਅਰ ਥੇਹ ਬਾਝ ਹੋਰ ਕੁਛ ਨਸਾਨੀ ਬਾਕੀ ਨਹੀਂ ਰਹੀ। ਅਤੇ ਇਸ ਡੇਰੇ ਥੀਂ ਭੱਖਰ ਬਾਰਾਂ ਕੋਹ ਹੈ। ਉਸ ਵਿਚ ਡੇਢ ਹਜਾਰ ਘਰ, ਅਤੇ ਇਕ ਸੌ ਹੱਟ, ਅਤੇ ਇਕ ਕੱਚਾ ਕਿਲਾ ਹੈ, ਜਿਹ ਦੇ ਬਾਰਾਂ ਬੁਰਜ ਹਨ; ਪਰ ਖਾਈ ਨਹੀਂ ॥

Nemal.

ਕਾਲੇ ਬਾਗਾਂ ਤੇ ਅਠਾਰਾਂ ਕੋਹ ਨੇਮਲ ਨਾਮੇ ਪਹਾੜ ਤਲੀ ਵਿਚ ਇਕ ਬਸਤੀ ਹੈ, ਜਿਸ ਵਿਚ ਇਕ ਹਜਾਰ ਘਰ, ਅਤੇ ਬਾਰਾਂ ਹੱਟਾਂ ਹਨ; ਅਪਰ ਉਥੇ ਘੋੜੇ ਵਡੇ ਚਲਾਕ ਅਤੇ ਤੇਜ ਪੈਦਾ ਹੁੰਦੇ ਹਨ ॥

Dhannígheb, Son, and Pinḍígheb.

ਧੰਨੀਘੇਬ ਅਰ ਸੋਨ ਦਾ ਮੁਲਖ ਬੀ ਇਸੇ ਦੁਆਬੇ ਵਿਚ

ਪਹਾੜ ਵਿਖੇ ਹੈ। ਉਹ ਦੇਸ ਘੋੜਿਆਂ ਬਾਬਤ ਬਹੁਤ ਮਸਹੂਰ ਹੈ; ਪਰ ਸੋਨ ਦੇ ਘੋੜੇ ਸੁਲਰੂਪ ਅਤੇ ਚਲਾਕੀ ਵਿਚ ਸਭ ਤੇ ਵਧੀਕ ਹਨ; ਅਤੇ ਖੱਚਰ ਬੀ ਬਹੁਤ ਹੀ ਤੇਜ ਹੁੰਦੀ ਹੈ। ਪਿੰਡੀ-ਘੇਬ ਇਕ ਕਸਬਾ ਹੈ, ਜਿਥੇ ਹਜਾਰ ਘਰ, ਅਤੇ ਸੱਤਰ ਹੱਟਾਂ ਬਸਦੀਆਂ ਹਨ। ਸੋਨ ਦੇ ਸਹਿਰ ਥੀਂ ਛਾਏ ਕੋਹ ਪੱਛਮ ਦੇ ਰੁਖ ਇਕ ਸੁੱਕਾ ਹੋਇਆ ਨਲ਼ਾ ਹੈ, ਜੋ ਬਰਸਾਤ ਨੂੰ ਉਸ ਥੀਂ ਲੰਘਣਾ ਔਖਾ ਹੈ; ਉਹ ਦੇ ਕੰਢੇ ਕੱਚਾ ਚੌਬੁਰਜਾ ਕਿਲਾ ਹੈ, ਅਤੇ ਕਿਲੇ ਤੇ ਅੰਦਰ ਇਕ ਖੂਹ ਹੈ॥

### Maujgaṛh.

ਮਨਕੇਰਿਓਂ ਦੇ ਕੋਹ ਥਲਾਂ ਵਿਚ ਮੌਜਗੜ੍ਹ ਨਾਮੇ ਵਡਾ ਭਾਰੀ ਕਿਲਾ ਹੈ, ਜੋ ਪਾਣੀ ਦੇ ਤੋੜੇ ਦੇ ਕਾਰਨ ਕੋਈ ਉਸ ਪੁਰ ਹੱਥ ਨਹੀਂ ਪਾ ਸਕਦਾ। ਕਿਲੇ ਦੀ ਅੰਬਾਰਤ ਅੰਦਰੋਂ ਪੱਕੀ, ਅਤੇ ਬਾਹਰੋਂ ਕੱਚੀ ਹੈ; ਅਤੇ ਦੁਹਾਂ ਵਿਚ ਦੋ ਖੂਹ ਅਤੇ ਬਾਰਾਂ ਬੁਰਜ ਹਨ॥

### Raṅgpur Kheṛá.

ਦਰਿਆਉ ਬਹਿਤ ਦੇ ਕੰਢੇ ਰੰਗਪੁਰਖੇੜਾ ਨਾਮੇ ਇਕ ਸਹਿਰ ਸੀ, ਪਰ ਹੁਣ ਬਹੁਤ ਅਬਾਦ ਨਹੀਂ; ਨਿਰੇ ਦੋ ਸੈ ਘਰ, ਅਰ ਪੰਜਾਹ ਹੱਟਾਂ ਬਸਦੀਆਂ ਹੋਣਗੀਆਂ॥

ਇਸ ਤੇ ਅੱਗੇ ੧੧੯੮ ਸਨ ਹਿਜਰੀ ਵਿਚ, ਜਾਂ ਸਿੱਖਾਂ ਨੈ ਮੁਲਤਾਨ ਮਾਰਿਆ ਸਾ, ਅਤੇ ਦਿਵਾਨਸਿੰਘੁ ਉਥੇ ਦਾ ਹਾਕਮ ਸੀ, ਤਾਂ ਓਨ ਇਸ ਰੰਗਪੁਰਖੇੜਿਆਂ ਵਿਚ ਸਹਿਰੋਂ ਬਾਹਰ ਮਸੀਤਾਂ ਅਤੇ ਜਿਮੀਦਾਰਾਂ ਦੀਆਂ ਹਵੇਲੀਆਂ ਛਾਹਕੇ ਕਿਲਾ ਬਣਵਾਇਆ ਸਾ; ਫੇਰ ਜਾਂ ਤਮੂਰਸਾਹ ਨੈ ਸਿੱਖਾਂ ਕੋਲੋਂ ਮੁਲ-ਤਾਨ ਲੈ ਲਿਆ, ਤਾਂ ਇਹ ਕਿਲਾ ਬੀ ਇਨ੍ਹਾਂ ਪਾਸੋਂ ਜਾਂਦਾ ਲੱਗਾ, ਅਤੇ ਮੁਜੱਫਰਖਾਂ ਦੇ ਕਾਬੂ ਆ ਗਿਆ; ਅਤੇ ਉਸ ਕੋਲੋਂ ਫੇਰ ਮੁਲਤਾਨ ਸਿੱਖਾਂ ਦੇ ਹੱਥ ਚੜ੍ਹ ਗਿਆ। ਅਤੇ ਰੰਗਪੁਰ-

ਖੇੜਿਆਂ ਤੇ ਬਾਹਰ ਬੀਬੀ ਹੀਰ ਅਰ ਮੀਏਂ ਰਾਂਝੇ ਦਾ ਮਕਾਨ ਹੈ, ਜੋ ਆਪਸ ਵਿਚ ਆਸਕ ਮਸੂਕ ਸਨ; ਅਤੇ ਉਨ੍ਹਾਂ ਦਾ ਝੇੜਾ ਪੰਜਾਬ ਦੇ ਲੋਕਾਂ ਵਿਚ ਅੱਤ ਮਸਹੂਰ ਹੈ। ਅਤੇ ਇਹ ਸਹਿਰ ਹੀਰ ਦੇ ਸਾਹੁਰਿਆਂ ਦਾ, ਅਤੇ ਝੰਗਸਿਆਲ ਉਹ ਦੇ ਮਾਪਿਆਂ ਦਾ ਸਾ; ਅਤੇ ਰਾਂਝਾ ਸਹਿਰ ਹਜਾਰੇ ਦਾ ਵਸਕੀਲ ਸੀ॥

### Garh Mahárájá.

ਗੜ੍ਹ ਮਹਾਰਾਜਾ ਰੰਗਪੁਰੋਂ ਬਾਈ ਕੋਹ ਉੱਪਰਲੇ ਪਾਸੇ ਇਕ ਮਸਹੂਰ ਕਸਬਾ ਹੈ, ਜਿਸ ਵਿਚ ਚਾਰ ਸੈ ਘਰ, ਅਤੇ ਪੰਜਾਹ ਹੱਟਾਂ ਹਨ, ਅਤੇ ਸਹਿਰਪਨਾਹ ਕੱਚੀ, ਦਰਿਆਉ ਬਹਿਤ ਉਤਰ ਦੇ ਰੁਕ ਦੋ ਕੋਹ, ਅਤੇ ਉਤੀ ਜਾਗਾ ਰਾਜ ਘਾਟ ਹੈ॥

### Khusháb.

ਖੁਸਾਬ ਇਕ ਮਸਹੂਰ ਸਹਿਰ ਹੈ, ਜਿਥੇ ਦੋ ਹਜਾਰ ਘਰ, ਅਰ ਦੋ ਸੈ ਹੱਟ ਹੋਊ; ਅਤੇ ਉਸ ਥੀਂ ਦੱਖਣ ਦੇ ਪਾਸੇ ਇਕ ਪੱਕਾ ਕਿਲਾ ਹੈ, ਕਿ ਜਿਹ ਦੇ ਗਿਰਦੇ ਖਾਈ ਕੱਚੀ ਹੈ; ਅਤੇ ਇਹ ਕਿਲਾ ਜਾਫਰ ਬਲੋਚ ਦਾ ਬਣਾਇਆ ਹੋਇਆ ਸਾ॥

### Mitthá Ṭuháṇá.

ਮਿੱਠਾਟੁਹਾਣਾ ਖੁਸਾਬ ਤੇ ਚਾਰ ਕੋਹ ਉਜਾੜ ਦੇ ਰਸਤੇ ਥਲਾਂ ਵਿਚ ਹੈ; ਉੱਥੇ ਦੀ ਜਿਮੀਦਾਰੀ ਬਲੋਚ ਲੋਕਾਂ ਦੀ ਹੈ, ਜੋ ਊਠ ਬਹੁਤ ਰਖਦੇ, ਅਤੇ ਜੰਗੀ ਅਰ ਸੂਰਮੇ ਲੋਕ ਹਨ। ਉੱਥੇ ਦੀ ਬਸੋਂ ਦੋ ਹਜਾਰ ਘਰ, ਅਰ ਪੰਜੀ ਹੱਟਾਂ, ਅਤੇ ਇਕ ਕੱਚਾ ਚੌਬੁਰਜਾ ਕਿਲਾ ਹੈ; ਅਤੇ ਫਸਲ ਮੀਂਹ ਨਾਲ ਹੁੰਦੀ ਹੈ। ਇਸ ਦੁਆਬੇ ਵਿਚ ਲੂਣ ਦੀਆਂ ਖਾਣਾਂ ਹਨ, ਅਤੇ ਉਸ ਲੂਣ ਨੂੰ ਲਹੌਰੀ ਲੂਣ ਆਖਦੇ ਹਨ, ਅਤੇ ਲੂਣ ਦੀ ਖਾਣ ਤਾਈਂ ਖਾਣਾ ਕਰਕੇ ਬੀ ਕਹਿੰਦੇ ਹਨ। ਲੂਣ ਦੇ ਪਹਾੜ ਲਾਲ ਰੰਗ ਦੇ ਹੁੰਦੇ

ਹਨ, ਅਤੇ ਉਨ੍ਹਾਂ ਪਹਾੜਾਂ ਵਿਚ ਕਉ ਛੁੱਟ ਹੋਰ ਬਿਰਛ ਥੁਹੁੜੇ ਹਨ। ਅਤੇ ਇਸ ਪਹਾੜ ਦੇ ਚੁਸਮਿਆਂ ਦਾ ਪਾਣੀ ਸਰਬੱਤ ਖਾਰਾ ਹੈ। ਇਸ ਜਿਲੇ ਦੇ ਲੋਕ ਲੂਣ ਪੱਟਣ ਦੀ ਕਿਰਤ ਵਿਚ ਬਹੁਤ ਰੁੰਨੇ ਰਹਿੰਦੇ ਹਨ; ਅੱਧਾ ਲੂਣ ਆਪ ਲੈਂਦੇ ਹਨ, ਅਤੇ ਅੱਧਾ ਹਾਕਮ ਨੂੰ ਦਿੰਦੇ ਹਨ। ਅਤੇ ਹਾਕਮ ਉਨ੍ਹਾਂ ਪੱਟਣਵਾਲ਼ਿਆਂ ਪਾਹੋਂ ਰੁਪੱਯੇ ਦਾ ਸਤਮਣਾ ਖਰੀਦਕੇ, ਆਪ ਤਿਮਣਾ ਵੇਚਦਾ ਹੈ॥

ਇਸ ਪਹਾੜ ਵਿਚ ਹੋਰ ਕਈ ਪਿੰਡ ਅਬਾਦ ਹਨ; ਜਿਹੇਕੁ ਨੂਣਮਿਆਣੀ, ਅਰ ਦਾਦਨਖਾਂ ਦਾ ਪਿੰਡ; ਪਰ ਇਹ ਸਹਿਰ ਵੇ ਜਾਗਾ ਬਸਦਾ ਹੈ, ਜਿਸ ਵਿਚ ਛੇ ਹਜਾਰ ਘਰ, ਅਰ ਪੰਜ ਸੈ ਹੱਟ ਅਬਾਦ ਹੈ; ਕਿਉਂਕਿ ਲੂਣ ਬਿਹਾਜਣਵਾਲੇ ਬੁਪਾਰੀ ਉਥੇ ਬਹੁਤ ਜਾਂਦੇ ਹਨ; ਉਥੇ ਦੀ ਰੌਣਕ ਅਤੇ ਅਬਾਦੀ ਸੰਭ ਲੂਣ ਹੀ ਦੀ ਗਾਹਕੀ ਦੇ ਸਬਬ ਹੈ। ਬੁਪਾਰੀ ਲੋਕ ਉਥੋਂ ਦੂਰ ਦੂਰ ਤੀਕੁ ਲੂਣ ਲੈ ਜਾਂਦੇ ਹਨ; ਅਤੇ ਕਾਰੀਗਰ ਲੂਣ ਦੇ ਤਬਾਖ ਅਰ ਰਕੇਬੀਆਂ ਅਰ ਨੂਠੇ ਪਿਆਲੇ ਅਤੇ ਦੀਉਟਾਂ ਬਣਾਕੇ ਬੁਪਾਰੀਆਂ ਹੱਥ ਵੇਚ ਦਿੰਦੇ ਵਨ, ਅਤੇ ਬੁਪਾਰੀ ਸੁਗਾਤ ਕਰਕੇ ਮੁਲਖਾਂ ਨੂੰ ਲੈ ਜਾਂਦੇ ਹਨ॥

Jihlam.

ਜਿਹਲਮ ਦਰਿਆਉ ਬਹਿਤ ਦੇ ਕੰਢੇ ਇਕ ਕਸਬਾ ਹੈ, ਕਿ ਜਿਸ ਵਿਚ ਸੱਤ ਸੈ ਘਰ, ਅਰ ਇਕ ਸੌ ਹੱਟ ਹੈ। ਅਤੇ ਇਸ ਜਾਗਾ ਦੀ ਅਬਾਦੀ ਬੀ ਲੂਣ ਹੀ ਦੇ ਸਬਬ ਹੈ; ਕਿਉਂਕਿ ਲੂਣ ਦੀਆਂ ਬੇੜੀਆਂ ਭਰਕੇ, ਇਸ ਸਹਿਰ ਵਿਚ ਲਿਆ ਢਾਲ਼ਦੇ ਹਨ, ਅਤੇ ਸਹਿਰੋਂ ਬਾਹਰ ਲੂਣ ਦੇ ਵਡੇ ਵਡੇ ਢੇਰ ਲਾ ਦਿੰਦੇ ਹਨ; ਅੱਗੇ ਉੱਥੋਂ ਬੁਪਾਰੀ ਲੋਕ ਟੱਟੂਆਂ ਖੱਚਰਾਂ ਅਤੇ ਬਲ਼ਦਾਂ ਉਪੁਰ ਲੱਦਕੇ, ਕਸਮੀਰ ਦੇ ਪਹਾੜ ਨੂੰ ਲੈ ਜਾਂਦੇ ਹਨ। ਅਤੇ

ਲੂਲ ਦੇ ਮਸੂਲ ਦਾ ਹਾਕਮ ਨੂੰ ਬਹੁਤ ਪੈਸਾ ਹਥ ਲਗਦਾ ਹੈ। ਅਤੇ ਇਸੀ ਸਹਿਰ ਦੇ ਨਾਉਂ ਪੁਰ ਦਰਿਆਉ ਬਹਿਤ ਨੂੰ ਜਿਹਲਮ ਬੀ ਆਖਦੇ ਹਨ; ਜਿਹਾਕੁ ਦਰਿਆਉ ਸਿੰਧ ਕਿਲੇ ਦੇ ਨਾਉਂ ਪੁਰ ਅਟਕ ਸਦਾਉਂਦਾ ਹੈ। ਅਤੇ ਰਾਜ ਘਾਟ ਇਸੀ ਜਾਗਾ ਹੈ॥

Rutás.

ਰੁਤਾਸ ਦਾ ਕਿਲਾ ਜਿਹਲਮ ਤੇ ਸੱਤ ਕੋਹ ਸੇਰਸਾਹ ਸੂਰਮੇ ਦਾ ਬਲਵਾਇਆ ਹੋਇਆ ਹੈ, ਕਿ ਜਿਨੀਂ ਦਿਨੀਂ ਹਮਾਉਂ ਪਾਤਸਾਹ ਸੇਰਸਾਹ ਥੋਂ ਭਜਕੇ ਇਰਾਨ ਨੂੰ ਚਲਾ ਗਿਆ, ਤਿਨੀਂ ਦਿਨੀਂ ਸੇਰਸਾਹ ਨੈ ਮੁਲਖ ਦੇ ਬੰਨੇ ਦੇ ਸਿਰ ਪੁਰ ਇਹ ਕਿਲਾ ਪਵਾਕੇ, ਬਾਰਾਂ ਹਜਾਰ ਅਸਵਾਰ ਖੁਆਸਖਾਂ ਦੇ ਤਾਬੇ ਕਰਕੇ, ਜੋ ਵਡਾ ਸੂਰਮਾ ਸਪਾਹੀ ਥਾ, ਇਸ ਕਿਲੇ ਵਿਚ ਤਈਨਾਤ ਕੀਤਾ; ਤਾਂ ਮੁਗਲਾਂ ਦਾ ਲਸਕਰ ਏਕਾ ਏਕੀ ਪੰਜਾਬ ਪੁਰ ਨਾ ਆਲ ਪਵੇ; ਅਤੇ ਨਾ ਗੱਖੜ, ਜੋ ਉਸ ਵੇਲੇ ਆਕੀ ਸੇ, ਕੁਛ ਪਸਾਦ ਕਰ ਸੱਕਨ॥

ਇਹ ਕਿਲਾ ਪਹਾੜਾਂ ਵਿਚ ਹੈ; ਅਤੇ ਪਕਿਆਈ ਅਰ ਉਚਿਆਈ ਦੇ ਕਾਰਨ ਪਹਾੜ ਵਰਗਾ ਦਿਖਾਲੀ ਦਿੰਦਾ ਹੈ; ਅਤੇ ਇਸ ਕਿਲੇ ਦਾ ਗਿਰਦਾ ਢਾਈਆਂ ਕੋਹਾਂ ਵਿਚ ਹੈ; ਅਤੇ ਕ੍ਰਿਲੇ ਦੀ ਸਫੀਲ ਚੌਬੀ ਹੱਥ ਚੌੜੀ, ਅਤੇ ਪੱਥਰ ਅਰ ਚੂਨੇ ਦਾ ਅਜਿਹਾ ਪੱਕਾ ਅਤੇ ਡਾਢਾ ਬਣਿਆ ਹੋਇਆ ਹੈ, ਜੋ ਇਕ ਪੱਥਰ ਦਾ ਤੱਗ ਮਲੂਮ ਪੈਂਦਾ ਹੈ; ਅਤੇ ਉਸ ਕਿਲੇ ਦੇ ਬਾਰਾਂ ਦਰਵੱਜੇ ਹਨ, ਜੋ ਹਰੇਕ ਮਜਬੂਤੀ ਵਿਖੇ ਕਿਲੇ ਵਰਗਾ ਹੈ; ਪਰ ਖਾਸਖਾਨੇ ਅਰ ਲੰਗਰਖਾਨੇ ਦੇ ਦਰਵੱਜੇ, ਅਤੇ ਕਾਬੁਲੀ ਅਰ ਸੋਹੱਲੀ ਦਰਵੱਜੇ ਦੀ ਅੰਬਾਰਤ ਉਚਿਆਈ ਅਰ ਤਕੜਾਈ ਵਿਚ ਅਜਿਹੀ ਡਾਢੀ ਬਣੀ ਹੋਈ ਹੈ, ਜੋ ਕੋਈ ਅੰਦਰੋਂ ਬਾਹਰੋਂ ਉਸ

ਪੁਰ ਹੱਥ ਨਹੀਂ ਪਾ ਸਕਦਾ। ਜਾਂ ਹਮਾਊਂ ਪਾਤਸਾਹ ਨੈ ਫੇਰ ਹਿੰਦੁਸਥਾਨ ਲੀਤਾ, ਅਤੇ ਉਹ ਦੇ ਪੁੱਤ ਅਕਬਰ ਪਾਤਸਾਹ ਨੈ ਹਿੰਦ ਦੇਸ ਉੱਤੇ ਅੱਛੀ ਤਰਾਂ ਕਾਬੂ ਪਾ ਲਿਆ, ਤਾਂ ਓਨ ਇਸ ਕਿਲੇ ਨੂੰ ਚੰਦਰਾ ਗਿਣਕੇ ਮਨੋਂ ਉਤਾਰ ਦਿੱਤਾ, ਅਤੇ ਕਦੇ ਟੁਟੇ ਭੱਜੇ ਦੀ ਮੁਰੰਮਤ ਨਾ ਕੀਤੀ। ਹੁਣ ਬਹੁਤ ਚਿਰ ਬਤੀਤ ਹੋਣ ਕਰਕੇ, ਕਿਲੇ ਦੀਆਂ ਕੰਧਾਂ ਬਹੁਤ ਜਾਗਾ ਤੇ ਢੈਹਿ ਗਈਆਂ ਹਨ, ਅਤੇ ਜੰਗਲੀ ਮਿਰਗਾਂ ਦੇ ਰਹਿਣ ਦੀ ਜਾਗਾ ਹੋ ਗਿਆ ਹੈ; ਪਰ ਉੱਤਰ ਦੇ ਖੂੰਜੇ ਦੀ ਵਲ ਛੇਕੁ ਸੈ ਘਰ, ਅਤੇ ਡੇਢਕੁ ਸੈ ਹੱਟਾਂ ਅ-ਬਾਦ ਹਨ, ਅਤੇ ਹੋਰ ਸਾਰਾ ਕਿਲਾ ਉਜੜ ਪਿਆ ਹੈ। ਅਤੇ ਪਾਤਸਾਹੀ ਮਹਿਲ ਹੁਣ ਸਭ ਉੱਜੜ ਪਏ ਹਨ, ਨਿਰੀ ਇਕ ਵਡੀ ਮਸੀਤ ਲੰਗਰਖਾਨੇ ਅਰ ਕਾਬੁਲੀ ਦਰਵੱਜੇ ਦੀ ਵਲ ਖੜੀ ਸੀ। ਇਸ ਪਾਸੇ ਤੇ ਕਿਲੇ ਦੀ ਸਫੀਲ ਵਡੀ ਮਜਬੂਤ ਅੰਤੇ ਉੱਚੀ ਹੈ, ਅਤੇ ਇਸ ਪਾਸੇ ਛੁੱਟ ਕਿਲੇ ਦੇ ਹੋਰ ਸਭਨੀਂ ਪਾਸੀਂ ਪਹਾੜ ਹੈ। ਅਤੇ ਇਸ ਪਾਸੇ ਦੀ ਬਾਹੀ ਦੇ ਹੇਠ ਘਾਣ ਨਾਮੇ ਇਕ ਨਲਾ ਵਗਦਾ ਹੈ, ਅਤੇ ਉਥੇ ਇਕ ਖੁਲਾ ਮਦਾਨ ਹੈ, ਅਤੇ ਇਹ ਨਲਾ ਵਡਾ ਚੌੜਾ ਹੈ, ਪਰ ਸਾਰਾ ਸਾਲ ਸੁੱਕਾ ਰਹਿੰਦਾ ਹੈ; ਨਿਰਾ ਕਿਲੇ ਦੀ ਅਲੰਗ ਦੇ ਹੁਕ ਬੁਹੁੜਾ ਜਿਹਾ ਪਾਣੀ ਚਲਦਾ ਹੈ; ਪਰ ਬਰਸਾਤ ਦੀ ਰੁੱਤੇ ਵਡੇ ਜੋਰ ਵਿਚ ਵਗਦਾ ਹੈ। ਅਤੇ ਦਰਵੱਜੇ ਤੇ ਬਾਹਰ ਘਾਣ ਨਾਮੇ ਇਕ ਮਸਹੂਰ ਚੁਸਮਾ ਹੈ, ਜੋ ਸਦਾ ਵਗਦਾ ਰਹਿੰਦਾ ਸੀ; ਹੁਣ ਸਿੱਖਾਂ ਦੇ ਰਾਜ ਵਿਚ ਅਕਾਲੀ-ਆਂ, ਅਰਥਾਤ ਨਾਨਕ ਪੰਥੀ ਫਕੀਰਾਂ ਨੈ ਇਸ ਚੁਸਮੇ ਉਪੁਰ ਅੰਬਾਰਤਾਂ ਅਰ ਬੈਠਕਾਂ ਬਣਾ ਲਈਆਂ ਹਨ; ਕਹਿੰਦੇ ਹਨ, ਜੋ ਇਸ ਚੁਸਮੇ ਦੇ ਕੰਢੇ ਬਾਵਾ ਨਾਨਕ ਕਈਕੁ ਦਿਨ ਬੈਠ ਚੁਕਾ ਹੈ; ਇਸ ਕਰਕੇ ਸਿੱਖ ਲੋਕ ਉਸ ਨੂੰ ਤੀਰਥ ਦੀ ਜਾਗਾ ਸਮਝਦੇ ਹਨ। ਅਤੇ ਆਮ ਲੋਕ ਕਹਾਣੀਆਂ ਵਿਚ ਇਸ ਪਰਕਾਰ ਚਰਚਾ

ਕਰਦੇ ਹਨ, ਕਿ ਪਾਤਸਾਹ ਨੈ ਇਸ ਚੁਸਮੇ ਦੇ ਕਿਲੇ ਵਿਚ ਲਿਆਉਣ ਲਈ ਬਹੁਤ ਚਾਹਿਆ, ਪਰ ਨਾ ਲਿਆ ਸੱਕਿਆ; ਬਲਕ ਜਿਸ ਵੇਲੇ ਉਸ ਦੇ ਦੁਆਲੇ ਕੰਧਾਂ ਉਸਾਰਨ ਲੱਗੇ, ਤਾਂ ਉਹ ਦਾ ਪਾਣੀ ਅੰਦਰੋਂ ਸੁੱਕਕੇ ਕਿਲੇ ਥੀਂ ਬਾਹਰ ਰਸਦਾ ਸਾ। ਆਖਦੇ ਹਨ, ਜੋ ਦਰਵਜੇ ਦੇ ਪੱਥਰ ਉਪੁਰ ਤਲਾਕ ਲਿਖੀ ਹੋਈ ਹੈ, ਜੋ "ਕੋਈ ਪਾਤਸਾਹ ਇਸ ਕਿਲੇ ਦੇ ਅੰਦਰ ਨਾ ਵੜੇ, ਜਦ ਤੀਕੁਰ ਇਸ ਚੁਸਮੇ ਨੂੰ ਕਿਲੇ ਦੇ ਅੰਦਰ ਨਾ ਲਿਆਵੇ;" ਇਸ ਕਰਕੇ ਉਸ ਕਿਲੇ ਵਿਚ ਕੋਈ ਪਾਤਸਾਹ ਨਹੀਂ ਵੜਦਾ। ਖਾਣ ਨਾਮੇ ਨਲੇ ਤੇ ਪਾਰ ਮਦਾਨ ਵਿਚ ਇਕ ਪਾਤਸਾਹੀ ਸਰਾਂ ਥੀ, ਸੋ ਹੁਣ ਉਜੜ ਪਈ ਹੈ, ਅਤੇ ਇਸ ਕਿਲੇ ਦੇ ਲੋਕ ਇਸ ਨਲੇ ਦਾ ਪਾਣੀ ਪੀਂਦੇ ਹਨ; ਅਤੇ ਕਿਲੇ ਦੇ ਵਿਚ ਬੀ ਕਈ ਖੂਹੇ ਪੱਥਰ ਵਿਚ ਉੱਕਰੇ ਹੋਏ ਹਨ, ਪਰ ਤਿਨਾਂ ਵਿਚ ਪਾਣੀ ਬਹੁਤ ਡੂਹੁੰਘਾ ਹੈ। ਅਤੇ ਇਕ ਪੌੜੀਆਂਵਾਲੀ ਬਾਉੜੀ ਅਜਿਹੀ ਡੂੰਘੀ ਹੈ, ਜੋ ਆਦਮੀ ਦੀ ਨਿਗਾ ਉਹ ਦੇ ਥੱਲੇ ਤੀਕੁਰ ਨਹੀਂ ਅੱਪੜਦੀ; ਨਿਰਾ ਧੂਆਂ ਜਿਹਾ ਨਜਰੀ ਆਉਂਦਾ ਹੈ। ਉਹ ਦੀਆਂ ਇਕ ਸੌ ਇਕਾਸੀ ਪੌੜੀਆਂ ਇਕ ਕਾਲੇ ਰੰਗ ਪੱਥਰ ਦੀਆਂ ਹਨ, ਅਤੇ ਉਹ ਖੂਹਾ ਹੁਣ ਉਜਾੜ ਵਿਚ ਸੁੱਕਾ ਪਿਆ ਹੈ। ਅਤੇ ਰੁਤਾਸ ਦੇ ਕਿਲੇ ਥੀਂ ਬਾਲਨਾਥ ਜੋਗੀ ਦਾ ਪਹਾੜ ਸੱਤ ਕੋਹ ਹੈ, ਅਤੇ ਉਸ ਪਹਾੜ ਦਾ ਨਾਉਂ ਬੀ ਬਾਲਨਾਥ ਦੇ ਨਾਉਂ ਪੁਰ ਮਸਹੂਰ ਹੋ ਗਿਆ ਹੋਇਆ ਹੈ; ਹੁਣ ਤੀਕੁਰ ਉਥੇ ਜੋਗੀ ਰਹਿੰਦੇ ਹਨ, ਅਤੇ ਗਾਈਆਂ ਮਹੀਆਂ ਬਹੁਤ ਰਖਦੇ ਹਨ, ਅਤੇ ਆਇਆਂ ਗਇਆਂ ਰਾਹੀਆਂ ਨੂੰ ਦੁੱਧ ਪਿਲਾਉਂਦੇ ਹਨ। ਇਸ ਪਹਾੜ ਵਿਚ ਸਭ ਚੁਸਮੇ ਖਾਰੇ ਹਨ; ਉਨਾਂ ਦਾ ਪਾਣੀ ਗਿਲਹੜ ਦੇ ਹੱਕ ਬਹੁਤ ਚੰਗਾ ਹੈ, ਅਤੇ ਉਸ ਪਾਣੀ ਪੀਤਿਆਂ ਉਵੇਂ ਦਸਤ ਲੱਗ ਜਾਂਦੇ ਹਨ, ਅਤੇ ਕਫ ਦੇ ਬਕਾਰ ਨੂੰ ਬੀ ਖੰਡ

ਦਿੰਦਾ ਹੈ, ਅਤੇ ਅਪਰੈਲ ਦੇ ਮਹੀਨੇ ਦੂਰ ਦੂਰ ਤੇ ਲੋਕ ਉਥੇ ਜਾਂਦੇ ਹਨ। ਅਤੇ ਇਸ ਪਹਾੜ ਤੇ ਨੇੜੇ ਇਕ ਵਡਾ ਡੂੰਘਾ ਚੁਸਮਾ ਹੈ, ਜਿਹ ਨੂੰ ਕਟਾਸ ਕਰਕੇ ਆਖਦੇ ਹਨ, ਅਤੇ ਉਹ ਹਿੰਦੂਆਂ ਦੇ ਤੀਰਥ ਦੀ ਜਾਗਾ ਹੈ। ਕਹਿੰਦੇ ਹਨ, ਜੋ ਧਰਤੀ ਦੋ ਅੱਖਾਂ ਧਰਦੀ ਹੈ; ਇਕ ਸੱਜੀ, ਜੋ ਅਜਮੇਰ ਗਿਰਦੇ ਪੁਹੁਕਰ ਦਾ ਤਲਾਉ ਹੈ; ਅਤੇ ਦੂਜੀ ਖੱਬੀ, ਜੋ ਇਹ ਕਟਾਸ ਹੈ। ਅਤੇ ਬਹੁਤ ਜੋਗੀ ਲੋਕ ਦੂਰ ਦੂਰ ਥੀਂ ਇਸ ਚੁਸਮੇ ਪੁਰ ਆਕੇ ਅਸਨਾਨ ਕਰਦੇ, ਅਰ ਪਰਿਤਦਾਨ ਸਮਝਦੇ ਹਨ॥

Bishandaur and Bakráḷá.

ਬਿਸਨਦੌਰ ਅਤੇ ਬਕਰਾਲੇ ਵਿਚ ਹਜਾਰ ਹਜਾਰ ਘਰ ਬਸਦੇ ਹਨ। ਇਥੋਂ ਲੈਕੇ ਧੰਨੀਘੇਬ ਦੇ ਬੰਨੇ ਲਗ ਸਭ ਪੋਠੋਹਾਰ ਦਾ ਮੁਲਖ ਹੈ; ਉਥੇ ਦੇ ਘੋੜੇ ਅਰ ਖੱਚਰਾਂ ਬਹੁਤ ਹੀ ਚਲਾਕ ਹੁੰਦੀ- ਆਂ ਹਨ, ਅਤੇ ਉਥੇ ਦੇ ਵਸਕੀਣ ਸਰਬੱਤ ਮੁਸਲਮਾਨ, ਅਰ ਬਹੁਤੇ ਕੁਰਾਨ ਦੇ ਹਾਫਜ ਹਨ। ਅਤੇ ਇਸ ਸਿੰਧ ਸਾਗਰ ਦੇ ਦੁਆਬੇ ਵਿਚ, ਜੋ ਪਹਾੜੋਂ ਲੈਕੇ ਦੁਹਾਂ ਦਰਿਆਵਾਂ ਦੇ ਕੱਠ ਦੀ ਜਾਗਾ ਤੀਕੁ ਹੈ, ਸੁਰਬੱਤ ਮੁਸਲਮਾਨ ਹੀ ਬਸਦੇ ਹਨ; ਹਿੰਦੂਆਂ ਦਾ ਦੀਨ ਅਰ ਜਿਮੀਦਾਰੀ ਬਹੁਤ ਥੁਹੜੀ ਹੈ; ਇਸੀ ਸਬਬ ਸਦਾ ਸਿੱਖਾਂ ਨਾਲ਼ ਦੀਨੀ ਲੜਾਈ ਲੜਿਆ ਕਰਦੇ ਸੇ; ਪਰ ਜਾਂ ਕਿਸੇ ਵਲੋਂ ਕੁੰਮਕ ਦੀ ਆਸ ਨਾ ਰਹੀ, ਤਾਂ ਲਚਾਰ ਹੋਕੇ ਤਾਬੇਦਾਰ ਬਣ ਗਏ, ਤਾਂ ਭੀ ਸਿਖ ਉਨ੍ਹਾਂ ਪੁਰ ਬਿਲਕੁੱਲ ਕਾਬੂ ਨਾ ਪਾ ਸੱਕੇ; ਕਿੰਉਕਿ ਇਕ ਤਾ ਓਹ ਲੋਕ ਵਡੇ ਤਕੜੇ ਹਨ, ਅਤੇ ਦੂਜਾ ਇਹ, ਕਿ ਉਸ ਦੇਸ ਵਿਚ ਪਾਣੀ ਦਾ ਵਡਾ ਤੋੜਾ ਅਤੇ ਰਸਤੇ ਬਹੁਤ ਔਖੇ ਹਨ। ਇਸ ਦੁਆਬੇ ਦੇ ਲੋਕਾਂ ਦਾ ਭਰਾਵਾ ਜੁਦਾ ਜੁਦਾ ਹੈ; ਜਿਹਾਕੁ ਪੋਠੋਹਾਰੀਆਂ ਦਾ ਭਰਾਵਾ ਰਾਉਲਪਿੰਡੀ ਦੀ ਹੱਦ ਤੀਕੁਰ ਪਹਾੜੀਆਂ ਅਰ ਖੱਖੜਾਂ ਨਾਲ਼

ਮਿਲ਼ਦਾ ਹੈ, ਅਤੇ ਛੱਛ ਅਰ ਹਜਾਰੇ ਅਰ ਅਟਕ ਦੇ ਵਸਕੀ-ਲਾਂ ਦਾ ਭਰਾਵਾ ਬਲਾਇਤ ਅਰ ਪਸੌਰ ਦੇ ਲੋਕਾਂ ਨਾਲ਼ ਰਲ਼ਦਾ ਹੈ; ਅਤੇ ਜਿਹੜੇ ਲੋਕ ਦਰਿਆਉ ਬਹਿਤ (ਜਿਹਲਮ) ਦੇ ਕੰਢੇ, ਅਤੇ ਥਲ਼ਾਂ ਅਰ ਬਲੋਚਿਸਤਾਨ ਦੇ ਮੁਲਖ ਵਿਚ ਬਸਦੇ ਹਨ, ਤਿਨਾਂ ਦਾ ਭਰਾਵਾ ਹੋਰ ਡੌਲ ਦਾ ਹੈ; ਅਰਥਾਤ ਓਹ ਸਾਰੇ ਸਿਰ ਉਪੁਰ ਬਾਲ਼ ਰਖਦੇ ਹਨ, ਅਤੇ ਤੰਬੇ ਨਹੀਂ ਪਹਿਨਦੇ; ਬਲਕ ਤੰਬੇ ਦੇ ਬਦਲੇ ਚਾਦਰ ਲੱਕ ਬੰਨਦੇ ਹਨ; ਅਤੇ ਇਸੀ ਪਰਕਾਰ ਉਨਾਂ ਦੀ ਬੋਲੀ ਵਿਚ ਬੀ ਬੁਹੁੜਾ ਫਰਕ ਹੈ। ਬਾਜਿਆਂ ਦੀ ਲਹੌਰੀ ਬੋਲੀ ਨਾਲ਼ ਮਿਲ਼ਦੀ ਹੈ, ਅਤੇ ਬੁਹੁੜਿਆਂਕੁ ਦੀ ਪਸਤੋ ਨਾਲ਼, ਅਤੇ ਕਈਆਂ ਦੀ ਮੁਲਤਾਨੀ ਅਰ ਸਿੰਧੀ ਬੋਲੀ ਨਾਲ਼ ਰਲ਼ਦੀ ਹੈ। ਅਤੇ ਉਨਾਂ ਦੇ ਖੇਤ ਸਿੰਜਲ ਦਾ ਰਾਹ ਬੀ ਆਪੋ ਆਪਣਾ ਅੱਡੋ ਅੱਡ ਹੈ। ਕਿਧਰੇ ਚਰਖੀ, ਅਰ ਕਿਧਰੇ ਨਹਿਰਾਂ ਨਾਲ਼ ਸਿੰਜਦੇ ਹਨ; ਅਤੇ ਥਲ਼ਾਂ ਅਰ ਬਲੋਚਾਂ ਦੇ ਮੁਲਖ ਵਿਚ ਮੀਂਹ ਪੁਰ ਖੇਤੀ ਹੁੰਦੀ ਹੈ। ਇਸ ਦੁਆਬੇ ਵਿਚ ਮਨਕੇਰੇ ਦੇ ਬੰਨੇ ਤੀਕੁਰ, ਸਿੱਖਾਂ ਦਾ ਰਾਜ ਹੈ; ਅਤੇ ਜਿਥੇ ਦੋਨੋ ਦਰਿਆਉ ਜਾਕੇ ਕੱਠੇ ਹੁੰਦੇ ਹਨ, ਤਿਥੇ ਨਬਾਬ ਬਹਾਉਲਪੁਰੀਏ ਅਰ ਸਿੰਧੀਆਂ ਦਾ ਰਾਜ ਹੈ। ਅਤੇ ਇਸ ਦੁਆਬੇ ਦੇ ਛਿਤਾਲ਼ੀ ਮਹਾਲ ਹਨ, ਜਿਨਾਂ ਵਿਚੋਂ ਬੈਤਾਲ਼ੀ ਲਹੌਰ ਦੇ ਤਾਬੇ, ਅਤੇ ਚਾਰ ਮੁਲਤਾਨ ਨੂੰ ਲਗਦੇ ਹਨ॥

CALCUTTA PUBLICK LIBRARY